ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ : 4 ਅੰਕ : 09 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਸਤੰਬਰ 2013



19 ਸਤੰਬਰ 1893 : ਔਰਤਾਂ ਨੂੰ ਵੋਟ ਦਾ ਅਧਿਕਾਰ ਦੇਣ ਵਾਲਾ ਪਹਿਲਾ ਮੁਲਕ ਬਣਿਆ ਨਿਊਜ਼ੀਲੈਂਡ



ਕਨੇਡੀਅਨ ਸਰਕਾਰ ਵੀ ਕਰਦੀ ਹੈ ਆਪਣੇ ਲੋਕਾਂ ਦੀ ਜਾਸੂਸੀ ਪੰਨਾ-3



ਸੁਖਬੀਰ ਬਾਦਲ ਫਿਰ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਸਰਦਾਰ ਪੰਨਾ-9



ਕਲਾਕਾਰਾਂ ਨੇ ਵੀ ਸਮਾਜਕ ਜੀਵਨ ਵਿਚ ਹੀ ਰਹਿਣਾ ਹੈ : ਦਵਿੰਦਰ ਦਮਨ ਪੰਨਾ-27



ਪ੍ਰਕਾਸ਼ ਝਾ ਦਾ ਵਪਾਰਕ 'ਸਤਿਆਗ੍ਰਹਿ' ਪੰਨਾ-46

# ਦਿੱਲੀ ਗੈਂਗ ਰੇਪ : ਬਹਿਸ ਪੂਰੀ, ਸਜ਼ਾ 'ਤੇ ਫ਼ੈਸਲਾ ਛੇਤੀ ਹੀ

ਨਵੀਂ ਦਿੱਲੀ (ਨਦਬ) : ਨਵੀਂ ਦਿੱਲੀ ਵਿਚ ਨੌ ਮਹੀਨੇ ਪਹਿਲਾਂ ਆਪਣੀ ਹੈਵਾਨੀਅਤ ਨਾਲ ਪੂਰੇ ਦੇਸ਼ ਦੀ ਰੂਹ ਨੂੰ ਝੰਜੋੜਣ ਵਾਲੇ ਬਲਾਤਕਾਰ ਦੇ ਸਾਰੇ ਮੁਲਜ਼ਮਾਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। 16 ਦਸੰਬਰ ਨੂੰ ਚਲਦੀ ਬੱਸ ਵਿਚ ਪੈਰਾਮੈਡੀਕਲ ਵਿਦਿਆਰਥਣ ਨਾਲ ਗੈਂਗ ਰੇਪ ਅਤੇ ਉਸ ਦੀ ਹੱਤਿਆ ਦੇ ਮਾਮਲੇ ਵਿਚ ਅਦਾਲਤ ਨੇ ਮ੍ਰਿਤਕ ਰਾਮ ਸਿੰਘ ਸਮੇਤ ਪੰਜਾਂ ਮੁਲਜ਼ਮਾਂ ਨੂੰ ਦੋਸ਼ੀ ਮੰਨਿਆ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀਆਂ ਨੇ ਸਾਜ਼ਸ਼ ਤਹਿਤ ਯੋਜਨਾਬੱਧ ਤਰੀਕੇ ਨਾਲ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਸਜ਼ਾ 'ਤੇ ਬਹਿਸ ਵੀ ਪੂਰੀ ਹੋ ਗਈ ਹੈ। ਫਾਸਟ ਟਰੈਕ ਕੋਰਟ ਦੇ ਜਸਟਿਸ ਯੋਗੇਸ਼ ਖੰਨਾ ਨੇ ਭਰੀ ਅਦਾਲਤ ਵਿਚ ਆਪਣੇ 237 ਪੇਜ ਦੇ ਫ਼ੈਸਲੇ ਵਿਚ ਮੁਕੇਸ਼, ਵਿਨੈ ਸ਼ਰਮਾ, ਅਜੇ ਠਾਕੁਰ ਅਤੇ ਪਵਨ ਗੁਪਤਾ ਨੂੰ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਸਾਰਿਆਂ ਨੂੰ ਗੈਂਗ ਰੇਪ, ਹੱਤਿਆ ਅਤੇ ਲੜਕੀ ਦੇ ਦੋਸਤ ਦੀ ਹੱਤਿਆ ਦੇ ਯਤਨ ਸਮੇਤ 11 ਧਾਰਾਵਾਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਜੱਜ ਨੇ ਕਿਹਾ ਕਿ ਭਾਵੇਂ ਰਾਮ ਸਿੰਘ ਦੀ ਮੌਤ ਹੋ ਚੁੱਕੀ ਹੈ ਪਰ ਉਸ ਨੂੰ ਵੀ ਇਨ੍ਹਾਂ ਧਾਰਾਵਾਂ ਵਿਚ ਦੋਸ਼ੀ ਮੰਨਿਆ ਜਾਂਦਾ ਹੈ। ਇਸ ਮਾਮਲੇ 'ਤੇ ਦੇਸ਼ ਹੀ ਨਹੀਂ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ। ਫ਼ੈਸਲੇ ਤੋਂ ਬਾਅਦ ਅਦਾਲਤ ਵਿਚ ਮੌਜੂਦ ਪੀੜਤ ਲੜਕੀ ਦੇ ਮਾਪਿਆਂ ਦੇ ਚੇਹਰਿਆਂ 'ਤੇ ਕੁਝ ਸਕੂਨ ਦਿਸਿਆ।

### ਬਦਲਣਾ ਪਿਆ ਸੀ ਕਾਨੂੰਨ

ਦਰਿੰਦਗੀ ਦੀ ਇਸ ਵਾਰਦਾਤ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਵਿਰੋਧ ਵਿਚ ਦਿੱਲੀ ਤੋਂ ਲੈ ਕੇ ਸਾਰੇ ਸ਼ਹਿਰਾਂ ਵਿਚ ਵਿਰੋਧ ਪ੍ਰਦਰਸ਼ਨ ਹੋਏ। ਦਿੱਲੀ ਵਿਚ ਲੋਕਾਂ ਨੂੰ ਪ੍ਰਦਰਸ਼ਨ ਕਰਨ ਤੋਂ ਰੋਕਣ ਲਈ ਮੈਟਰੋ ਸਟੇਸ਼ਨ ਤਕ ਬੰਦ ਕਰਨੇ ਪਏ। ਇਸ ਤੋਂ ਬਾਅਦ ਨਾ ਕੇਵਲ ਨਾਬਾਲਗ ਦੋਸ਼ੀ ਦੀ ਉਮਰ ਸੀਮਾ ਨੂੰ ਲੈ ਕੇ ਬਹਿਸ ਛਿੜੀ ਬਲਕਿ ਸਰਕਾਰ ਨੂੰ ਔਰਤਾਂ ਦੀ ਸੁਰੱਖਿਆ ਦਾ ਕਾਨੂੰਨ ਬਦਲਣਾ ਪਿਆ।

## ਸੀਰੀਆ 'ਤੇ ਫ਼ਿਲਹਾਲ ਟਲਿਆ ਹਮਲਾ

ਵਾਸ਼ਿੰਗਟਨ (ਨਦਬ) ਅਮਰੀਕੀ ਸੈਨੇਟ ਵਿਚ ਸੀਰੀਆ 'ਤੇ ਹਮਲਾ ਕਰਨ ਦਾ ਪ੍ਰਸਤਾਵ ਪਾਸ ਨਹੀਂ ਹੋ ਸਕਿਆ। ਜਿਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਉਹ ਇਸ ਮਸਲੇ ਦਾ ਸ਼ਾਂਤੀਪੂਰਨ ਹੱਲ ਕੱਢਣ ਲਈ ਰੂਸ ਅਤੇ ਚੀਨ ਨਾਲ ਮਿਲ ਕੇ ਕੰਮ ਕਰਨਗੇ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਓਬਾਮਾ ਨੇ ਕਿਹਾ ਸੀ ਕਿ ਸੀਰੀਆ ਵਿਚ ਬਸ਼ਰ ਅਲ ਅਸਦ ਸਰਕਾਰ ਦੇ ਖ਼ਿਲਾਫ਼ ਫ਼ੌਜੀ ਕਾਰਵਾਈ ਅਮਰੀਕੀ ਸੁਰੱਖਿਆ ਦੇ ਹਿੱਤਾਂ ਵਿਚ ਹੈ। ਯਾਦ ਰਹੇ ਸੀਰੀਆ ਕੋਈ ਢਾਈ ਸਾਲਾਂ ਤੋਂ ਗ੍ਰਹਿ ਯੁੱਧ ਨਾਲ ਜੂਝ ਰਿਹਾ ਹੈ, ਜਿਸ ਵਿਚ ਹੁਣ ਤਕ ਇਕ ਲੱਖ ਲੋਕ ਮਾਰੇ ਜਾ ਚੁੱਕੇ ਹਨ ਪਰ ਸੀਰੀਆ ਦੇ ਮੁੱਦੇ 'ਤੇ ਦੁਨੀਆ ਭਰ ਵਿਚ ਡਿਪਲੋਮੈਟਿਕ ਵੰਡ ਸਾਫ਼ ਦਿਖਾਈ ਦੇ ਰਹੀ ਹੈ। ਇਸੇ ਦੌਰਾਨ ਸੀਰੀਆ 'ਤੇ ਅਮਰੀਕੀ ਹਮਲਾ ਟਲਣ ਨਾਲ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਦੇ ਨਾਲ ਹੀ ਭਾਰਤੀ ਸਟਾਕ ਮਾਰਕੀਟ ਵਿਚ ਵੀ ਜਬਰਦਸਤ ਉਭਾਰ ਦੇਖਿਆ ਗਿਆ ਅਤੇ ਸੈਨਸੈਕਸ 20 ਹਜ਼ਾਰ ਤੋਂ ਪਾਰ ਚਲਾ ਗਿਆ।

## ਗੁਰੂ ਨਾਨਕ ਪੰਜ ਸੌ ਵਰ੍ਹੇ ਪਹਿਲਾਂ ਇਟਲੀ ਵਿਚ ਪੋਪ ਨੂੰ ਮਿਲੇ ਸਨ

ਚੰਡੀਗੜ੍ਹ (ਨਦਬ) 'ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਮਈ 1520 ਦੇ ਅਖ਼ੀਰ ਵਿਚ ਵੈਟੀਕਨ ਵੀ ਗਏ ਸਨ ਅਤੇ ਉਨ੍ਹਾਂ ਨੇ ਉਦੋਂ ਦੇ ਪੋਪ ਨਾਲ ਗੁਲਾਮੀ ਪ੍ਰਥਾ ਨੂੰ ਲੈ ਕੇ ਵਿਸ਼ਵ ਸ਼ਾਂਤੀ ਬਾਰੇ ਵੀ ਗੱਲ ਕੀਤੀ ਸੀ। ਪੋਪ ਦਫ਼ਤਰ ਨੇ ਇਸ ਮੁਲਾਕਾਤ ਦੀ ਪਹਿਲੀ ਵਾਰ ਪੁਸ਼ਟੀ ਕੀਤੀ ਹੈ। ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਵੈਟੀਕਨ ਵੀ ਗਏ ਸਨ ਤੇ ਉਨ੍ਹਾਂ ਨੇ 1475-1521 ਦੌਰਾਨ ਪੋਪ ਲਿਓਨ ਦਸਵੇਂ ਨਾਲ ਮੁਲਾਕਾਤ ਕੀਤੀ ਸੀ। ਉਸ ਸਮੇਂ ਉਨ੍ਹਾਂ ਨਾਲ ਉਨ੍ਹਾਂ ਦਾ ਸੰਗੀਤਕਾਰ ਸਾਥੀ ਮਰਦਾਨਾ ਵੀ ਸੀ। ਇਸ ਗੱਲ ਦਾ ਜ਼ਿਕਰ ਇਟਲੀ ਵਿਚ ਅਮਰੀਕੀ ਰਾਜਦੂਤ ਥੌਮਸ ਨੀਲਸਨ ਨੇ 1913 ਵਿਚ ਕੀਤਾ ਸੀ। ਪਰ ਇਸ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਹੁਣ ਹੋਈ ਹੈ। ਗੁਰੂ ਜੀ ਨੇ ਗੁਲਾਮ ਪ੍ਰਥਾ ਖ਼ਿਲਾਫ਼ ਲੜਾਈ ਇਥੋਂ ਹੀ ਸ਼ੁਰੂ ਕੀਤੀ ਸੀ। ਉਸ ਸਮੇਂ ਯੂਰਪ ਵਿਚ ਗੁਲਾਮ ਪ੍ਰਥਾ ਸੀ। ਗੁਰੂ ਜੀ ਨੇ ਪੋਪ ਨੂੰ ਕਿਹਾ ਸੀ ਕਿ ਇਨਸਾਨ ਨੂੰ ਗੁਲਾਮ ਬਣਾਉਣ ਦਾ ਹੱਕ ਕਿਸੇ ਨੂੰ ਨਹੀਂ ਹੈ। ਇਸ ਤੋਂ ਬਾਅਦ ਗੁਰੂ ਜੀ ਨੇ ਹੋਰਨਾਂ ਮੁਲਕਾਂ ਵਿਚ ਵੀ ਇਹੀ ਸੰਦੇਸ਼ ਦਿੱਤਾ। ਆਰਕ ਬਿਸ਼ਪ ਡੱਮ ਜੋਸ ਰੋਨਾਲਡੋ ਆਫ਼ ਪੋਪ ਬੈਨੇਡਿਕਟ-1 ਨੇ ਗੁਰੂ ਨਾਨਕ ਬਾਰੇ ਕਿਹਾ ਕਿ ਉਨ੍ਹਾਂ ਨੇ ਮਈ 1520 ਏ.ਡੀ. ਵਿਚ ਰੋਮ ਦੀ ਯਾਤਰਾ ਕੀਤੀ ਸੀ। ਉਨ੍ਹਾਂ ਦਾ ਇਹ ਦੌਰਾ ਵਿਸ਼ਵ ਮਾਨਵਤਾ ਦਾ ਸੰਦੇਸ਼ ਦੇਣ ਲਈ ਕੀਤਾ ਗਿਆ ਸੀ।

**ਵੈਟੀਕਨ ਦੇ ਦਫ਼ਤਰ ਨੇ ਕੀਤੀ ਪੁਸ਼ਟੀ**

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700






ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੇਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
4107-99 St NW, Edmonton



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136



LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

WARD 10
HAFIS DEVJI
780-908-3914
#106, 4211-106th ST
Edmonton, AB, T6J 6L7



IT'S Our FUTURE
Twitter hafisdevji Facebook vote4hafis
VOTE4HAFIS.CA



# Supreme Pizza

## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town

**3 For 1**

Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR HOMES LTD.

Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੇਸਮੈਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE

50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
## Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਅਲਬਰਟਾ 'ਚ ਵਿਦੇਸ਼ੀ ਕਾਮਿਆਂ ਨੂੰ ਮਿਲਦੀ ਹੈ ਘੱਟ ਤੋਂ ਘੱਟ ਤਨਖ਼ਾਹ

ਅਲਬਰਟਾ (ਨਦਬ) : ਫੈਡਰਲ ਸਰਕਾਰ ਵੱਲੋਂ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਵੀ ਮਾਰਕਿਟ ਰੇਟ ਦੇ ਹਿਸਾਬ ਨਾਲ ਜਾਂ ਉਸ ਦੇ ਨੇੜੇ ਤੇੜੇ ਤਨਖਾਹ ਦੇਣ ਦੀ ਸ਼ਰਤ ਦੇ ਬਾਵਜੂਦ ਅਲਬਰਟਾ ਦੇ ਸੈਂਕੜੇ ਇੰਪਲਾਇਅਰਜ਼ ਨੂੰ ਘੱਟ ਤੋਂ ਘੱਟ ਭੱਤਿਆਂ ਉੱਤੇ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਸੱਦਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਅੰਦਰੂਨੀ ਦਸਤਾਵੇਜ਼ਾਂ ਤੋਂ ਇਹ ਖੁਲਾਸਾ ਹੋਇਆ ਹੈ ਕਿ ਹਿਊਮਨ ਰਿਸੋਰਸਿਜ਼ ਐਂਡ ਸਕਿੱਲ ਡਿਵੈਲਪਮੈਂਟ ਕੈਨੇਡਾ ਵੱਡੇ ਰੈਸਟੋਰੈਂਟਾਂ ਤੇ ਵੱਡੀਆਂ ਨਰਸਰੀਆਂ ਨੂੰ ਵਿਦੇਸ਼ੀ ਕਾਮਿਆਂ ਨੂੰ ਇੱਕ ਘੰਟੇ ਦੇ 9.75 ਡਾਲਰ ਤੱਕ ਦੇਣ ਦੀ ਇਜਾਜ਼ਤ ਦੇ ਰਹੇ ਹਨ। ਦ ਅਲਬਰਟਾ ਫੈਡਰੇਸ਼ਨ ਆਫ ਲੇਬਰ ਵੱਲੋਂ ਜਾਣਕਾਰੀ ਹਾਸਲ ਕਰਨ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਹੋਇਆਂ ਪਤਾ ਲਾਇਆ ਗਿਆ ਹੈ ਕਿ ਪਿਛਲੇ ਦਸ ਮਹੀਨੇ ਦੇ ਅਰਸੇ ਵਿੱਚ 243 ਵਿਦੇਸ਼ੀ ਕਾਮਿਆਂ ਨੂੰ ਘੱਟ ਤਨਖਾਹ ਉੱਤੇ ਕੰਮ ਦਿੱਤਾ ਗਿਆ ਜਿਸ ਦੇ ਸਬੂਤ ਵੀ ਹਨ। ਫੈਡਰੇਸ਼ਨ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਸਰਕਾਰ ਅਸਥਾਈ ਵਿਦੇਸ਼ੀ ਕਾਮਿਆਂ ਦਾ ਸ਼ੋਸ਼ਣ ਕਰਨ ਦੀ ਮਨਜ਼ੂਰੀ ਦੇ ਰਹੀ ਹੈ। ਜਿਨ੍ਹਾਂ ਇੰਪਲਾਇਰਜ਼ ਨੂੰ ਆਪਣੇ ਵਿਦੇਸ਼ੀ ਕਾਮਿਆਂ ਨੂੰ ਘੱਟ ਤੋਂ ਘੱਟ ਉਜਰਤਾਂ ਦੇਣ ਦੀ ਖੁੱਲ੍ਹ ਦਿੱਤੀ ਗਈ ਹੈ ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਫੂਡ ਸਰਵਿਸ ਸੈਕਟਰ ਵਿੱਚ ਹਨ। ਕੁੱਝ ਨਿੱਕੇ ਕਾਰੋਬਾਰੀ ਵੀ ਹਨ ਪਰ ਬਹੁਤੀਆਂ ਹੋਰ ਵੱਡੀਆਂ ਫੂਡ ਚੇਨਜ਼ ਜਿਵੇਂ ਕਿ ਬੋਸਟਨ ਪਿਜ਼ਾ ਤੇ ਰਿਕੀਜ਼ ਆਲ ਡੇਅ ਗ੍ਰਿੱਲ ਵਰਗੀਆਂ ਫੂਡ ਚੇਨਜ਼ ਹਨ। ਅਰਲ ਦੇ ਰੈਸਟੋਰੈਂਟ ਨੂੰ ਆਪਣੇ ਰਸੋਈ ਦੇ ਅਮਲੇ ਨੂੰ ਘੱਟ ਤੋਂ ਘੱਟ ਉਜਰਤ ਦੇਣ ਦੀ ਫੈਡਰਲ ਸਰਕਾਰ ਤੋਂ ਇਜਾਜ਼ਤ ਮਿਲੀ ਹੋਈ ਹੈ ਤੇ ਉਹ ਟੀਐਫਡਬਲਿਊ ਪ੍ਰੋਗਰਾਮ ਤਹਿਤ ਅਜਿਹਾ ਕਰ ਵੀ ਰਹੀ ਹੈ। ਇਸ ਫੂਡ ਚੇਨ ਦੇ ਬੁਲਾਰੇ ਨੇ ਦੱਸਿਆ ਕਿ ਸਕਿੱਲਡ ਅਹੁਦੇ ਉੱਤੇ ਸਿੱਧਾ ਦਾਖਲ ਹੋਣ ਵਾਲੇ ਕਾਮੇ ਨੂੰ ਅਸਲ ਵਿੱਚ 13.61 ਡਾਲਰ ਇੱਕ ਘੰਟੇ ਦੇ ਮਿਲਦੇ ਹਨ ਜਦਕਿ ਗੈਰਹੁਨਰਮੰਦ ਕਾਮੇ ਜਿਵੇਂ ਕਿ ਭਾਂਡੇ ਧੋਣ ਵਾਲੇ ਨੂੰ ਇੱਕ ਘੰਟੇ ਦੇ 10.96 ਡਾਲਰ ਘੰਟੇ ਦੇ ਦੇਣੇ ਬਣਦੇ ਹਨ।

# ਕਨੇਡੀਅਨ ਸਰਕਾਰ ਵੀ ਕਰਦੀ ਹੈ ਆਪਣੇ ਲੋਕਾਂ ਦੀ ਜਾਸੂਸੀ : ਮੈਕਾਫੀ



ਅਮਰੀਕਾ ਦੇ ਸਾਫਟਵੇਅਰ ਦੇ ਦਿੱਗਜ ਖਿਡਾਰੀ ਜੌਹਨ ਮੈਕਾਫੀ ਦਾ ਕਹਿਣਾ ਹੈ ਕਿ ਕੈਨੇਡਾ ਦੀਆਂ ਸੁਰੱਖਿਅਤ ਮੰਨੀਆਂ ਜਾਣ ਵਾਲੀਆਂ ਥਾਵਾਂ ਉੱਤੇ ਵੀ ਸਰਕਾਰ ਜਾਸੂਸੀ ਕਰਦੀ ਹੈ। ਪਿੱਛੇ ਜਿਹੇ ਅਮਰੀਕਾ ਵੱਲੋਂ ਕੀਤੀ ਜਾਣ ਵਾਲੀ ਜਾਸੂਸੀ ਦੇ ਕਈ ਰਾਜ਼ ਸਾਹਮਣੇ ਲਿਆਉਣ ਵਾਲੇ ਐਡਵਰਡ ਸਨੋਡਨ ਦੀ ਤਰਜ਼ ਉੱਤੇ ਮੈਕਾਫੀ ਨੇ ਆਖਿਆ ਕਿ ਕੈਨੇਡੀਅਨ ਸਰਕਾਰ ਕੋਲ ਵੀ ਉਹ ਸਾਰੀਆਂ ਸਹੂਲਤਾਂ ਹਨ ਜਿਹੜੀਆਂ ਅਮਰੀਕੀ ਸਰਕਾਰ ਕੋਲ ਹਨ। ਉਨ੍ਹਾਂ ਇੱਕ ਤਰ੍ਹਾਂ ਕੈਨੇਡੀਅਨਾਂ ਨੂੰ ਮੁਖਾਤਿਬ ਹੁੰਦਿਆਂ ਆਖਿਆ ਕਿ ਜੇ ਤੁਸੀਂ ਸਮਝਦੇ ਹੋਂ ਕਿ ਨੈਤਿਕ ਜਾਂ ਇਖਲਾਕੀ ਜਾਂ ਕਿਸੇ ਹੋਰ ਕਾਰਨ ਸਦਕਾ ਤੁਹਾਡੀ ਸਰਕਾਰ ਅਜਿਹਾ ਨਹੀਂ ਕਰਦੀ ਤੇ ਸਰਬਉੱਚ ਹੈ ਤਾਂ ਤੁਸੀਂ ਗਲਤ ਸੋਚਦੇ ਹੋਂ। 67 ਸਾਲਾ ਮੈਕਾਫੀ ਵੀ ਦਸ ਮਹੀਨੇ ਪਹਿਲਾਂ ਬਿਲਾਈਜ ਸਰਕਾਰ ਤੋਂ ਭਗੌੜਾ ਹੋ ਕੇ ਇੱਥੇ ਆਇਆ ਸੀ ਤੇ ਉਹ ਆਪਣੇ ਗੁਆਂਢੀ 52 ਸਾਲਾ ਗ੍ਰੈਗਰੀ ਵਾਇਅੰਟ ਫਾਲ ਦੀ ਭੇਤਭਰੀ ਹਾਲਤ ਵਿੱਚ ਹੋਈ ਮੌਤ ਲਈ ਸਰਕਾਰ ਨੂੰ ਲੋੜੀਂਦਾ ਸੀ। ਹੁਣ ਮੈਕਾਫੀ ਇੱਕ ਦਸਤਾਵੇਜ਼ੀ ਫਿਲਮ, ਬਣਾਉਣ ਲਈ ਟਾਊਨ ਆਇਆ ਹੋਇਆ ਹੈ ਜਿਸ ਨੂੰ ਪ੍ਰੋਡਿਊਸ ਕਰ ਰਹੀ ਹੈ ਮਾਂਟਰੀਅਲ ਸਥਿਤ ਇੱਕ ਕੰਪਨੀ, ਇੰਪੈਕਟ ਫਿਊਚਰ ਮੀਡੀਆ। ਮੈਕਾਫੀ ਸਕਿਊਰਿਟੀ ਦੇ ਮੁਖੀ ਤੇ ਐਂਟੀ ਵਾਇਰਸ ਸਾਫਟਵੇਅਰ ਕਾਰੋਬਾਰੀ ਵਜੋਂ ਉਸ ਨੇ ਦੱਸਿਆ ਕਿ ਪਹਿਲਾਂ ਉਸ ਦੇ ਗਾਹਕਾਂ ਵਿੱਚ ਸੀਆਈਏ ਤੋਂ ਲੈ ਕੇ ਅਮਰੀਕੀ ਨੇਵੀ ਤੇ ਏਅਰ ਫੋਰਸ ਤੱਕ ਸ਼ਾਮਲ ਸਨ। ਉਸ ਨੇ ਦੱਸਿਆ ਕਿ ਮੈਕਾਫੀ ਦੇ ਪਹਿਲੇ ਛੇ ਸਾਲਾਂ ਤੱਕ ਉਸ ਦੀ 90 ਫੀ ਸਦੀ ਕਮਾਈ ਸਰਕਾਰ ਤੋਂ ਹੀ ਹੁੰਦੀ ਸੀ। ਉਸ ਨੇ ਇਹ ਵੀ ਦੱਸਿਆ ਕਿ ਖਾੜੀ ਦੀ ਪਹਿਲੀ ਜੰਗ ਵਿੱਚ ਉਸ ਨੇ ਅਮਰੀਕੀ ਫੌਜ ਨੂੰ 40 ਮਿਲੀਅਨ ਡਾਲਰ ਦੇ ਸਾਫਟਵੇਅਰ ਦਾਨ ਕੀਤੇ ਸਨ।

# ਬੁਕਿੰਗ ਦੇ ਬਾਵਜੂਦ ਸੀਟ ਨਾ ਮਿਲਣ 'ਤੇ ਏਅਰ ਕਨੇਡਾ ਦੇਵੇਗੀ 800 ਡਾਲਰ

ਕੈਨੇਡੀਅਨ ਟਰਾਂਸਪੋਰਟੇਸ਼ਨ ਏਜੰਸੀ ਦੇ ਨਵੇਂ ਨਿਯਮਾਂ ਤਹਿਤ ਬੁਕਿੰਗ ਦੇ ਬਾਵਜੂਦ ਸੀਟ ਨਾ ਮਿਲਣ ਦੀ ਸੂਰਤ ਵਿੱਚ ਏਅਰ ਕੈਨੇਡਾ ਨੂੰ ਦੇਰ ਹੋਣ ਦੀ ਮਿਆਦ ਤੱਕ ਆਪਣੇ ਯਾਤਰੀਆਂ ਨੂੰ 800 ਡਾਲਰ ਤੱਕ ਨਕਦ ਦੇਣੇ ਹੋਣਗੇ। ਇਹ ਨਵੇਂ ਨਿਯਮ 18 ਸਤੰਬਰ ਤੋਂ ਲਾਗੂ ਹੋਣਗੇ। ਯਾਤਰੀਆਂ ਨੂੰ ਹੋਣ ਵਾਲੀ ਦੇਰ ਦੇ ਹਿਸਾਬ ਨਾਲ ਜਿਵੇਂ ਦੋ ਘੰਟੇ ਤੋਂ ਘੱਟ, ਦੋ ਤੇ ਛੇ ਘੰਟੇ ਦਰਮਿਆਨ ਜਾਂ ਛੇ ਘੰਟੇ ਤੋਂ ਜ਼ਿਆਦਾ ਸਮੇਂ ਤੱਕ ਕ੍ਰਮਵਾਰ 200, 400 ਤੇ ਜਾਂ ਫਿਰ 800 ਡਾਲਰ ਤੱਕ ਦੇਣੇ ਹੋਣਗੇ। ਇਹ ਹਰਜ਼ਾਨਾ ਸਿਰਫ ਉਨ੍ਹਾਂ ਯਾਤਰੀਆਂ ਨੂੰ ਹੀ ਮਿਲੇਗਾ ਜੋ ਕਿਸੇ ਫਲਾਈਟ ਤੋਂ ਬਾਹਰ ਛੱਡੇ ਜਾਣ ਲਈ ਆਪਣੀ ਮਰਜ਼ੀ ਨਾਲ ਤਿਆਰ ਨਹੀਂ ਹੋਣਗੇ ਪਰ ਉਨ੍ਹਾਂ ਤੋਂ ਅਜਿਹਾ ਕਰਵਾਇਆ ਜਾਵੇਗਾ। ਸੀਟੀਏ ਨੇ ਨਕਦੀ ਦੀ ਥਾਂ ਉੱਤੇ ਟਰੈਵਲ ਵਾਊਚਰ ਦੇਣ ਦਾ ਲਾਲਚ ਦੇਣ ਵਾਲੀ ਇਸ ਏਅਰਲਾਈਨ ਉੱਤੇ ਸਖ਼ਤ ਸ਼ਰਤਾਂ ਵੀ ਮੜ੍ਹੀਆਂ ਜਿਸ ਵਿੱਚ ਇੱਕ ਤੋਂ ਤਿੰਨ ਵਟਾਂਦਰਾ ਦਰਾਂ ਮਿਸਾਲ ਵਜੋਂ ਇੱਕ ਡਾਲਰ ਨਕਦੀ ਦੇ ਟਰੈਵਲ ਵਾਊਚਰ ਵਜੋਂ 3 ਡਾਲਰ ਦਿੱਤੇ ਜਾਣ ਆਦਿ ਸ਼ਾਮਲ ਹੈ। ਕਿਸੇ ਤਰ੍ਹਾਂ ਬੁਕਿੰਗ ਦੇ ਬਾਅਦ ਵੀ ਜੇ ਕਿਸੇ ਮੁਸਾਫਰ ਨੂੰ ਨਹੀਂ ਲਿਜਾਇਆ ਜਾਂਦਾ ਤਾਂ ਉਹ ਮੁਆਵਜੇ ਵਜੋਂ ਨਕਦੀ ਦੀ ਮੰਗ ਕਰ ਸਕਦਾ ਹੈ। ਮਈ ਵਿੱਚ ਸੀਟੀਏ ਨੇ ਹੈਲੀਫੈਕਸ ਦੇ ਮੈਥੇਮੈਟੀਸ਼ੀਅਨ ਤੇ ਹਵਾਈ ਸਫਰ ਕਰਨ ਵਾਲੇ ਯਾਤਰੀਆਂ ਦੇ ਅਧਿਕਾਰਾਂ ਦੀ ਪੈਰਵੀ ਕਰਨ ਵਾਲੇ ਗੇਬਰ ਲੁਕਾਕਸ ਦੀ ਸ਼ਿਕਾਇਤ ਨੂੰ ਬਰਕਰਾਰ ਰੱਖਿਆ। ਸੀਟੀਏ ਨੇ ਸਵੀਕਾਰ ਕੀਤਾ ਕਿ ਬੁਕਿੰਗ ਤੋਂ ਬਾਅਦ ਵੀ ਕਿਸੇ ਯਾਤਰੀ ਨੂੰ ਸੀਟ ਨਾ ਦੇਣਾ ਤੇ ਫਿਰ ਇਸ ਹਰਕਤ ਲਈ 100 ਡਾਲਰ ਹਰਜ਼ਾਨੇ ਵਜੋਂ ਦਿੱਤਾ ਜਾਣਾ ਕਾਫੀ ਘੱਟ ਹੈ। ਆਪਣੀ ਉਡਾਨ ਦੇ ਖਚਾਖਚ ਭਰੀ ਹੋਣ ਤੋਂ ਬਾਅਦ ਲੁਕਾਕਸ ਨੇ 2011 ਵਿੱਚ ਮੁਆਵਜ਼ੇ ਸਬੰਧੀ ਜਾਂਚ ਸ਼ੁਰੂ ਕੀਤੀ ਸੀ। ਏਜੰਸੀ ਨੇ ਏਅਰ ਕੈਨੇਡਾ ਨੂੰ ਆਪਣਾ ਪੱਖ ਰੱਖਣ ਲਈ 30 ਦਿਨ ਦਾ ਸਮਾਂ ਦਿੱਤਾ ਹੈ ਤੇ ਇਹ ਵੀ ਆਖਿਆ ਹੈ ਕਿ ਕਿਉਂ ਨਾ ਏਅਰਲਾਈਨ ਦੇ ਮੁਆਵਜੇ ? ਸਬੰਧੀ ਸਕੇਲ ਨੂੰ ਮੁੜ ਤਿਆਰ ਕੀਤਾ ਜਾਵੇ।

VOTE Nita Jalkanen
October 21, 2013
Ward 2 (CANDIDATE)

Elect NITA JALKANEN as your Ward 2 representative on October 21, 2013.
Nita is committed to being YOUR VOICE on our next City Council.
VOTE FOR A POSITIVE CHANGE.
www.NitaJalkanen.com
Email nitaj@telus.net Phone 780-909-2855
Facebook Nita Jalkanen Twitter @NitaJalkanen



SAHARA INSURANCE GROUP
PERFECT BLEND FOR YOUR INSURANCE & INVESTMENT



DEEP GREWAL
204-996-2571

CALL US TODAY FOR SUPER VISA INSURANCE
SUPER VISA INSURANCE AT VERY LOW PRICE

Life Insurance
Mortgage Insurance
Disability Insurance
Visitor Insurance
RESP, RRSP
Open Investment
Retirement Planning
Dental Insurance

Associated with all major Life Insurance Companies
Associated with all major Life Insurance Companies
Unit # F-10, 1833 INKSTER BLVD, WINNIPEG, MB R2X 1R3
Fax : (204) 480-8708
info@saharainsurancegroup .ca www.saharainsurancegroup.ca

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Dr. Sandeep Dhaliwal
DMD

Take Home Whitening Kits
with new patient exams & cleaning !

Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions

Accepting New Patients

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Appointments @ 780-440-5001
4444-36 Ave NW Edmonton, AB T6L 3S1

# ਫੌਰੇਨ ਸਰਵਿਸ ਕਰਮਚਾਰੀਆਂ ਦੀ ਹੜਤਾਲ ਕਾਰਨ ਅਰਥਚਾਰੇ 'ਤੇ ਪਿਆ ਬੁਰਾ ਅਸਰ

ਟੋਰਾਂਟੋ (ਨਦਬ) : ਯੂਨੀਵਰਸਿਟੀ ਤੇ ਕਾਲਜ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੁਨੀਆ ਭਰ ਵਿੱਚ ਕੈਨੇਡੀਅਨ ਅੰਬੈਸੀਆਂ ਦੇ ਹੜਤਾਲ ਕਰ ਰਹੇ ਫੌਰੇਨ ਸਰਵਿਸ ਕਰਮਚਾਰੀਆਂ ਕਾਰਨ ਸਕੂਲਾਂ ਤੇ ਕੈਨੇਡੀਅਨ ਅਰਥਚਾਰੇ ਨੂੰ ਕਈ ਮਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। 2009 ਵਿੱਚ ਜਾਰੀ ਕੀਤੇ ਗਏ ਫੈਡਰਲ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਕੈਨੇਡੀਅਨ ਅਰਥਚਾਰੇ ਨੂੰ ਕੌਮਾਂਤਰੀ ਵਿਦਿਆਰਥੀਆਂ ਕਾਰਨ 6.5 ਬਿਲੀਅਨ ਡਾਲਰ ਦਾ ਫਾਇਦਾ ਹੁੰਦਾ ਹੈ। ਇਸੇ ਦੌਰਾਨ, ਐਸੋਸੀਏਸ਼ਨ ਆਫ ਕੈਨੇਡੀਅਨ ਕਮਿਊਨਿਟੀ ਕਾਲਜਾਂ ਦੇ ਅੰਦਾਜ਼ੇ ਮੁਤਾਬਕ ਹਰ ਸਾਲ ਕੌਮਾਂਤਰੀ ਸਿੱਖਿਆਰਥੀਆਂ ਕਾਰਨ ਕੈਨੇਡੀਅਨ ਅਰਥਚਾਰੇ ਨੂੰ 8.1 ਬਿਲੀਅਨ ਡਾਲਰ ਦਾ ਫਾਇਦਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਤੇ ਪ੍ਰੋਫੈਸ਼ਨਲ ਐਸੋਸੀਏਸ਼ਨ ਆਫ ਫੌਰੇਨ ਸਰਵਿਸ ਆਫਿਸਰਜ਼, ਜੋ ਸਫੀਰਾਂ ਤੇ ਵਿਦੇਸ਼ਾਂ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਨੁਮਾਇੰਦਗੀ ਕਰਦੀ ਹੈ, ਵਿਚਾਲੇ ਕਈ ਮਹੀਨਿਆਂ ਤੋਂ ਸਮਝੌਤੇ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਯੂਨੀਅਨ ਦੇ ਇਸਾਰੇ ਉੱਤੇ ਅਹਿਮ ਵੀਜ਼ਾ ਐਪਲੀਕੇਸ਼ਨ ਸੈਂਟਰਾਂ ਉੱਤੇ ਤਾਇਨਾਤ ਡਿਪਲੋਮੈਟਸ ਨੇ ਕੁੱਝ ਸੇਵਾਵਾਂ ਰੋਕ ਲਈਆਂ ਹਨ, ਇਨ੍ਹਾਂ ਵਿੱਚ ਕੈਨੇਡੀਅਨ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਪੜ੍ਹਨ ਲਈ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਸਬੰਧੀ ਵੀਜ਼ਾ ਦੀ ਪ੍ਰਕਿਰਿਆ ਨੂੰ ਅੱਗੇ ਵਧਣ ਤੋਂ ਰੋਕਣਾ ਵੀ ਸ਼ਾਮਲ ਹੈ। ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰੋਸੈਸਿੰਗ ਲਈ ਸਮਾਂ ਦੋ ਮਹੀਨੇ ਦਾ ਹੈ ਪਰ ਨੋਵਾ ਸਕੋਸ਼ੀਆ ਦੇ ਯੂਨੀਵਰਸਿਟੀ ਪ੍ਰਸ਼ਾਸਕਾਂ ਦਾ ਕਹਿਣਾ ਹੈ ਕਿ ਕੁੱਝ ਵਿਦਿਆਰਥੀ ਪਹਿਲਾਂ ਤੋਂ ਹੀ ਕਿਤੇ ਹੋਰ ਜਾਣ ਦਾ ਮਨ ਬਣਾਈ ਬੈਠੇ ਹਨ। ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ ਦੇ ਤਰਜ਼ਮਾਨ ਗਲੈਨ ਜੌਹਨਸਨ ਅਨੁਸਾਰ ਏਜੰਸੀ ਤੇਜ਼ੀ ਨਾਲ ਵਧੇਰੇ ਸਟਾਫ ਨੂੰ ਸਿਖਲਾਈ ਦੇ ਰਹੀ ਹੈ ਤਾਂ ਕਿ ਅਰਜ਼ੀਆਂ ਦੀ ਪ੍ਰਕਿਰਿਆ ਚੱਲਦੀ ਰਹਿ ਸਕੇ। ਜਿੱਥੇ ਹੋ ਸਕੇ ਏਜੰਸੀ ਸਟਾਫ ਨੂੰ ਓਵਰਟਾਈਮ ਕਰਨ ਲਈ ਵੀ ਆਖਦੀ ਹੈ। ਜੌਹਨਸਟਨ ਨੇ ਆਖਿਆ ਕਿ ਦੇਰ ਹੋਣ ਤੋਂ ਰੋਕਣ ਲਈ ਬਿਨੈਕਾਰ : ਆਪਣੀਆਂ ਅਸਥਾਈ ਵੀਜ਼ਾ ਅਰਜ਼ੀਆਂ (ਵਿਜ਼ੀਟਰ, ਵਿਦਿਆਰਥੀ ਤੇ ਵਰਕਰ) ਆਨਲਾਈਨ ਵੀ ਜਮ੍ਹਾਂ ਕਰਵਾ ਸਕਦੇ ਹਨ ਅਤੇ ਆਪਣੀਆਂ ਵੀਜ਼ਾ ਅਰਜ਼ੀਆਂ, ਦਸਤਾਵੇਜ਼ ਤੇ ਫੀਸ, ਵੀਜ਼ਾ ਐਪਲੀਕੇਸ਼ਨ ਸੈਂਟਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ।

# ਕਨੇਡੀਅਨ ਬੈਂਕਾਂ ਨੇ ਮਾਰਗੇਜ ਦਰਾਂ 'ਚ ਕੀਤਾ ਵਾਧਾ

ਮੌਨਟ੍ਰੀਅਲ (ਨਦਬ) : ਅਮਰੀਕਾ ਦੇ ਦਰਦ ਨੂੰ ਹੁਣ ਘਰ ਖਰੀਦਣ ਵਾਲੇ ਕੈਨੇਡੀਅਨਾਂ ਨੇ ਵੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਵਿੱਚ ਘਰ ਖਰੀਦਣ ਲਈ ਹੁਣ ਕਨੇਡੀਅਨਾਂ ਨੂੰ ਹਰ ਮਹੀਨੇ ਦਸ ਫੀ ਸਦੀ ਦੇ ਨੇੜੇ ਤੇੜੇ ਹੋਰ ਰਕਮ ਦੇਣੀ ਹੋਵੇਗੀ। ਅਜਿਹਾ ਮਾਰਗੇਜ ਦਰਾਂ ਵਿੱਚ ਹੋਏ ਵਾਧੇ ਕਾਰਨ ਹੋਇਆ ਹੈ। ਇਸ ਹਫਤੇ ਰਾਇਲ ਬੈਂਕ ਆਫ ਕਨੇਡਾ ਨੇ ਪੰਜ ਸਾਲਾ ਫਿਕਸਡ ਮਾਰਗੇਜ ਦਰ ਵਧਾ ਕੇ 3. 89 ਫੀ ਸਦੀ ਕਰ ਦਿੱਤੀ। ਬੈਂਕ ਆਫ ਮਾਂਟਰੀਅਲ ਤੇ ਟੀਡੀ ਬੈਂਕ ਨੇ ਵੀ ਰਾਇਲ ਬੈਂਕ ਦੀ ਤਰਜ ਉੱਤੇ ਮਾਰਗੇਜ ਦਰ ਵਧਾ ਕੇ 3.79 ਫੀ ਸਦੀ ਕਰ ਦਿੱਤੀ। ਇਹ ਕਿਆਫਾ ਲਾਇਆ ਜਾ ਰਿਹਾ ਹੈ ਕਿ ਹੋਰ ਬੈਂਕ ਵੀ ਇਸ ਹਿਸਾਬ ਨਾਲ ਦਰਾਂ ਵਿੱਚ ਵਾਧਾ ਕਰਨਗੇ। ਅਮਰੀਕਾ ਵਿੱਚ ਵੀ ਮਾਰਗੇਜ ਦਰਾਂ ਦਾ ਇਹੋ ਹਾਲ ਹੈ। ਇਸ ਹਫਤੇ ਉੱਥੇ ਵੀ ਮਾਰਗੇਜ ਦਰਾਂ ਵਿੱਚ ਵਾਧਾ ਹੋਇਆ ਹੈ। 30 ਸਾਲਾਂ ਵਾਲੀ ਫਿਕਸਡ ਰੇਟ ਮਾਰਗੇਜ ਲਈ 4.4 ਫੀ ਸਦੀ ਮਾਰਗੇਜ ਦਰ ਹੋ ਗਈ ਹੈ। ਔਸਤਨ 15 ਸਾਲਾ ਦਰ 3.44 ਤੋਂ ਵੱਧ ਕੇ 3.6 ਫੀ ਸਦੀ ਹੋ ਗਈ ਹੈ। ਇਨ੍ਹਾਂ ਦਰਾਂ ਨਾਲ ਅਮਰੀਕਾ ਦੀ ਹਾਊਸਿੰਗ ਮਾਰਕਿਟ ਵਿੱਚ ਠੰਢ ਵਰਤਣ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆ ਰਹੀ। ਜੁਲਾਈ ਦੇ ਮਹੀਨੇ ਮੌਜੂਦਾ ਘਰਾਂ ਦੀ ਵਿੱਕਰੀ ਵਿੱਚ ਸਗੋਂ ਹੀ 6.5 ਫੀ ਸਦੀ ਦੇ ਹਿਸਾਬ ਨਾਲ ਉਛਾਲ ਆਇਆ। ਕਨੇਡੀਅਨ ਅਜੇ ਕੁੱਝ ਸਮਾਂ ਹੋਰ ਘੱਟ ਵਿਆਜ ਦਰਾਂ ਦਾ ਆਨੰਦ ਮਾਣ ਸਕਣਗੇ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਖਪਤਕਾਰਾਂ ਵਲੋਂ ਖਰਚਾ ਕਰਨ ਤੋਂ ਵੀ ਹੱਥ ਪਿੱਛੇ ਖਿੱਚਿਆ ਜਾਵੇਗਾ।

# ਐਚ.ਆਈ.ਵੀ. ਦੀ ਰੋਕਥਾਮ ਲਈ ਤਿਆਰ ਟੀਕਾ ਪਹਿਲੇ ਪੜਾਅ 'ਚੋਂ ਪਾਸ



ਓਨਟਾਰੀਓ (ਨਦਬ) : ਐਚਆਈਵੀ ਦੀ ਰੋਕਥਾਮ ਲਈ ਯੂਨੀਵਰਸਿਟੀ ਆਫ ਵੈਸਟਰਨ ਓਨਟਾਰੀਓ ਦੇ ਖੋਜਾਰਥੀਆਂ ਵੱਲੋਂ ਤਿਆਰ ਕੀਤਾ ਗਿਆ ਟੀਕਾ ਮਨੁੱਖਾਂ ਉੱਤੇ ਕੀਤੇ ਗਏ ਪਹਿਲੇ ਪੜਾਅ ਦੇ ਤਜਰਬੇ ਵਿੱਚ ਸਫਲ ਰਿਹਾ ਹੈ। ਇਨ੍ਹਾਂ ਨਤੀਜਿਆਂ ਤੋਂ ਆਸ ਬੱਝੀ ਹੈ ਕਿ ਹੁਣ ਜਲਦ ਹੀ ਐਚਆਈਵੀ ਤੋਂ ਹਿਫਾਜ਼ਤ ਲਈ ਦਵਾਈ ਬਜ਼ਾਰ ਵਿੱਚ ਆ ਜਾਵੇਗੀ। ਇਸ ਦਵਾਈ ਨੂੰ ਐਸਏਵੀ001-ਐਚ ਦਾ ਨਾਂ ਦਿੱਤਾ ਗਿਆ ਹੈ ਤੇ ਇਹ ਡਾ. ਚਿਲ ਯੌਂਗ ਕੈਂਗ ਤੇ ਉਨ੍ਹਾਂ ਦੀ ਵੈਸਟਰਨ ਯੂਨੀਵਰਸਿਟੀ ਦੀ ਸ਼ੁਲਿਚ ਸਕੂਲ ਆਫ ਮੈਡੀਸਨ ਐਂਡ ਡੈਂਟਿਸਟਰੀ ਦੀ ਟੀਮ ਵੱਲੋਂ ਤਿਆਰ ਕੀਤੀ ਗਈ ਹੈ। ਹੁਣ ਤੱਕ, ਐਸਏਵੀ001-ਐਚ ਹੀ ਐਚਆਈਵੀ ਵਾਇਰਸ (ਜੋ ਕਿ ਪੋਲੀਓ, ਫਲੂ ਤੇ ਰੇਬੀਜ਼ ਵਾਂਗ) ਦੀ ਰੋਕਥਾਮ ਲਈ ਤਿਆਰ ਕੀਤੀ ਗਈ ਇੱਕਮਾਤਰ ਦਵਾਈ ਹੈ। ਇੱਕ ਇੰਟਰਵਿਊ ਵਿੱਚ ਕੈਂਗ ਨੇ ਆਖਿਆ ਕਿ ਉਨ੍ਹਾਂ ਵੱਲੋਂ ਉੱਤਪੱਤੀ ਵਿਗਿਆਨ ਦੀ ਨਜ਼ਰ ਤੋਂ ਸੋਧੇ ਹੋਏ ਐਚਆਈਵੀ-1 ਵਾਇਰਸ ਨਾਲ ਸੈੱਲਜ਼ ਨੂੰ ਸੰਕ੍ਰਮਿਤ ਕੀਤਾ ਗਿਆ। ਸੰਕ੍ਰਮਿਤ ਸੈੱਲਜ਼ ਵੱਲੋਂ ਢੇਰ ਸਾਰਾ ਵਾਇਰਸ ਫੈਲਾਇਆ ਜਾਂਦਾ ਹੈ, ਜਿਸ ਨੂੰ ਅਸੀਂ ਇੱਕਠਾ ਕਰ ਲੈਂਦੇ ਹਾਂ, ਉਸ ਨੂੰ ਸ਼ੁੱਧ ਕੀਤਾ ਜਾਂਦਾ ਹੈ ਤੇ ਬੇਕਾਰ ਕਰ ਦਿੱਤਾ ਜਾਂਦਾ ਹੈ ਤਾਂ ਕਿ ਜਿਸ ਵਿਅਕਤੀ ਨੂੰ ਟੀਕਾ ਲਾਇਆ ਜਾਣਾ ਹੈ ਉਸ ਵਿੱਚ ਟੀਕਾ ਲਾਉਣ ਨਾਲ ਏਡਜ਼ ਨਾ ਫੈਲੇ, ਇਹ ਟੀਕਾ ਲਾਏ ਜਾਣ ਤੋਂ ਬਾਅਦ ਸਗੋਂ ਏਡਜ਼ ਤੋਂ ਛੁਟਕਾਰਾ ਮਿਲਦਾ ਹੈ। ਇਸ ਨਾਲ ਨਾ ਸਿਰਫ ਦਵਾਈ ਹੀ ਪ੍ਰਭਾਵਸ਼ਾਲੀ ਬਣੇਗੀ ਸਗੋਂ ਇਸ ਨੂੰ ਤਿਆਰ ਕੀਤਾ ਜਾਣਾ ਸੌਖਾ ਵੀ ਹੈ ਤੇ ਸਸਤਾ ਵੀ ਹੈ। ਇਹ ਦਵਾਈ ਦੀ ਸੁਰੱਖਿਆ ਤੇ ਸਾਈਡ ਇਫੈਕਟਸ ਦਾ ਪਤਾ ਲਾਉਣ ਲਈ ਮਾਰਚ 2012 ਵਿੱਚ ਸ਼ੁਰੂ ਹੋਏ ਪਹਿਲੇ ਗੇੜੇ ਦੇ ਤਜਰਬੇ ਮੁਕੰਮਲ ਕਰ ਲਏ ਗਏ ਹਨ। ਦੂਜੇ ਤੇ ਤੀਜੇ ਗੇੜ ਤੋਂ ਬਾਅਦ ਹੀ ਦਵਾਈ ਦੀ ਅਸਲ ਪਰੀਖਿਆ ਹੋਵੇਗੀ। ਇਹ ਲੱਗਦਾ ਹੈ ਕਿ ਐਸਏਵੀ001-ਐਚ ਸਫਲਤਾਪੂਰਬਕ ਮੁਕੰਮਲ ਹੋ ਗਿਆ ਹੈ ਤੇ ਇਸ ਅਧਿਐਨ ਵਿੱਚ ਹਿੱਸਾ ਲੈਣ ਵਾਲੇ ਮਰੀਜ਼ਾਂ ਉੱਤੇ ਇਸਦੇ ਸਾਈਡ ਇਫੈਕਟ ਵੀ ਵੇਖਣ ਨੂੰ ਨਹੀਂ ਮਿਲੇ ਹਨ। ਇਸ ਸਫਲਤਾ ਨਾਲ ਹੁਣ ਕੈਂਗ ਤੇ ਉਸ ਦੀ ਟੀਮ ਦੂਜੇ ਪੜਾਅ ਦੇ ਤਜਰਬੇ ਜਾਰੀ ਰੱਖੇਗੀ। ਹੁਣ ਦਵਾਈ ਦਾ ਪ੍ਰਭਾਵ ਜਾਂਚਣ ਲਈ ਤਜਰਬਾ ਕੀਤਾ ਜਾਵੇਗਾ।

# ਮਹਾਤਮਾ ਗਾਂਧੀ ਕਨੇਡੀਅਨ ਫਾਊਂਡੇਸ਼ਨ ਫ਼ਾਰ ਵਰਲਡ ਪੀਸ ਵਲੋਂ ਸਾਲਾਨਾ ਯਾਦਗਾਰੀ ਭੋਜ ਮੀਟਿੰਗ ਦੋ ਅਕਤੂਬਰ ਨੂੰ

ਐਡਮਿੰਟਨ (ਨਦਬ) ਮਹਾਤਮਾ ਗਾਂਧੀ ਦੇ ਜਨਮ ਦਿਨ (ਦੋ ਅਕਤੂਬਰ) ਮੌਕੇ ਮਹਾਤਮਾ ਗਾਂਧੀ ਕਨੇਡੀਅਨ ਫਾਊਂਡੇਸ਼ਨ ਫਾਰ ਵਰਲਡ ਪੀਸ ਵੱਲੋਂ ਮਹਾਰਾਜਾ ਬੈਂਕਿਟ ਹਾਲ (9257-34 ਏ ਐਵਨਿਊ, ਐਡਮਿੰਟਨ)ਵਿੱਚ ਸ਼ਾਮ ਛੇ ਵਜੇ ਸਾਲਾਨਾ ਯਾਦਗਾਰੀ ਭੋਜ ਮੀਟਿੰਗ ਰੱਖੀ ਗਈ ਹੈ, ਜਿਸ ਵਿੱਚ ਮਹਾਤਮਾ ਗਾਂਧੀ ਨੂੰ ਸਰਧਾਂਜਲੀਆਂ ਭੇਂਟ ਕਰਨ ਦੇ ਨਾਲ-ਨਾਲ ਦੱਖਣੀ ਅਲਬਰਟਾ ਅਤੇ ਉੱਤਰੀ ਭਾਰਤ ਦੇ ਹੜ੍ਹ ਪੀੜਤਾਂ ਲਈ ਫੰਡ ਇਕੱਠਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਸੰਸਥਾ ਵੱਲੋਂ ਪਿਛਲੇ 25 ਸਾਲਾਂ ਤੋਂ ਲਗਾਤਾਰ ਮਹਾਤਮਾ ਗਾਂਧੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਇਸ ਸਾਲ ਹੋਣ ਵਾਲੀ ਮੀਟਿੰਗ ਸੰਸਥਾ ਦੀ ਸਿਲਵਰ ਜੁਬਲੀ ਮੀਟਿੰਗ ਹੋਵੇਗੀ। ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਮੀਟਿੰਗ ਵਿੱਚ ਲਗਭਗ ਪੰਜ ਸੌ ਮਹਿਮਾਨਾਂ ਦੇ ਪਹੁੰਚਣ ਦੀ ਉਮੀਦ ਹੈ। ਦੱਸਣਯੋਗ ਹੈ ਕਿ ਮੀਟਿੰਗ ਵਿੱਚ ਮੁੱਖ ਸਪੀਕਰ ਰਾਜਾਗੋਪਾਲ ਪੀ ਵੀ ਹੋਣਗੇ। ਰਾਜਾਗੋਪਾਲ ਪੀ ਵੀ ਪਿਛਲੇ ਦੋ ਦਹਾਕਿਆਂ ਤੋਂ ਭਾਰਤ ਵਿੱਚ ਅਹਿੰਸਾਵਾਦੀ ਅੰਦੋਲਨ ਦੀ ਅਗਵਾਈ ਕਰ ਰਹੇ ਹਨ ਤੇ ਭਾਰਤ ਵਿੱਚ ਗਰੀਬ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਚੇਤਨ ਕਰਨ ਵਿੱਚ ਲੱਗੇ ਹੋਏ ਹਨ। ਉਹਨਾਂ ਦੀ ਇਸ ਉਚੇਰੇ ਕੰਮ ਕਰਕੇ ਦੁਨੀਆ ਭਰ ਵਿੱਚ ਵੱਖਰੀ ਪਹਿਚਾਣ ਬਣੀ ਹੋਈ ਹੈ।

ਗੈਰ ਰਸਮੀ ਤੌਰ 'ਤੇ ਫਾਊਂਡੇਸ਼ਨ ਦੇ ਮੈਂਬਰਾਂ ਵੱਲੋਂ ਮਹਾਤਮਾ ਗਾਂਧੀ ਦੇ ਜਨਮ ਦਿਨ ਦਾ ਜਸ਼ਨ ਦੋ ਅਕਤੂਬਰ ਨੂੰ ਦੁਪਹਿਰ ਬਾਰ੍ਹਾਂ ਵਜੇ ਡਾਊਨ ਟਾਊਨ ਐਡਮਿੰਟਨ ਵਿੱਚ ਸਰ ਵਿਨਸਨ ਚਰਚਿਲ ਸੁਕੇਅਰ ਵਿੱਚ ਸਥਿਤ ਮਹਾਤਮਾ ਗਾਂਧੀ ਦੇ ਬੁੱਤ ਨੂੰ ਸਰਧਾਂਜਲੀਆਂ ਭੇਂਟ ਕਰਕੇ ਮਨਾਇਆ ਜਾਵੇਗਾ। ਫਾਊਂਡੇਸ਼ਨ ਵੱਲੋਂ ਇਸ ਜਸ਼ਨ ਵਿੱਚ ਮੈਂਬਰਾਂ ਨੂੰ ਭਾਗ ਲੈਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਬੋਰਡ ਆਫ਼ ਡਾਇਰੈਕਟਰਜ਼ ਕਿਮ ਮੈਟਰਿਕ ਨਾਲ ਫੋਨ ਨੰ: (780) 718-1696 ਅਤੇ ਚੇਅਰਮੈਨ ਬੋਰਡ ਆਫ਼ ਡਾਇਰੈਕਟਰਜ਼ ਜਤਿੰਦਰ ਸ਼ਾਹ ਨਾਲ ਫੋਨ ਨੰ: (780) 497-1925 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਧਾਰਮਕ ਚਿੰਨ੍ਹਾਂ 'ਤੇ ਪ੍ਰਸਤਾਵਤ ਪਾਬੰਦੀ ਦਾ ਤਿੱਖਾ ਵਿਰੋਧ

(ਨਦਬ) : ਧਾਰਮਿਕ ਚਿੰਨ੍ਹਾਂ ਤੇ ਬਾਣੇ ਉੱਤੇ ਕਿਊਬਿਕ ਦੀ ਪਾਰਟੀ ਕਿਊਬਿਕੁਆ ਸਰਕਾਰ ਜਿਹੜੀ ਰੋਕ ਲਾਉਣੀ ਚਾਹੁੰਦੀ ਹੈ ਉਸ ਬਾਰੇ ਬਹੁਤੇ ਵਰਗਾਂ ਤੋਂ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਫੈਡਰਲ ਲਿਬਰਲ ਆਗੂ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਪਹਿਲੀ ਵਾਰੀ ਕਿਊਬਿਕ ਵਿੱਚ ਪ੍ਰੀਮੀਅਰ ਪਾਲੀਨ ਮੈਰੋਇਸ ਨਾਲ ਰਸਮੀ ਮੁਲਾਕਾਤ ਕੀਤੀ। ਟਰੂਡੋ ਨੇ ਇਸ ਮੌਕੇ ਆਖਿਆ ਕਿ ਮੈਰੋਇਸ ਸਰਕਾਰ ਦੇ ਇਸ ਪ੍ਰਸਤਾਵਿਤ ਕਾਨੂੰਨ ਦਾ ਸਖ਼ਤ ਵਿਰੋਧ ਹੋਵੇਗਾ। ਟਰੂਡੋ ਨੇ ਇਹ ਵੀ ਆਖਿਆ ਕਿ ਲੋਕਾਂ ਨੂੰ ਉਨ੍ਹਾਂ ਦੇ ਕਿੱਤੇ ਤੇ ਧਰਮ ਵਿੱਚੋਂ ਕਿਸੇ ਇੱਕ ਨੂੰ ਚੁਣਨ ਲਈ ਆਖਣਾ ਜਾਂ ਫਿਰ ਇਹ ਆਖਣਾ ਕਿ ਪਹਿਲਾਂ ਇਹ ਫੈਸਲਾ ਲੈਣ ਕਿ ਕੀ ਉਹ ਪਹਿਲਾਂ ਕਿਊਬਿਕ ਵਾਸੀ ਹਨ ਜਾਂ ਫਿਰ ਮੁਸਲਮਾਨ ਹਨ, ਸਾਨੂੰ ਸ਼ੋਭਦਾ ਨਹੀਂ ਹੈ। ਕੈਨੇਡੀਅਨ ਜਾਂ ਕਿਊਬਿਕ ਵਾਸੀ ਹੋਣ ਨਾਤੇ ਸਾਨੂੰ ਕਿਸੇ ਤੋਂ ਇਸ ਤਰ੍ਹਾਂ ਦੇ ਸਵਾਲ ਨਹੀਂ ਕਰਨੇ ਚਾਹੀਦੇ। ਜਨਰਲ ਡੀ ਮਾਂਟਰੀਅਲ ਵਿੱਚ ਮੰਗਲਵਾਰ ਨੂੰ ਛਪੀ ਰਿਪੋਰਟ ਵਿੱਚ ਆਖਿਆ ਗਿਆ ਸੀ ਕਿ ਮੈਰੋਇਸ ਜਲਦ ਹੀ ਚਾਰਟਰ ਆਫ ਕਿਊਬਿਕ ਵੈਲਿਊਜ਼ ਸ਼ੁਰੂ ਕਰਨ ਜਾ ਰਹੀ ਹੈ ਜਿਸ ਵਿੱਚ ਕੰਮ ਵਾਲੀ ਥਾਂ ਉੱਤੇ ਲੋਕਾਂ ਦੇ ਵੱਡੇ ਵੱਡਾ ਕ੍ਰਿਸਚੀਅਨ ਕਰਾਸ, ਸਿੱਖਾਂ ਵੱਲੋਂ ਬੰਨ੍ਹੀਆਂ ਜਾਣ ਵਾਲੀਆਂ ਪੱਗਾਂ, ਯਹੂਦੀਆਂ ਤੇ ਮੁਸਲਮਾਨਾਂ ਦੇ ਸਿਰ ਉੱਤੇ ਪਾਈਆਂ ਜਾਣ ਵਾਲੀਆਂ ਟੋਪੀਆਂ ਉੱਤੇ ਪਾਬੰਦੀ ਲਾਉਣ ਦੀ ਤਜਵੀਜ਼ ਦਿੱਤੀ ਜਾਵੇਗੀ। ਪਰ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਅਜੇ ਤੱਕ ਇਸ ਰਿਪੋਰਟ ਦੇ ਵੇਰਵਿਆਂ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਟਰੂਡੋ ਨਾਲ ਹੋਈ ਮੁਲਾਕਾਤ ਵਿੱਚ ਮੈਰੋਇਸ ਨੇ ਭਰੋਸਾ ਦਿਵਾਇਆ ਕਿ ਇਸ ਤਰ੍ਹਾਂ ਦੀਆਂ ਮੁੱਢਲੀਆਂ ਰਿਪੋਰਟਾਂ ਤੇ ਅਫਵਾਹਾਂ ਜ਼ਰੂਰ ਫੈਲੀਆਂ ਹਨ ਪਰ ਸਰਕਾਰ ਇਸ ਸਬੰਧੀ ਆਮ ਨਿਰਦੇਸ਼ ਦੇਣ ਦਾ ਮਨ ਬਣਾ ਰਹੀ ਹੈ। ਉਨ੍ਹਾਂ ਆਖਿਆ ਕਿ ਕਿਊਬਿਕ ਸਰਕਾਰ ਇਸ ਪ੍ਰਸਤਾਵ ਬਾਰੇ ਇਸ ਸਾਲ ਦੇ ਅੰਤ ਵਿੱਚ ਜਨਤਕ ਤੌਰ ਉੱਤੇ ਸਲਾਹ ਮਸ਼ਵਰਾ ਕਰੇਗੀ। ਇਸੇ ਦੌਰਾਨ ਮੌਨਟ੍ਰੀਅਲ ਦੇ ਐਮਰਜੰਸੀ ਰੂਮ ਦੇ ਡਾਕਟਰ ਸੰਜੀਤ ਸਿੰਘ ਸਲੂਜਾ ਨੇ ਆਖਿਆ ਕਿ ਉਨ੍ਹਾਂ ਦੀ ਪੱਗ ਕਾਰਨ ਉਨ੍ਹਾਂ ਦੇ ਕੰਮ ਵਿੱਚ ਕਦੇ ਵੀ ਖਲਲ ਨਹੀਂ ਪਿਆ। ਉਨ੍ਹਾਂ ਦੱਸਿਆ ਕਿ ਉਹ ਮਾਂਟਰੀਅਲ ਵਿੱਚ ਹੀ ਪਲੇ ਵੱਡੇ ਹੋਏ ਹਨ ਤੇ ਇਸ ਥਾਂ ਨੂੰ ਛੱਡ ਕੇ ਜਾਣ ਦੀ ਗੱਲ ਵੀ ਉਨ੍ਹਾਂ ਦੇ ਮਨ ਵਿੱਚ ਕਦੇ ਨਹੀਂ ਆਈ ਪਰ ਜੇ ਕੰਮ ਜਾਂ ਆਪਣੀ ਪਛਾਣ ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਪੈਂਦੀ ਹੈ ਤਾਂ ਉਹ ਇੱਥੋਂ ਜਾਣ ਨੂੰ ਹੀ ਤਰਜੀਹ ਦੇਣਗੇ ਕਿਉਂਕਿ ਆਪਣੇ ਕੰਮ ਪਿੱਛੇ ਉਹ ਆਪਣੀ ਪਛਾਣ ਨਹੀਂ ਗੰਵਾ ਸਕਦੇ। ਕਿਊਬਿਕ ਐਸੋਸੀਏਸ਼ਨ ਆਫ ਪ੍ਰਾਈਵੇਟ ਡੇਅਕੇਅਰਜ਼ ਦੀ ਤਰਜ਼ਮਾਨ ਮੋਨਾਲੀਸਾ ਫੈਰੀਨਾਕੀ-ਬੋਰੇਗਾ ਨੇ ਆਖਿਆ ਕਿ ਜੇ ਕੰਮ ਵਾਲੀ ਥਾਂ ਉੱਤੇ ਇਸ ਤਰ੍ਹਾਂ ਸਿਰਾਂ ਉੱਤੇ ਧਾਰਨ ਕੀਤੇ ਜਾਣ ਵਾਲੇ ਚਿੰਨ੍ਹਾਂ ਉੱਤੇ ਰੋਕ ਲਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਕਿੱਤੇ ਨਾਲ ਜੁੜੇ ਕਾਮੇ ਤਲਾਸ਼ਣਾ ਔਖਾ ਹੋ ਸਕਦਾ ਹੈ। ਇਸ ਮੁੱਦੇ ਉੱਤੇ ਫੈਡਰਲ ਮੰਤਰੀ ਜੇਸਨ ਕੇਨੀ ਨੇ ਆਖਿਆ ਕਿ ਧਰਮ ਦੀ ਅਜ਼ਾਦੀ ਤਾਂ ਬੁਨਿਆਦੀ ਸਿਧਾਂਤ ਹੈ। ਕੋਈ ਵੀ ਬੱਚਾ ਇਸ ਲਈ ਘੱਟ ਕੈਨੇਡੀਅਨ ਨਹੀਂ ਹੋ ਸਕਦਾ ਕਿਉਂਕਿ ਉਹ ਕਿੱਪਾ, ਪੱਗ, ਕਰਾਸ ਜਾਂ ਹਿਜਾਬ ਪਾ ਕੇ ਸਕੂਲ ਜਾਂਦਾ ਹੈ।




**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

ANJALI AGARWAL

call @ 780-934-7217 (Cell) or Email anjali.agarwal@mortgagegroup.com

TMG

# ਚੰਡੀਗੜ੍ਹ ਵਿੱਚ ਮਾਂ ਬੋਲੀ ਦੀ ਬੇਕਦਰੀ ਵਿਰੁੱਧ ਧਰਨਾ





ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸੱਦੇ 'ਤੇ ਚੰਡੀਗੜ੍ਹ ਦੇ ਸੈਕਟਰ 17 ਵਿਚ ਲੇਖਕਾਂ ਵਲੋਂ ਲਾਏ ਗਏ ਧਰਨੇ ਦਾ ਦ੍ਰਿਸ਼। ਸੰਬੋਧਨ ਕਰੇ ਹੋਏ ਸਭਾ ਜਨਰਲ ਸਕੱਤਰ ਕਹਾਣੀਕਾਰ ਤਲਵਿੰਦਰ ਸਿੰਘ। ਫ਼ੋਟੋ: ਡਾ. ਕਰਮਜੀਤ ਸਿੰਘ

ਚੰਡੀਗੜ੍ਹ (ਨਦਬ) : ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਸੱਦੇ 'ਤੇ ਪੰਜਾਬ, ਚੰਡੀਗੜ੍ਹ ਅਤੇ ਹਰਿਆਣੇ ਤੋਂ ਵੱਡੇ ਗਿਣਤੀ ਵਿੱਚ ਪੁੱਜੇ ਲੇਖਕਾਂ ਨੇ ਚੰਡੀਗੜ੍ਹ (ਯੂ.ਟੀ.) ਵਿੱਚ ਸੰਵਿਧਾਨ ਦੀ ਉਲੰਘਣਾ ਕਰਕੇ ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਉਣ ਕਾਰਨ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਸ਼ਿਵਰਾਜ ਪਾਟਿਲ ਨੂੰ ਇੱਥੋਂ ਚੱਲਦਾ ਕਰਨ ਦੀ ਮੰਗ ਕੀਤੀ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ( ਡਾ.) ਨੇ ਸੈਕਟਰ-17 ਵਿਖੇ ਪੰਜਾਬੀ ਲੇਖਕਾਂ,ਸਾਹਿਤਕਾਰਾਂ, ਚੰਡੀਗੜ੍ਹ ਦੇ 23 ਪਿੰਡਾਂ ਦੇ ਵਾਸੀਆਂ, ਟਰੇਡ ਯੂਨੀਅਨ ਆਗੂਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜਾ ਰਾਜਪਾਲ ਤੇ ਚੰਡੀਗੜ੍ਹ ਦਾ ਪ੍ਰਸ਼ਾਸਕ ਦੇਸ਼ ਦੇ ਸੰਵਿਧਾਨ ਦੀ ਪਾਲਣਾ ਕਰਕੇ ਯੂ.ਟੀ. ਵਿੱਚ ਲੋਕਾਂ ਦੀ ਮਾਂ ਬੋਲੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦਿਵਾਉਣ ਤੋਂ ਅਸਮਰੱਥ ਹੈ ਉਸ ਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਕਿਸੇ ਵੀ ਰਾਜ ਦੇ ਰਾਜਪਾਲ ਜਾਂ ਯੂ.ਟੀ. ਦੇ ਪ੍ਰਸ਼ਾਸਕ ਦੀ ਮੁੱਖ ਜ਼ਿੰਮੇਵਾਰੀ ਸੰਵਿਧਾਨ ਨੂੰ ਲਾਗੂ ਕਰਨਾ ਬਣਦੀ ਹੈ। ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਭਾਰਤ ਸਰਕਾਰ ਸਪੱਸ਼ਟ ਕਰ ਚੁੱਕੀ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ, ਇਸ ਲਈ ਇੱਥੋਂ ਦੀ ਸਰਕਾਰੀ ਭਾਸ਼ਾ ਪੰਜਾਬੀ ਲਾਗੂ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਾਜ ਵਿੱਚ ਉਸਰੀਆਂ ਨਜਾਇਜ਼ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਤਾਂ ਬੜੇ ਕਾਹਲੇ ਹਨ ਪਰ ਯੂ.ਟੀ. ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਵਿੱਚ ਦਸਵੀਂ ਪਾਸ ਕਰਨ ਵਾਲੇ ਨੂੰ ਕੰਡਕਟਰੀ ਦੇ ਲਾਇਸੈਂਸ ਤੋਂ ਅਯੋਗ ਕਰਾਰ ਦੇਣ ਦੇ ਮੁੱਦੇ ਉਪਰ ਖਾਮੋਸ਼ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜੋਗਾ ਸਿੰਘ (ਡਾ.) ਨੇ ਕਿਹਾ ਕਿ ਸੰਵਿਧਾਨ ਤਹਿਤ ਕਿਸੇ ਵੀ ਕੇਂਦਰੀ ਸਾਸ਼ਿਤ ਪ੍ਰਦੇਸ਼ ਜਾਂ ਸੂਬੇ ਦੀ ਸਰਕਾਰੀ ਭਾਸ਼ਾ ਉਸ ਖਿੱਤੇ ਦੇ ਲੋਕਾਂ ਦੀ ਮਾਂ ਬੋਲੀ ਦੇ ਅਧਾਰ 'ਤੇ ਹੀ ਨਿਰਧਾਰਤ ਕੀਤੀ ਜਾ ਸਕਦੀ ਹੈ ਅਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਰਕਾਰੀ ਭਾਸ਼ਾ ਅੰਗਰੇਜੀ ਨਿਰਧਾਰਤ ਕਰਕੇ ਸਿੱਧੇ ਤੌਰ 'ਤੇ ਦੇਸ਼ ਨਾਲ ਧ੍ਰੋਹ ਕੀਤਾ ਗਿਆ ਹੈ ।

ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਤੇ ਜਨਰਲ ਸਕੱਤਰ ਤਲਵਿੰਦਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਰਵਾਉਣ,ਚੰਡੀਗੜ੍ਹ ਵਿੱਚ ਅੰਗਰੇਜ਼ੀ ਦੀ ਥਾਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦਿਵਾਉਣ ਅਤੇ ਦਿੱਲੀ ਯੂਨੀਵਰਸਿਟੀ ਦੀਆਂ ਪੰਜਾਬੀ ਵਿਰੋਧੀ ਨੀਤੀਆਂ ਨੂੰ ਨੱਥ ਪਾਉਣ ਲਈ ਸੰਘਰਸ਼ ਨਿਰੰਤਰ ਜਾਰੀ ਰਹੇਗਾ। ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਪ੍ਰਧਾਨ ਸ਼ਾਇਰ ਸੁਰਜੀਤ ਪਾਤਰ ਨੇ ਕਿਹਾ ਕਿ ਸਮੂਹ ਖੇਤਰੀ ਭਾਸ਼ਾਵਾਂ ਦਾ ਇੱਕ ਸਾਂਝਾ ਥੜ੍ਹਾ ਬਣਾ ਕੇ ਮਾਂ ਬੋਲੀ ਦੀ ਰੱਖਿਆ ਲਈ ਦਿੱਲੀ ਵਿਖੇ ਵੀ ਮੋਰਚਾ ਖੋਲ੍ਹਣ ਦੀ ਲੋੜ ਹੈ। ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਸਕੱਤਰ ਜਨਰਲ ਪ੍ਰੋਫੈਸਰ ਨਿਰਮਲ ਦੱਤ, ਨਾਟਕਕਾਰ ਡਾਕਟਰ ਆਤਮਜੀਤ, ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਡਾਇਰੈਕਟਰ ਡਾਕਟਰ ਦੀਪਕ ਮਨਮੋਹਨ ਨੇ ਵੀ ਇਸ ਮੌਕੇ ਮਾਂ ਬੋਲੀ ਦਾ ਹੋਕਾ ਦਿੱਤਾ।

ਚੰਡੀਗੜ੍ਹ ਦੇ ਪਿੰਡ ਕਜਹੇੜੀ ਦੀ ਐਮ. ਏ. ਪੰਜਾਬੀ ਦੀ ਵਿਦਿਆਰਥਣ ਨੇ ਇਸ ਮੌਕੇ ਦੱਸਿਆ ਕਿ ਯੂ.ਟੀ. ਦੇ ਸਕੂਲਾਂ ਵਿੱਚ ਪੰਜਾਬੀ ਮਾਧਿਅਮ ਦੀਆਂ ਪੁਸਤਕਾਂ ਨਾ ਹੋਣ ਕਾਰਨ ਉਹ ਹਿੰਦੀ ਦੀਆਂ ਪੁਸਤਕਾਂ ਪੜ੍ਹ ਕੇ ਪੰਜਾਬੀ 'ਚ ਪੇਪਰ ਦਿੰਦੀ ਰਹੀ ਹੈ। ਪੇਂਡੂ ਸੰਘਰਸ਼ ਕਮੇਟੀ ਚੰਡੀਗੜ੍ਹ ਦੇ ਸਰਪ੍ਰਸਤ ਬਾਬਾ ਸਾਧੂ ਸਿੰਘ ਤੇ ਬਾਬਾ ਗੁਰਦਿਆਲ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ ਸਰਪੰਚ ਅਤੇ ਜਨਰਲ ਸਕੱਤਰ ਜੋਗਿੰਦਰ ਸਿੰਘ ਬੁੜੈਲ ਨੇ ਕਿਹਾ ਕਿ 28 ਪੰਜਾਬੀ ਪਿੰਡ ਉਜਾੜ ਕੇ ਉਸਾਰੇ ਚੰਡੀਗੜ੍ਹ ਵਿਚੋਂ ਹੁਣ ਹਾਕਮਾਂ ਨੇ ਮਾਂ ਬੋਲੀ ਪੰਜਾਬੀ ਦਾ ਵੀ ਉਜਾੜਾ ਕਰ ਦਿੱਤਾ ਹੈ। ਪੰਜਾਬੀ ਲੇਖਕ ਸਭਾ ਸਿਰਸਾ ਦੇ ਸਰਪ੍ਰਸਤ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਦਫਤਰ ਅੱਗੇ ਪੰਜਾਬੀ ਵਿੱਚ ਲਿਖੀ ਤਖਤੀ ਲਟਕਾ ਕੇ ਹਰਿਆਣਾ ਵਿੱਚ ਪੰਜਾਬੀ ਲਾਗੂ ਕਰਨ ਦਾ ਦਾਅਵਾ ਕਰਨਾ ਇੱਕ ਮਜ਼ਾਕ ਹੈ। ਇਸ ਮੌਕੇ ਸੀਪੀਆਈ ਤੇ ਸੀਪੀਐਮ ਦੇ ਆਗੂਆਂ ਡਾਕਟਰ ਜੁਗਿੰਦਰ ਦਿਆਲ,ਚਰਨ ਸਿੰਘ ਵਿਰਦੀ, ਬੰਤ ਬਰਾੜ, ਭੁਪਿੰਦਰ ਸਾਂਬਰ ਤੇ ਮੰਗਤ ਰਾਮ ਪਾਸਲਾ ਨੇ ਵੀ ਪੰਜਾਬੀ ਭਾਸ਼ਾ ਦੇ ਹੱਕ ਵਿਚ ਛੇੜੇ ਸੰਘਰਸ਼ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਅਨੂਪ ਵਿਰਕ, ਦੇਵੀ ਦਿਆਲ ਸ਼ਰਮਾ, ਮਨਮੋਹਨ ਸਿੰਘ ਦਾਊਂ,ਸ਼ਿਰੀ ਰਾਮ ਅਰਸ਼ ਤੇ ਬਲਕਾਰ ਸਿੰਘ, ਸਰਬਜੀਤ ਸਿੰਘ (ਡਾ.), ਸੁਸ਼ੀਲ ਦੁਸਾਂਝ, ਸ਼ਬਦੀਸ਼, ਡਾਕਟਰ ਅਨੂਪ ਸਿੰਘ,ਕਰਮ ਸਿੰਘ ਵਕੀਲ, ਬਲਜੀਤ ਸਿੰਘ ਖਾਲਸਾ, ਪੰਡਿਤ ਰਾਓ, ਗੁਰਨਾਮ ਸਿੰਘ ਸਿੱਧੂ, ਰਜਿੰਦਰ ਸਿੰਘ ਬਡਹੇੜੀ ਨੇ ਵੀ ਸੰਘਰਸ਼ ਦੀ ਹਮਾਇਤ ਕੀਤੀ ਹੈ।।




ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

DOUBLE G HAIR SALON
MEN'S HAIR CUT $10
LADIES HAIR CUT $12
EYEBROW THREADING - FACIALWAX
78 Mandalay Drive, PH 204-633-2525

# ਪੀ.ਪੀ.ਐਫ.ਈ. ਵਲੋਂ ਗ਼ਦਰ ਸ਼ਤਾਬਦੀ ਵਰ੍ਹੇ ਨੂੰ ਸਮਰਪਤ ਨਾਟਕ 'ਨਿਸ਼ਾਨ-ਏ-ਗ਼ਦਰ' ਦੀ ਸਫ਼ਲ ਪੇਸ਼ਕਾਰੀ

## ਨਾਟਕ ਉਸ ਹੀ ਧਰਤੀ 'ਤੇ ਲਿਖਿਆ ਤੇ ਖੇਡਿਆ ਗਿਆ ਜਿਥੋਂ ਕਿ ਗ਼ਦਰ ਲਹਿਰ ਦੀ ਉਤਪਤੀ ਹੋਈ ਸੀ



ਐਡਮਿੰਟਨ (ਕਿਰਤਮੀਤ)-31 ਅਗਸਤ 2013 ਦਾ ਦਿਨ ਉਸ ਵੇਲੇ ਇਕ ਇਤਿਹਾਸਕ ਦਿਨ ਹੋ ਨਿਬੜਿਆ ਜਦ ਚਾਰ ਸਾਹਿਤਕ ਸਭਿਆਚਾਰਕ ਸੰਸਥਾਵਾਂ (ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਉਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ) 'ਤੇ ਅਧਾਰਤ ਬਣੀ ਸਾਂਝੀ ਸੰਸਥਾ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ ਵਿਖੇ ਗ਼ਦਰ ਸ਼ਤਾਬਦੀ ਵਰ੍ਹੇ ਵਿਚ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਵਜੋਂ ਗ਼ਦਰ ਲਹਿਰ ਨਾਲ ਸਬੰਧਤ ਨਾਟਕ 'ਨਿਸ਼ਾਨ-ਏ-ਗ਼ਦਰ' ਦਾ ਬੜੀ ਸਫ਼ਲਤਾ ਨਾਲ ਪੇਸ਼ਕਾਰੀ ਕੀਤੀ ਗਈ। ਇਸ ਨਾਟਕ ਦੇ ਲੇਖਕ ਤੇ ਨਿਰਦੇਸ਼ਕ ਪ੍ਰਸਿੱਧ ਰੰਗ ਕਰਮੀ ਤੇ ਅਗਾਂਹਵਧੂ ਵਿਚਾਰਧਾਰਾ ਨੂੰ ਪ੍ਰਣਾਏ ਅੱਧੀ ਸਦੀ ਰੰਗ ਮੰਚ ਦੇ ਲੇਖੇ ਲਾਉਣ ਵਾਲੇ ਸੁਹਿਰਦ ਤੇ ਲੋਕ ਪੱਖੀ ਕਲਾਕਾਰ 'ਦਵਿੰਦਰ ਦਮਨ' ਸਨ। ਇਸ ਨਾਟਕ ਦੀ ਵਿਸ਼ੇਸਤਾ ਤੇ ਵਿਲੱਖਤਾ ਇਹ ਵੀ ਸੀ ਕਿ ਕਿਸੇ ਵੀ ਘਟਨਾ ਜਾਂ ਅੰਦੋਲਨ ਦੇ ਕਿਸੇ ਵਿਅਕਤੀ ਵਿਸ਼ੇਸ਼ 'ਤੇ ਤਾਂ ਕਾਫ਼ੀ ਨਾਟਕ ਪ੍ਰਾਪਤ ਹੋ ਜਾਂਦੇ ਹਨ, ਪਰ ਕਿਸੇ ਵੀ ਸਮੁੱਚੇ ਅੰਦੋਲਨ ਜਾਂ ਕਿਸੇ ਵੀ ਸਮੁੱਚੀ ਘਟਨਾ 'ਤੇ ਲਿਖਿਆ ਗਿਆ ਇਹ ਪਹਿਲਾ ਨਾਟਕ ਸੀ ਅਤੇ ਇਹ ਨਾਟਕ ਉਸ ਹੀ ਧਰਤੀ 'ਤੇ ਲਿਖਿਆ ਤੇ ਖੇਡਿਆ ਗਿਆ ਜਿਥੋਂ ਕਿ ਇਸ ਲਹਿਰ ਦੀ ਉਤਪਤੀ ਹੋਈ ਸੀ।

ਅੱਜ ਤੋਂ ਸੌ ਵਰ੍ਹੇ ਪਹਿਲਾਂ ਭਾਰਤ ਤੋਂ ਅਤਿ ਗ਼ਰੀਬੀ, ਬੇਵੱਸੀ ਦੇ ਭੰਨੇ ਲੋਕ ਚੰਗੀ ਜ਼ਿੰਦਗੀ ਜਿਊਣ ਤੇ ਸੁੰਦਰ ਭਵਿੱਖ ਦੇ ਸੁਪਨੇ ਲੈ ਕੇ ਅਮਰੀਕਾ, ਕਨੇਡਾ ਦੀ ਧਰਤੀ 'ਤੇ ਪਹੁੰਚੇ। ਜਿਨ੍ਹਾਂ ਨੇ ਨਸਲੀ ਭਿੰਨ ਭੇਦ, ਸਮਾਜਕ ਆਰਥਕ, ਨਾਬਰਾਬਰੀ, ਆਪਣੇ ਦੇਸ਼ ਦੀ ਗੁਰਬਤ, ਭੁੱਖਮਰੀ ਤੇ ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਹਾਸਲ ਕਰਨ ਲਈ ਆਪਣੇ ਦੇਸ਼ ਭਾਰਤ ਵੱਲ ਵਾਪਸ ਵਹੀਰਾਂ ਘੱਤੀਆਂ। ਇਥੇ ਅਮਰੀਕਾ, ਕਨੇਡਾ ਵਿਚ ਰਹਿ ਰਹੇ ਕੁਝ ਸੁਹਿਰਦ ਲੋਕਾਂ ਨੇ ਸਮੂਹ ਭਾਰਤੀਆਂ ਨੂੰ ਆਪਣੇ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ ਜਾਗਰੂਕ ਤੇ ਲਾਮਬੰਦ ਕੀਤਾ ਅਤੇ ਗ਼ਦਰ ਪਾਰਟੀ ਬਣਾਈ। ਭਾਰਤ ਵਿਚ ਜਾ ਕੇ ਗ਼ਦਰ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਦੇਸ਼ ਨੂੰ ਆਜ਼ਾਦ ਕਰਾਉਣ ਤੇ ਭਾਰਤ ਵਿਚੋਂ ਪੱਕੇ ਤੌਰ 'ਤੇ ਗ਼ਰੀਬ ਭੁੱਖਮਰੀ, ਆਰਥਕ/ਸਮਾਜਕ ਨਾ ਬਰਾਬਰੀ, ਬੇਰੁਜ਼ਗਾਰੀ, ਮਹਿੰਗਾਈ, ਅਨਪੜ੍ਹਤਾ, ਅੰਧਵਿਸ਼ਵਾਸ, ਫਿਰਕਾਪ੍ਰਸਤੀ ਨੂੰ ਖ਼ਤਮ ਕਰਨ ਲਈ ਵਾਪਸ ਭਾਰਤ ਵੱਲ ਕੂਚ ਕੀਤਾ। ਭਾਰਤ ਜਾ ਕੇ ਗ਼ਦਰ ਲਈ ਥਾਂ-ਥਾਂ ਛਾਉਣੀਆਂ ਵਿਚ ਜਾ ਕੇ ਆਮ ਲੋਕਾਂ ਤੀਕ ਪਹੁੰਚ ਕਰ ਕੇ ਗ਼ਦਰੀ ਸੋਚ ਨੂੰ ਪਰਬਲ ਕੀਤਾ ਅਤੇ ਸਾਮਰਾਜੀ ਅੰਗਰੇਜ਼ ਹਕੂਮਤ ਵਲੋਂ ਦਿੱਤਾ ਹਰ ਤਸੀਹਾ, ਫਾਂਸੀਆਂ, ਕਾਲੇ ਪਾਣੀਆਂ ਦੀ ਉਮਰ ਕੈਦਾਂ, ਚੱਕੀ ਬੰਦ ਬੇੜੀਆਂ ਦਾ ਸਾਹਮਣਾ ਕੀਤਾ। ਭਾਵੇਂ ਗ਼ਦਰ ਪਾਰਟੀ ਦਾ ਹਥਿਆਰਬੰਦ ਸੰਘਰਸ਼ ਰਾਹੀਂ ਸਾਮਰਾਜੀ ਗੁਲਾਮੀ ਦਾ ਜੂਲਾ ਉਤਾਰ ਕੇ ਆਜ਼ਾਦੀ ਹਾਸਲ ਕਰਨ ਦਾ ਨਿਸ਼ਾਨਾ ਤਾਂ ਮਿਥੀ ਯੋਜਨਾ ਮੁਤਾਬਕ ਅਸਫਲ ਹੋ ਗਿਆ ਅਤੇ ਅੰਗਰੇਜ਼ਾਂ ਨੇ ਅੰਨ੍ਹੇ ਜਬਰ ਨਾਲ ਇਸ ਨੂੰ ਦਬਾ ਦਿੱਤਾ, ਪ੍ਰੰਤੂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਗ਼ਦਰੀ ਲਹਿਰ ਤੋਂ ਬਾਅਦ ਪੰਜਾਬ ਦੀ ਧਰਤੀ ਉਪਰ ਕੋਈ ਵੀ ਐਸੀ ਅਗਾਂਹਵਧੂ ਲਹਿਰ ਨਹੀਂ ਹੈ ਜਿਸ ਉਪਰ ਗ਼ਦਰ ਪਾਰਟੀ ਦੇ ਸਿਧਾਂਤਾਂ ਅਤੇ ਕੁਰਬਾਨੀਆਂ ਦੀ ਛਾਪ ਨਾ ਦਿਸਦੀ ਹੋਵੇ। ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ, ਸ਼ਹੀਦ-ਇ-ਆਜ਼ਮ ਭਗਤ ਸਿੰਘ ਦੀ ਨੌਜਵਾਨ ਭਾਰਤ ਸਭਾ ਆਦਿ ਮਹਾਨ ਕਰਾਂਤੀਕਾਰੀ ਲਹਿਰਾਂ ਦੇ ਆਗੂ ਗ਼ਦਰ ਪਾਰਟੀ ਦੀ ਹੱਕ ਸੱਚ ਦੀ ਲੜਾਈ ਤੋਂ ਅਤਿਅੰਤ ਪ੍ਰਭਾਵਿਤ ਹੋਏ ਅਜੋਕੇ ਸਮਿਆਂ ਵਿਚ ਵੀ ਗ਼ਦਰ ਪਾਰਟੀ ਦੇ ਨਿਸ਼ਾਨਿਆਂ ਅਤੇ ਅਦਰਸ਼ਾਂ ਦੀ ਪੂਰੀ ਤਰ੍ਹਾਂ ਪ੍ਰਸੰਗਕਤਾ ਹੈ । ਅੱਜ ਗ਼ਦਰ ਪਾਰਟੀ ਦੇ ਆਗੂਆਂ ਦੇ ਮਿਸ਼ਨਰੀ, ਸਾਦਾ ਅਤੇ ਕੁਰਬਾਨੀਆਂ ਭਰਪੂਰ ਜੀਵਨ ਤੋਂ ਸੇਧ ਤੇ ਪ੍ਰੇਰਨਾ ਲੈਣ ਦੀ ਜ਼ਰੂਰਤ ਪਿਛਲੇ ਕਿਸੇ ਵੀ ਸਮਿਆਂ ਨਾਲੋਂ ਜ਼ਿਆਦਾ ਹੈ। ਇਸ ਸਮੁੱਚੀ ਘਟਨਾ ਨੂੰ ਇਕ ਹੀ ਨਾਟਕ ਰਾਹੀਂ ਪੇਸ਼ ਕਰ ਸਕਣਾ ਬਹੁਤ ਹੀ ਕਠਿਨ ਕਾਰਜ ਸੀ। ਪਰ ਇਹ ਕਾਰਜ 'ਦਵਿੰਦਰ ਦਮਨ' ਅਤੇ 'ਰੰਗਕਰਮੀ ਕਲਾਕਾਰਾਂ' ਦੀ ਟੀਮ ਨੇ ਬਹੁਤ ਹੀ ਸਫ਼ਲਤਾ ਪੂਰਵਕ ਨਿਭਾ ਕੇ ਇਕ ਮਿਸਾਲ ਕਾਇਮ ਕੀਤੀ। ਇਸ ਸਫ਼ਲਤਾ ਦਾ ਕਾਰਨ ਇਹ ਵੀ ਹੈ ਕਿ ਦਵਿੰਦਰ ਦਮਨ ਅਤੇ ਨਾਟਕ ਦੇ ਕਲਾਕਾਰਾਂ ਦਾ ਮੰਨਣਾ ਹੈ ਕਿ ਸਥਾਪਤੀ/ਸਰਮਾਏਦਾਰੀ ਦੇ ਹੱਕ ਵਿਚ ਭੁਗਤਣ ਦੀ ਬਜਾਏ ਲੋਕ ਮਸਲਿਆਂ ਨੂੰ ਉਜਾਗਰ ਕਰਦੇ ਹੋਏ ਲੋਕਾਂ ਦੇ ਹੱਕ 'ਚ ਖਲੋਣਾ ਚਾਹੀਦਾ ਹੈ, ਪ੍ਰਸਥਿਤੀਆਂ ਭਾਵੇਂ ਕੁਝ ਵੀ ਹੋਣ।

ਤਕਰੀਬਨ ਢਾਈ ਘੰਟੇ ਲਗਾਤਾਰ ਚਲੇ ਇਸ ਨਾਟਕ ਨੇ ਖੱਚ-ਖੱਚ ਭਰੇ ਹਾਲ ਵਿਚ ਦਰਸ਼ਕਾਂ ਨੂੰ ਐਸਾ ਕੀਲ ਕੇ ਬੰਨੀ ਰੱਖਿਆ ਕਿ ਹਾਲ ਵਿਚ ਲਗਾਤਾਰ ਸੰਨਾਟਾ ਛਾਇਆ ਰਿਹਾ। ਨਾਟਕ ਦੇ ਦੋ ਤਿੰਨ ਸੀਨ ਤਾਂ ਐਸੇ ਭਾਵ-ਪੂਰਵਕ ਢੰਗ ਨਾਲ ਆਪਣੀ ਸਿਖ਼ਰ ਵੱਲ ਪੁੱਜੇ ਕਿ ਕਈ ਸਰੋਤਿਆਂ ਦੀਆਂ ਕਈ ਵਾਰ ਅੱਖਾਂ ਨਮ ਹੋ ਗਈਆਂ। ਭਾਰਤ ਛੱਡ ਕੇ ਅਮਰੀਕਾ ਪੁੱਜਣ ਦੀ ਮਜਬੂਰੀ, ਅਮਰੀਕਾ ਪੁੱਜ ਕੇ ਹੋ ਰਹੇ ਨਸਲੀ ਵਿਤਕਰੇ, ਗੁਲਾਮ ਭਾਰਤੀਆਂ ਨਾਲ ਦੁਰਵਿਵਹਾਰ, ਭਾਰਤ ਵਿਚ 1857 ਤੋਂ ਪਹਿਲੇ ਗ਼ਦਰ ਤੋਂ ਬਾਅਦ ਦੇ ਬਦਲ ਰਹੇ ਸਮਾਜਕ ਰਾਜਨੀਤਕ ਹਾਲਾਤ, ਅਮਰੀਕਾ, ਕਨੇਡਾ ਪੁੱਜੇ ਪੰਜਾਬੀਆਂ ਦੀ ਹੱਡ ਭੰਨਵੀਂ ਮਿਹਨਤ, ਪਿੱਛੇ ਛੱਡ ਕੇ ਆਏ ਪਰਿਵਾਰਾਂ ਦੀ ਤਰਸਯੋਗ ਹਾਲਤ, ਉਡੀਕਾਂ ਵਿਚ ਤੜਪ ਰਹੀ ਜਵਾਨੀ ਦੇ ਮਾਰੇ, ਅਮਰੀਕਾ ਵਿਖੇ ਭਾਰਤੀਆਂ ਦਾ ਏਕਾ ਉਸਾਰਨਾ ਤੇ ਜਥੇਬੰਦੀ ਬਣਾਉਣਾ, ਫੇਰ ਭਾਰਤ ਜਾਣਾ ਗ਼ਦਰ ਲਈ ਜਦੋ ਜ਼ਹਿਦ ਤੇ ਫੇਰ ਸੂਹੀਆਂ ਰਾਹੀਂ ਮੁਖ਼ਬਰੀ ਕਾਰਨ ਫੜੇ ਗਏ ਗ਼ਦਰੀ ਯੋਧੇ, ਝੂਠੇ ਮੁਕੱਦਮੇ ਤੇ ਫਾਂਸੀਆਂ। ਸਾਰੇ ਵਰਤਾਰੇ ਨੂੰ ਹੂ-ਬ-ਹੂ ਨਿਭਾਅ ਕੇ ਸਾਹਿਤ ਦੀ ਸਭ ਤੋਂ ਸੂਖਮ ਵਿਧਾ ਨਾਟਕ ਨਾਲ ਦਮਨ ਤੇ ਕਲਾਕਾਰਾਂ ਨੇ ਰੰਗਮੰਚ ਨਾਲ ਸੱਚਮੁਚ ਇਨਸਾਨ ਦੀ ਗਵਾਹੀ ਭਰੀ। ਇਤਿਹਾਸਕ ਨਾਟਕ ਨਾਲ ਇਨਸਾਫ਼ ਹੋਇਆ, ਸਭ ਨੇ ਮਹਿਸੂਸ ਕੀਤਾ। ਸਾਰਾ ਕੁਝ ਦਰਸ਼ਕਾਂ ਨੂੰ ਆਪਣੇ ਦੇਸ਼ ਲਈ ਮਰ ਮਿਟਣ ਵਾਸਤੇ ਪ੍ਰੇਰਿਤ ਕਰਨ 'ਚ ਸਫ਼ਲ ਰਿਹਾ। ਭਾਰਤ ਦੀ ਅੱਜ ਦੀ ਹਾਲਤ ਕਿ ਜਿਸ ਬਾਰੇ ਗ਼ਦਰੀ ਬਾਬਿਆਂ ਨੇ ਸੁਪਨੇ ਲਏ ਸਨ, ਉਹ ਪੂਰੇ ਨਹੀਂ ਹੋਏ। ਕਿਵੇਂ ਉਥੇ ਗ਼ਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਇਨਸਾਫ਼ੀ ਤੇ ਅੰਧਵਿਸ਼ਵਾਸ ਹੈ ਅਤੇ ਫੇਰ ਤੋਂ ਗ਼ਦਰੀ ਲਹਿਰ ਵਰਗੀ ਲਹਿਰ ਬਣਾ ਕੇ ਦੇਸ਼ ਨੂੰ ਅਜੋਕੇ ਕਾਲੇ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਦੀ ਲੋੜ ਹੈ, ਨਾਟਕ ਇਹ ਹੋਕਾ ਦੇਣ 'ਚ ਵੀ ਸਫ਼ਲ ਰਿਹਾ।

ਸਟੇਜ ਸਕੱਤਰ ਦੀ ਭੂਮਿਕਾ ਪੀ.ਪੀ.ਐਫ਼.ਈ. ਦੇ ਖਜ਼ਾਨਚੀ ਨਵਤੇਜ ਬੈਂਸ ਨੇ ਨਿਭਾਉਦਿਆਂ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਗ਼ਦਰ ਸ਼ਤਾਬਦੀ ਵਰ੍ਹੇ 2013 'ਚ ਕਰਵਾਏ ਗਏ ਅਤੇ ਆਉਣ ਵਾਲੇ ਸਮਾਗਮਾਂ ਬਾਰੇ ਹਾਜਰੀਨ ਨੂੰ ਜਾਣੂ ਕਰਵਾਇਆ। ਉਪਰੰਤ ਪੀ.ਪੀ.ਐਫ਼.ਈ. ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਪੀ.ਪੀ.ਐਫ਼.ਈ. ਵੱਲੋਂ ਗ਼ਦਰ ਸ਼ਤਾਬਦੀ ਵਰ੍ਹੇ ਵਿਚ ਕੀਤੇ ਗਏ ਸਮਾਗਮਾਂ ਦੀ ਲੋੜ 'ਤੇ ਚਾਨਣਾ ਪਾਉਦਿਆਂ ਕਿਹਾ ਕਿ ਅਯੋਕੀ ਪੀੜੀ ਨੂੰ ਸਾਡੇ ਗ਼ਦਰੀ ਬਾਬਿਆਂ ਦੇ ਸੰਗਰਸ਼ ਤੋਂ ਜਾਣੂ ਕਰਾਉਣਾ ਬੇਹੱਦ ਲਾਜਮੀ ਹੈ। ਪੰਜਾਬ ਤੋਂ ਆਏ ਪੰਜਾਬੀ ਗ਼ਜ਼ਲਕਾਰ ਤੇ ਲੇਖਕ ਮੱਖਣ ਕੁਹਾੜ ਨੇ ਗ਼ਦਰ ਲਹਿਰ ਤੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਗ਼ਜ਼ਲਾਂ, ਜਿਵੇਂ 'ਚਲਣਾ ਹੈ ਗ਼ਦਰੀ ਦੀਆਂ ਪੈੜ੍ਹਾਂ ਤੇ ਪੈਰ ਧਰਕੇ' ਆਦਿ ਰਾਹੀਂ ਵਧੀਆ ਸਮਾਂ ਬੰਨਿਆਂ। ਇਸ ਦੇ ਨਾਲ ਹੀ ਚਾਰ ਸਾਹਿਤਕ ਸਭਿਆਚਾਰਕ ਸੰਸਥਾਵਾਂ (ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਉਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ) 'ਤੇ ਅਧਾਰਤ ਬਣੀ ਸਾਂਝੀ ਸੰਸਥਾ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਬੰਧਕਾਂ ਵਲੋਂ ਦਵਿੰਦਰ ਦਮਨ ਨੂੰ ਸਨਮਾਨਿਤ ਕੀਤਾ ਗਿਆ। ਫ਼ੋਟੋਗ੍ਰਾਫ਼ੀ ਦੀ ਸੇਵਾ ਬਲਜੀਤ ਲੱਲ ਅਤੇ ਵੀਡੀਓਗ੍ਰਾਫ਼ੀ ਦੀਆਂ ਸੇਵਾਵਾਂ ਗੁਰਪ੍ਰੀਤ ਗਿੱਲ ਤੇ ਹਰਜੀਤ ਜੰਡੂ ਨੇ ਨਿਭਾਈਆਂ। ਜਦਕਿ ਮੇਕਅੱਪ ਗੁਰਜੀਤ ਕੰਗ ਤੇ ਪਵਿੱਤਰ ਧਾਲੀਵਾਲ ਵੱਲੋਂ ਕੀਤਾ ਗਿਆ। ਰਹਿਨ ਦਿਓਲ, ਸਮੀਰ ਬੈਂਸ, ਅਰਮਨ ਦਿਓਲ, ਜੌਸ਼ ਸੂਚ, ਹਰਪ੍ਰੀਤ ਰੰਧਾਵਾ, ਅਵਨੀਤ ਰੰਧਾਵਾ, ਚੰਦਨ ਬਰਾੜ, ਰੈਂਡੀ ਸ਼ਰਮਾ, ਅਦੇਸ਼ ਸਾਂਗਿਆਣ, ਪ੍ਰਿਥਮ ਸਾਂਗਿਆਣ, ਜਸਲੀਨ ਮਾਨ, ਸੁਰਸ਼ਾਨ ਮਾਨ, ਨਵੀ ਗਿੱਲ, ਨਵੀ ਸੰਘਾ, ਗੁਰਮੇਲ ਧਾਲੀਵਾਲ ਆਦਿ ਨੇ ਵਲੰਟੀਅਰ ਵੱਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਇਲਾਵਾ ਨਾਟਕ ਦੇ ਗੀਤ ਜੋ ਕਿ ਦਵਿੰਦਰ ਦਮਨ ਨੇ ਹੀ ਲਿਖੇ ਸਨ ਨੂੰ ਗਾਉਣ ਲਈ ਗਾਇਕ ਦਮਨ ਦੀ ਸਿਮਰਪ੍ਰੀਤ ਸਿੰਘ ਨੇ ਸਹਾਇਤਾ ਕੀਤੀ। ਇਸ ਨਾਟਕ ਨੂੰ ਸੀ.ਡੀ. ਰਾਹੀਂ ਘਰ-ਘਰ ਪਹੁੰਚਾਉਣ ਦੀ ਮੰਗ ਕਰਦੇ ਦਰਸ਼ਕ ਇਕ ਭਾਵ ਪੂਰਵਕ ਦੇਸ਼ ਭਗਤੀ ਦਾ ਸੁਨੇਹਾ ਲੈ ਕੇ ਘਰਾਂ ਨੂੰ ਪਰਤੇ।



### ਨਾਟਕ ਕਲਾਕਾਰਾਂ ਦੀ ਭੂਮਿਕਾ

**ਬਖ਼ਸ਼ ਸੰਘਾ :** ਸੰਤੀ, ਨਵਾਬ ਖਾਨ ਦੀ ਮਾਂ
**ਜਸਬੀਰ ਸੰਘਾ:** ਕਿਸਾਨ ਸਿੰਗਾਰਾ ਸਿੰਘ, ਊਦਮ ਸਿੰਘ
**ਜੋਗਿੰਦਰ ਰੰਧਾਵਾ:** ਚੌਕੀਦਾਰ ਨੱਥੂ, ਜੀ.ਡੀ. ਕੁਮਾਰ, ਜਗਤ ਸਿੰਘ
**ਕਿਰਤਮੀਤ ਕੁਹਾੜ:** ਸ਼ਾਹ, ਚੈਚਲ ਸਿੰਘ, ਲਾਲਾ ਹਰਦਿਆਲ, ਗ਼ਦਰੀ ਕੈਦੀ
**ਤਰੰਨਮ ਕੁਹਾੜ:** ਗੁੱਡੀ
**ਗੁਰਬਖ਼ਸ਼ੀਸ ਖੱਟੜਾ:** ਰਾਮਾ, ਕੈਦੀ ਗ਼ਦਰੀ
**ਜਸਪ੍ਰੀਤ ਜੁੱਗੂ:** ਨੂੰਹ
**ਊਸ਼ਾ ਭੱਚੂ:** ਚੰਦ ਕੌਰ
**ਵਰਿੰਦਰ ਭੱਚੂ:** ਜੱਜ
**ਗੁਰਵਿੰਦਰ (ਸੋਨੀ) ਗਿੱਲ:** ਵਕੀਲ ਪੈਟਮੈਨ
**ਗਰਸੇਵਕ ਮਾਨ:** ਫ਼ਾਰਮ ਵਰਕਰ, ਟੁੰਡੀ ਲਾਟ, ਕਾਸ਼ੀ ਰਾਮ
**ਅਮਰਿੰਦਰ ਬਰਾੜ:** ਫ਼ਾਰਮ ਵਰਕਰ, ਕੋਰਟ ਕਲਰਕ
**ਗੁਰਜੀਤ ਕੰਗ:** ਸਾਅ ਮਿੱਲ ਮਾਲਕ, ਜੱਜ
**ਸਿਮਰਨਜੋਤ (ਸੰਨੀ) ਧਾਲੀਵਾਲ:** ਸੋਹਣ ਸਿੰਘ ਭਕਨਾ
**ਸੁਰਿੰਦਰ ਦਿਓਲ:** ਕਰੀਮ ਬ਼ਖਸ, ਗੌਸ ਖਾਨ
**ਭਜਨ ਥਿੰਦ:** ਗਿਆਨੀ, ਜੱਜ
**ਗੁਰਪਾਲ ਅਟਵਾਲ:** ਕਰਤਾਰ ਸਿੰਘ ਸਰਾਭਾ
**ਪ੍ਰਤੀਕ ਮਾਨ:** ਰਜਿੰਦਰ ਪੈਂਨਸ਼ਨੀਆ, ਸੁੱਚਾ ਸਿੰਘ
**ਸੁਖਰਮਨ ਸਿੰਘ:** ਨਵਾਬ ਖਾਨ
**ਤਰਕਜੋਤ ਢਿੱਲੋਂ:** ਮੁਦੱਈ ਵਕੀਲ
**ਸਿਮਰਪ੍ਰੀਤ ਸਿੰਘ** : ਸਹਾਇਕ ਗਾਇਕ

# ਐਡਮਿੰਟਨ ਕੌਂਸਲ ਚੋਣਾਂ : ਆਪਣੇ ਉਮੀਦਵਾਰਾਂ ਨੂੰ ਜਾਣੋ

## ਸ਼ਹਿਰ ਦੇ ਵਿਕਾਸ ਵਿਚ ਯੋਗਦਾਨ ਪਾਉਣ ਦਾ ਇਛੁੱਕ ਹਾਂ: ਹਾਰਵੇ ਪਨੇਸਰ

ਹਾਰਵੇ ਪਨੇਸਰ ਪੰਜਾਬੀ ਭਾਈਚਾਰੇ ਨਾਲ ਸਬੰਧਤ ਅਜਿਹਾ ਨੌਜਵਾਨ ਉਮੀਦਵਾਰ ਹੈ, ਜਿਸ ਦੀ ਪੜ੍ਹਾਈ ਅਤੇ ਪਾਲਣ ਪੋਸ਼ਣ ਵਾਰਡ ਨੰ: 11 ਵਿਚ ਹੋਇਆ ਹੈ। ਉਹ ਇਸ ਵਾਰਡ ਦੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਜਿੱਤ ਤੋਂ ਬਾਅਦ ਨਿਸਚਤ ਤੌਰ ’ਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰੇਗਾ। ਹਾਰਵੇ ਪਨੇਸਰ ਦੀ ਕਾਬਲੀਅਤ ਦਾ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਨੇ ਚੜ੍ਹਦੀ ਉਮਰ ਵਿਚ ਹੀ ਉਦਯੋਗ ਦੇ ਖੇਤਰ ਵਿਚ ਆਪਣੇ ਆਪ ਨੂੰ ਸਥਾਪਤ ਕਰ ਲਿਆ। ਹਾਰਵੇ ਨੇ ਉਦਯੋਗ ਦੇ ਵੱਖ-ਵੱਖ ਖੇਤਰਾਂ ਵਿਚ ਪੂਰੀ ਦਲੇਰੀ ਨਾਲ ਨਵੀਂਆਂ ਪਹਿਲਕਦਮੀਆਂ ਕੀਤੀਆਂ ਤੇ ਸਫਲਤਾ ਹਾਸਲ ਕੀਤੀ। ਰੀਅਲ ਅਸਟੇਟ ਤੇ ਉਸਾਰੀ ਦੇ ਕੰਮ ਵਿਚ ਉਸ ਨੇ ਨਵੀਂਆਂ ਬੁਲੰਦੀਆਂ ਨੂੰ ਛੁਹਿਆ। ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵੀ ਹਾਰਵੇ ਪਨੇਸਰ ਉਚੇਚੇ ਯਤਨ ਕਰ ਰਿਹਾ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਉਸ ਨੇ ਚੋਣ ਲੜਨ ਦਾ ਫੈਸਲਾ ਕਿਉਂ ਕੀਤਾ ਤਾਂ ਉਸ ਦਾ ਜਵਾਬ ਸੀ ਕਿ ਸੁਚੇਤ ਨਾਗਰਿਕ



ਹੋਣ ਕਾਰਨ ਮੈਨੂੰ ਦੋਸਤਾਂ ਵੱਲੋਂ ਚੋਣ ਲੜਨ ਲਈ ਉਤਸ਼ਾਹਤ ਕੀਤਾ ਗਿਆ, ਜਿਸ ਤੋਂ ਬਾਅਦ ਮੈਂ ਚੋਣ ਲੜਨ ਦਾ ਫੈਸਲਾ ਲਿਆ। ਪਰ ਇਸ ਤੋਂ ਵੀ ਅੱਗੇ ਨਿੱਜੀ ਤੌਰ ’ਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਸ ਸਮਾਜ ਦਾ ਮੇਰੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਹੈ, ਇਸ ਲਈ ਹੁਣ ਮੈਨੂੰ ਵੀ ਸਮਾਜ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ।

**ਵਾਰਡ ਨੰ: 11**

☛ ਬਾਕੀ ਸਫ਼ਾ 41 ’ਤ

## ਆਦਰਸ਼ ਸਮਾਜ ਦੀ ਸਿਰਜਣਾ ਲਈ ਸਰਗਰਮ ਹਾਂ: ਮੁਜਾਹਿਦ ਚੱਕ

ਐਡਮਿੰਟਨ- ਮੁਜਾਹਿਦ ਚੱਕ ਵੱਲੋਂ ਵਾਰਡ ਨੰਬਰ 11 ਤੋਂ ਸਿਟੀ ਕੌਂਸਲ ਦੀਆਂ ਚੋਣਾਂ ਲੜਨ ਦਾ ਰਸਮੀ ਤੌਰ ‘ਤੇ ਐਲਾਨ ਕਰ ਦਿੱਤਾ ਗਿਆ ਹੈ। ਉਹ ਪਿਛਲੇ 38 ਸਾਲਾਂ ਤੋਂ ਇਸ ਵਾਰਡ ਵਿੱਚ ਇੱਕ ਸੂਝਵਾਨ ਨਾਗਰਿਕ ਵਜੋਂ ਵਿਚਰ ਰਹੇ ਹਨ। ਮੁਜਾਹਿਦ ਚੱਕ ਲੰਮੇ ਸਮੇਂ ਤੋਂ ਨਾ ਸਿਰਫ਼ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸਿਆਣਪ ਨਾਲ ਨਿਭਾ ਰਹੇ ਹਨ ਸਗੋਂ ਇਸਦੇ ਨਾਲ-ਨਾਲ ਉਹ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਪੂਰੀ ਤਰ੍ਹਾਂ ਸੁਚੇਤ ਰਹੇ ਹਨ। ਉਹ ਲੋਕ ਭਲਾਈ ਅਤੇ ਸੱਭਿਆਚਾਰਕ ਕਾਰਜਾਂ ਵਿੱਚ ਸਰਗਰਮ ਰਹਿਣ ਵਾਲੇ ਵਿਅਕਤੀ ਹਨ ਜਿਨ੍ਹਾਂ ਦਾ ਮਨੁੱਖਤਾ ਅਤੇ ਲੋਕਤਾਂਤਰਿਕ ਕਦਰਾਂ-ਕੀਮਤਾਂ ਵਿੱਚ ਪੂਰਨ ਵਿਸ਼ਵਾਸ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਆਦਰਸ਼ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਹਾਂ ਤਾਂ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਧਾਰਮਿਕ, ਆਰਥਿਕ, ਨਸਲੀ, ਲਿੰਗ ਅਤੇ ਉਮਰ ਦੇ ਭੇਦ-ਭਾਵਾਂ ਨੂੰ ਤਿਆਗ ਕੇ ਆਪਸੀ ਇਕਜੁਟਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਮੁਜਾਹਿਦ ਚੱਕ



ਉਹ ਵਿਅਕਤੀ ਹੈ ਜਿਸ ਨੇ ਹਿੰਦੀ, ਉਰਦੂ ਅਤੇ ਪੰਜਾਬੀ ਵਿੱਚ ਰੇਡਿਓ ਸ਼ੋਅ ਦੀ ਸ਼ੁਰੂਆਤ ਕੀਤੀ ਅਤੇ ਸੀਕੇਈਆਰ ਰੇਡਿਓ ਸਟੇਸ਼ਨ ਨੂੰ ਉਹਨਾਂ ਨੇ ਆਪਣੇ ਯਤਨਾਂ ਸਦਕਾ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਲਈ ਆਪਸੀ ਤਾਲਮੇਲ ਦਾ ਇੱਕ ਸਾਂਝਾ ਮੰਚ ਬਣਾਇਆ। ਉਹ ਲਗਾਤਾਰ ਇਸ ਕੰਮ ਵਿੱਚ ਜੁਟੇ ਰਹੇ। ਹੁਣ ਉਹ ਰੇਡਿਓ ਦੇਸ਼ ਪੰਜਾਬੀ ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ ਤੇ ਨੌਜਵਾਨਾਂ ਨੂੰ ਨਰੋਈ ਸੇਧ ਦੇਣ ਲਈ ਕਲਾ, ਸੱਭਿਆਚਾਰ ਅਤੇ

☛ ਬਾਕੀ ਸਫ਼ਾ 41 ’ਤੇ

## ਵਾਰਡਾਂ ਦੇ ਆਧੁਨਿਕੀਕਰਨ ਦੀ ਜ਼ਰੂਰਤ: ਹਾਫ਼ਿਸ ਦੇਵਜੀ

ਅਜਿਹੇ ਕਈ ਤੱਥ ਹਨ ਜਿਹੜੇ ਹਾਫ਼ਿਸ ਦੇਵਜੀ ਨੂੰ ਵਾਰਡ ਨੰਬਰ 10 ਦੇ ਅੱਵਲ ਦਰਜੇ ਦਾ ਉਮੀਦਵਾਰ ਸਿੱਧ ਕਰਦੇ ਹਨ। ਹਾਫਿਸ ਦੇਵਜੀ ਪਿਛਲੇ 25 ਸਾਲਾਂ ਤੋਂ ਸਰਗਰਮ ਸਮਾਜਕ ਭੂਮਿਕਾ ਨਿਭਾ ਰਹੇ ਹਨ। ਸਭਿਆਚਾਰ, ਲੋਕਾਂ ਅਤੇ ਕੰਪਨੀਆਂ ਵਿਚ ਤਾਲਮੇਲ ਪੈਦਾ ਕਰਨ ਲਈ ਉਹ ਪੁਲ ਦਾ ਕੰਮ ਰਹੇ ਹਨ। ਇਸ ਤੋਂ ਇਲਾਵਾ ਉਦਯੋਗਪਤੀ ਅਤੇ ਕਮਿਊਨਿਟੀ ਆਗੂ ਵਜੋਂ ਵੀ ਉਹ ਸਫਲਤਾ ਨਾਲ ਵਿਚਰ ਰਹੇ ਹਨ। ਹਾਫ਼ਿਸ ਦੇਵਜੀ ਇਸ ਗੱਲ ਨੂੰ ਯਕੀਨੀ ਬਣਾਉਣ ਦੇ ਹੱਕ ਵਿਚ ਹਨ ਕਿ ਸ਼ਹਿਰ ਵਾਸੀਆਂ ਦੀ ਆਵਾਜ਼ ਕਾਊਂਸਲ ਚੈਂਬਰ ਦੀਆਂ ਕੰਧਾਂ ਤੋਂ ਪਾਰ ਗੂੰਜਣੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਸਿਟੀ ਕੌਂਸਲ ਚੰਗੀ ਤਰ੍ਹਾਂ ਜਾਣੂ ਹੋ ਸਕੇ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਦੇਵਜੀ ਵਾਰਡ ਦੇ ਹਰ ਘਰ ਦੀ ਦੇਹਲੀ ’ਤੇ ਜਾ ਕੇ ਲੋਕਾਂ ਨਾਲ ਗੱਲਬਾਤ ਕਰ ਰਹੇ ਹਨ ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਤੇ ਸਰੋਕਾਰਾਂ ਨੂੰ ਸਮਝ ਕੇ ਉਸ ਦਾ ਉਚਿਤ ਹੱਲ ਲੱਭਿਆ ਜਾ ਸਕੇ ਤੇ ਇਸ ਬਾਰੇ ਲੋਕਾਂ ਦੀ ਰਾਇ ਵੀ ਜਾਣੀ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਵਾਰਡ ਦੇ ਲੋਕ ਸਾਂਝੇ ਕੰਮਾਂ ਨੂੰ ਲੈ ਕੇ ਉਤਸ਼ਾਹਤ ਹਨ ਤੇ ਮਹਿਸੂਸ ਕਰਦੇ ਹਨ ਕਿ ਇਹ ਸਕਾਰਾਤਮਕ ਬਦਲਾਅ ਦਾ ਸਮਾਂ ਹੈ। ਉਨ੍ਹਾਂ ਮੁਤਾਬਕ, ‘ਮੇਰੇ ਮਨ ਵਿਚ ਲਗਨ ਹੈ ਕਿ ਲੋਕਾਂ ਦੇ ਸਮਰਥਨ ਨਾਲ ਕਮਿਊਨਿਟੀ ਦੀ ਭਲਾਈ ਲਈ ਅਜਿਹੇ ਕੰਮ ਕਰਾਂ ਜਿਸ ਨਾਲ ਲੋਕਾਂ



ਦਾ ਭਵਿੱਖ ਹੋਰ ਉਜਵਲ ਹੋ ਸਕੇ।’ ਦੇਵਜੀ ਦਾ ਮੰਨਣਾ ਹੈ ਲੋਕ ਜਿਸ ਤਰ੍ਹਾਂ ਦੇ ਕੰਮ ਚਾਹੁੰਦੇ ਹਨ, ਜੋ ਸੋਚਦੇ ਹਨ, ਉਹ ਸਿਰਫ਼ ਇਕ ਦਿਨ ਵਿਚ ਸੰਭਵ ਨਹੀਂ। ਇਸ ਲਈ ਮਿਹਨਤ, ਦ੍ਰਿੜ ਇਰਾਦਾ ਅਤੇ ਲੋਕਾਂ ਦੇ ਸਹਿਯੋਗ ਦੀ ਜ਼ਰੂਰਤ ਹੈ ਤਾਂ ਜੋ ਵਾਰਡ ਅਤੇ ਸਮੁੱਚੇ ਸ਼ਹਿਰ ਦੀ ਕਾਇਆਕਲਪ ਕੀਤਾ ਜਾ ਸਕੇ। ਹਾਫ਼ਿਸ ਦੇਵਜੀ ਦਾ ਕਹਿਣਾ ਹੈ ਕਿ ਮੁੱਢਲੀਆਂ ਸਹੂਲਤਾਂ ਲੋਕਾਂ ਦੀਆਂ ਜ਼ਰੂਰਤਾਂ ਮੁਤਾਬਕ ਹਰ ਹਾਲ ਵਿਚ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਹਰ ਵਾਰਡ ਵਿਚ ਵੱਡੇ ਪੱਧਰ ’ਤੇ ਸੁਧਾਰ ਦੀ ਲੋੜ ਹੈ ਤਾਂ ਜੋ ਵਾਰਡਾਂ ਦਾ ਆਧੁਨਿਕੀਕਰਨ ਹੋ ਸਕੇ। ਮੈਂ ਦਾਅਵਾ ਕਰਦਾਂ ਹਾਂ ਕਿ ਇਹ ਸਭ ਸੰਭਵ ਹੈ ਪਰ ਇਸ ਲਈ ਲੋਕਾਂ ਵੱਲੋਂ ਸਹੀ ਸਮੇਂ ’ਤੇ ਸਹੀ ਚੋਣ ਕਰਨੀ ਅਤਿ ਜ਼ਰੂਰੀ ਹੈ।

**ਵਾਰਡ ਨੰ: 10**

☛ ਬਾਕੀ ਸਫ਼ਾ 41 ’ਤੇ

## ਸੰਵੇਦਨਸ਼ੀਲ ਮਿਊਂਸੀਪਲ ਢਾਂਚਾ ਤਿਆਰ ਕਰਨ ਦੀ ਜਰੂਰਤ: ਰਿਚਰਡ ਫੀਹਾਨ

ਪਿਛਲੇ ਦਿਨੀਂ ਰਿਚਰਡ ਫੀਹਾਨ ਵੱਲੋਂ ਵਾਰਡ ਨੰਬਰ 10 ਅਤੇ ਸਮੁੱਚੇ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰੇ ਲਈ ਸਨੋਅ ਵੈਲੀ ਲੋਜ ਵਿੱਚ ਭਰਵਾਂ ਇਕੱਠ ਕੀਤਾ ਗਿਆ। ਇਸ ਮੌਕੇ ਰਿਚਰਡ ਫੀਹਾਨ ਨੇ ਨਾ ਸਿਰਫ਼ ਵਾਰਡ ਨਾਲ ਜੁੜੇ ਮਸਲਿਆਂ ਨੂੰ



ਛੋਹਿਆ ਸਗੋਂ ਮਿਊਂਸੀਪਲ ਪ੍ਰਸਾਸ਼ਨ ਨਾਲ ਜੁੜੇ ਕਈ ਮੁੱਦਿਆਂ ‘ਤੇ ਵੀ ਚਰਚਾ ਕੀਤੀ। ਉਸਨੇ ਅਜਿਹੇ ਕਈ ਨੁਕਤੇ ਸੁਝਾਏ ਜਿਸ ‘ਤੇ ਅਮਲ ਕਰਕੇ ਮਿਊਂਸੀਪਲ ਪ੍ਰਸਾਸ਼ਨ ਐਡਮਿੰਟਨ ਵਾਸੀਆਂ ਲਈ ਹੋਰ ਬਿਹਤਰ ਕੰਮ ਕਰ ਸਕਦਾ ਹੈ ਤੇ ਨਾਲ ਹੀ ਆਪਣੇ ਵਿੱਤੀ ਅਸਾਸਿਆਂ ਦੀ ਚੰਗੇ ਢੰਗ ਨਾਲ ਵਰਤੋਂ ਕਰਕੇ ਸ਼ਹਿਰ ਲਈ ਸਹੂਲਤਾਂ ਵਿੱਚ ਵਾਧਾ ਕਰ ਸਕਦਾ ਹੈ। ਉਹਨਾਂ ਪ੍ਰਸ਼ਨ ਉਠਾਉਂਦਿਆਂ ਕਿਹਾ ਕਿ ਵਰਤਮਾਨ ਸਮੇਂ ਸਿਟੀ ਕੌਂਸਲ ਪ੍ਰਸਾਸ਼ਨ ਵੱਲੋਂ ਐਡਮਿੰਟਨ ਤੋਂ ਬਗੈਰ ਐਡਮਿੰਟਨ ਨਾਲ ਲਗਦੇ ਇਲਾਕਿਆਂ, ਜਿਸ ਵਿੱਚ ਕਈ ਕਸਬੇ ਅਤੇ ਸ਼ਹਿਰ ਪੈਂਦੇ ਹਨ ਜਿਵੇਂ ਕਿ ਸ਼ੇਰਵੁੱਡ ਪਾਰਕ, ਲੀਡਕ ਅਤੇ ਬੀਓਮੌਂਟ ਆਦਿ, ਵਿੱਚ ਵਸਦੇ ਲੋਕਾਂ ਲਈ ਵੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਦੋਂਕਿ ਇਹਨਾਂ ਲੋਕਾਂ ਵੱਲੋਂ ਸਹੂਲਤਾਂ ਬਦਲੇ ਕੋਈ ਟੈਕਸ ਅਦਾ ਨਹੀਂ ਕੀਤਾ ਜਾਂਦਾ। ਇਹਨਾਂ ਸਹੂਲਤਾਂ ਲਈ ਟੈਕਸ ਐਡਮਿੰਟਨ ਵਾਸੀਆਂ ਨੂੰ ਦੇਣਾ ਪੈਂਦਾ ਹੈ। ਇਸ ਵੇਲੇ ਐਡਮਿੰਟਨ ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦੀ ਜਨਸੰਖਿਆਂ ਅੱਠ ਲੱਖ ਸੱਤਰ ਹਜ਼ਾਰ ਹੈ ਜਦੋਂਕਿ ਸਿਟੀ ਕੌਂਸਲ ਪ੍ਰਸਾਸ਼ਨ ਵੱਲੋਂ 1.2 ਮਿਲੀਅਨ ਲੋਕਾਂ ਲਈ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਦੂਜੀ ਗੱਲ ਇਹ ਹੈ ਕਿ ਜਿਹੜਾ ਉਦਯੋਗ ਐਡਮਿੰਟਨ ਨਾਲ ਇਲਾਕੇ ਵੱਲ ਆ ਰਿਹਾ ਹੈ ਉਸ ਤੋਂ ਐਡਮਿੰਟਨ ਮਿਊਂਸੀਪਲ ਨੂੰ ਕੋਈ ਲਾਭ ਨਹੀਂ ਹੋ ਰਿਹਾ। ਹੈਰਾਨੀ ਵਾਲੀ ਗੱਲ ਹੈ ਕਿ 2011 ਵਿੱਚ ਸੂਬੇ ਵਿੱਚੋਂ 1.5 ਬਿਲੀਅਨ ਡਾਲਰ ਟੈਕਸ ਦੇ ਰੂਪ ਵਿੱਚ ਇਕੱਠੇ ਕੀਤੇ ਗਏ ਸਨ, ਜਿਸ ਵਿੱਚੋਂ 1.4 ਬਿਲੀਅਨ ਡਾਲਰ ਦਿਹਾਤੀ ਇਲਾਕੇ ਵਿੱਚ ਖਰਚੇ ਗਏ। ਇਹ ਬਿਲਕੁੱਲ ਅਣਉਚਿਤ ਹੈ। ਇਹ ਸਿਰਫ਼ ਟੈਕਸ ਦੀ ਸਮੱਸਿਆ ਨਹੀਂ ਸਗੋਂ ਇਸਦਾ ਸਿੱਧਾ ਸਬੰਧ ਯੋਜਨਾਵਾਂ ਅਤੇ ਸਹੂਲਤਾਂ ਨਾਲ ਵੀ ਹੈ। ਸੋਚੋ! ਜੇਕਰ ਤੁਸੀਂ ਸ਼ੇਰਵੁੱਡ ਪਾਰਕ ਤੱਕ ਬੱਸ ਲੈਂਦੇ ਹੋ ਤਾਂ ਤੁਸੀਂ ਈਟੀਐਸ ਦੀ ਵਰਤੋਂ ਨਹੀਂ ਕਰ ਸਕਦੇ।

☛ ਬਾਕੀ ਸਫ਼ਾ 41 ’ਤੇ

## ਚੋਣ ਮੁਹਿੰਮ ਸਿਖ਼ਰ ’ਤੇ : ਨੀਟਾ ਜਲਕੇਨਨ



ਨੀਟਾ ਜਲਕੇਨਨ ਦਾ ਜਮਹੂਰੀ ਕਦਰਾਂ-ਕੀਮਤਾਂ ਵਿਚ ਅਥਾਹ ਵਿਸ਼ਵਾਸ ਹੈ। ਉਹ ਸਿਟੀ ਕੌਂਸਲ ਦੀਆਂ ਚੋਣਾਂ ਲਈ ਵਾਰਡ ਨੰਬਰ ਦੋ ਤੋਂ ਉਮੀਦਵਾਰ ਹੈ। ਆਪਣੀ ਚੋਣਾਵੀ ਮੁਹਿੰਮ ਬਾਰੇ ਉਸ ਦਾ ਕਹਿਣਾ ਹੈ ਕਿ ਉਸ ਵੱਲੋਂ ਵਿੱਢੀ ਗਈ ਚੋਣ ਮੁਹਿੰਮ ਪੂਰੀ ਸਿਖ਼ਰ ’ਤੇ ਹੈ। ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ, ‘ਮੈਂ ਜੂਨ ਦੇ ਪਹਿਲੇ ਅੱਧ ਵਿਚ ਹੀ ਹਜ਼ਾਰਾਂ ਲੋਕਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲ ਲਿਆ ਸੀ। ਮੈਂ ਵੱਖ-ਵੱਖ ਭਾਈਚਾਰਿਆਂ ਦੇ ਹਰ ਵਰਗ ਅਤੇ ਖੇਤਰ ਦੇ ਲੋਕਾਂ ਨਾਲ ਮੁਲਕਾਤ ਕੀਤੀ ਹੈ। ਜਿਨ੍ਹਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਸਖ਼ਤ ਮਿਹਨਤ ਕਰ ਕੇ ਆਪਣੀ ਰੋਜ਼ੀ ਕਮਾਉਂਦੇ ਹਨ। ਮੈਨੂੰ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ ਹੈ। ਮੇਰੇ ਕੰਮ ਕਰਨ ਦੇ ਅੰਦਾਜ਼ ਨੂੰ ਦੇਖ ਕੇ ਸ਼ਹਿਰਵਾਸੀਆਂ ਨੇ ਮੇਰੇ ਪ੍ਰਤੀ ਕਾਫ਼ੀ ਸਤਿਕਾਰ ਪ੍ਰਗਟਾਇਆ ਹੈ, ਜਿਸ ਤੋਂ ਮੈਂ ਹੋਰ ਵੀ ਜ਼ਿਆਦਾ ਉਤਸ਼ਾਹਤ ਹੋਈ ਹਾਂ। ਮੇਰੇ ਬਾਰੇ ਲੋਕਾਂ ਨੇ ਸਪਸ਼ਟ ਤੌਰ ’ਤੇ ਇਹ ਮਹਿਸੂਸ ਕੀਤਾ ਹੈ ਕਿ ਮੈਂ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਆਵਾਜ਼ ਉਠਾ ਸਕਦੀ ਹਾਂ। ਇਸ ਹੁੰਗਾਰੇ ਨੂੰ ਦੇਖਦਿਆਂ ਹੀ ਮੇਰੀ ਕੋਸ਼ਿਸ਼ ਹੈ ਕਿ 21 ਅਕਤੂਬਰ ਤੋਂ ਪਹਿਲਾਂ-ਪਹਿਲਾਂ ਮੈਂ ਵਾਰਡ ਦੇ ਹਰ ਵਿਅਕਤੀ ਨੂੰ ਘਰ ਜਾ ਕੇ ਮਿਲਾਂ ਤੇ ਉਨ੍ਹਾਂ ਨਾਲ ਵਾਰਡ ਦੀਆਂ ਮੁਢਲੀਆਂ ਸਮੱਸਿਆਵਾਂ ਨੂੰ ਲੈ ਕੇ ਵਿਚਾਰ-ਵਟਾਂਦਰਾ ਕਰਾਂ।’ ਜ਼ਿਕਰਯੋਗ ਹੈ ਕਿ 47 ਸਾਲਾ ਨੀਟਾ ਨੂੰ ਵੱਖ-ਵੱਖ ਖੇਤਰਾਂ ਵਿਚ ਕੰਮ ਕਰਨ ਦਾ ਲੰਮਾ ਤਜ਼ਰਬਾ ਹੈ। ਉਸ ਨੇ ਬੈਕਿੰਗ, ਉਦਯੋਗ, ਜੰਗਲਾਤ, ਇੰਸ਼ੋਰੈਂਸ, ਉਸਾਰੀ/ ਇੰਜਨੀਅਰਿੰਗ ਦੇ ਖੇਤਰ ਵਿਚ ਲੰਮਾ ਸਮਾਂ ਕੰਮ ਕੀਤਾ ਹੈ। ਨੀਟਾ ਲਈ ਸਮੇਂ ਅਤੇ ਕੰਮ ਦੀ ਕਿੰਨੀ ਮਹੱਤਤਾ ਹੈ,

☛ ਬਾਕੀ ਸਫ਼ਾ 41 ’ਤੇ

**ਵਾਰਡ ਨੰ: 2**

## ਉੱਤਰ-ਪੱਛਮੀ ਇਲਾਕੇ ’ਚ ਪੁਲੀਸ ਸਟੇਸ਼ਨ ਦੀ ਜ਼ਰੂਰਤ: ਜੇਸਨ ਮਿਲਰ

ਵਾਰਡ ਨੰਬਰ ਦੋ ਦੇ ਉਮੀਦਵਾਰ ਜੇਸਨ ਮਿਲਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਮਸਲੇ ਦੀ ਮੈਂ ਵਾਰਡ ਨੰਬਰ ਦੇ ਲੋਕਾਂ ਸਾਹਮਣੇ ਵਿਸ਼ੇਸ਼ ਤੌਰ ‘ਤੇ ਚਰਚਾ ਕਰਨਾ ਚਾਹੁੰਦਾ ਹਾਂ, ਉਹ ਸ਼ਹਿਰ ਦੇ ਉੱਤਰ-ਪੱਛਮੀ ਇਲਾਕੇ ਵਿੱਚ ਪੁਲਿਸ ਸਟੇਸ਼ਨ ਦੀ ਜਰੂਰਤ ਬਾਰੇ ਹੈ। ਇਸ ਵੇਲੇ ਐਡਮਿੰਟਨ ਕੋਲ



ਪੁਲਿਸ ਡਵੀਜ਼ਨਾਂ ਹਨ ਜੋ ਸ਼ਹਿਰ ਦੀਆਂ ਜਰੂਰਤਾਂ ਅਨੁਸਾਰ ਸਿੱਧੇ ਤੌਰ ‘ਤੇ ਸੇਵਾਵਾਂ ਦੇ ਰਹੀਆਂ ਹਨ। ਕੰਮ ਕਰਨ ਲਈ ਵੱਖਰੀ-ਵੱਖਰੀ ਡਵੀਜ਼ਨਾਂ ਵੱਲੋਂ ਇਲਾਕਿਆਂ ਨੂੰ ਦੱਖਣ-ਪੂਰਬੀ, ਦੱਖਣ-ਪੱਛਮੀ, ਡਾਊਨਟਾਊਨ ਅਤੇ ਪੱਛਮ ਵਿੱਚ ਵੰਡਿਆ ਹੋਇਆ ਹੈ। ਇੱਥੇ ਦੱਸਣਯੋਗ ਹੈ ਕਿ ਉੱਤਰ-ਪੂਰਬੀ ਇਲਾਕੇ ਦੀ ਡਵੀਜ਼ਨ, ਜਿਸ ਵੱਲੋਂ ਸਾਨੂੰ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਤਰਜੀਹ ਦੇ ਆਧਾਰ ‘ਤੇ ਕੰਮ ਨਹੀਂ ਕਰ ਪਾ ਰਹੀ। ਅਸੀਂ ਦੋ ਇਲਾਕਿਆਂ ਵਿੱਚ ਵੰਡੇ ਹੋਏ ਹਾਂ ਪੱਛਮ ਅਤੇ ਉੱਤਰ-ਪੂਰਬੀ। ਪਰ ਅਸਲ ਗੱਲ ਇਹ ਹੈ ਕਿ ਅਸੀਂ ਦੋਵਾਂ ਪਾਸਿਆਂ ਤੋਂ ਹੀ ਵਾਂਝੇ ਰਹਿ ਰਹੇ ਹਾਂ। ਵਾਰਡ ਨੰਬਰ ਦੋ ਦੇ ਇਲਾਕੇ ਜਿਹੜੇ ਕਿ 127 ਸਟਰੀਟ ਦੇ ਪੱਛਮੀ ਪਾਸੇ ਪੈਂਦੇ ਹਨ, ਜਿਵੇਂ ਕਿ ਅਲਬੈਨੀ, ਅਥਲੋਨ, ਕਾਰਲਟਨ, ਕੰਬਰਲੈਂਡ ਔਕਸਫੋਰਡ, ਡੋਵਰਕੋਰਟ, ਹਡਸਨ, ਇੰਜਲਵੁੱਡ, ਸ਼ੇਰਬਰੁੱਕ, ਪਾਲੀਸੇਡਸ, ਵਲਿੰਗਟਨ ਅਤੇ ਵੁੱਡਕਰੌਫਟ ਨੂੰ ਵੈਸਟ ਡਵੀਜ਼ਨ ਵੱਲੋਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਜਿਹੜੀ ਕਿ 16505-100 ਐਵਨਿਊ ਵਿੱਚ ਸਥਿਤ ਹੈ। 127 ਸਟਰੀਟ ਦੇ ਪੂਰਬੀ ਪਾਸੇ ਪੈਂਦੇ ਇਲਾਕੇ ਜਿਵੇਂ ਕਿ ਬਾਰਾਨਾਓ, ਕੀਅਰਨਰਵਨ, ਕਾਲਡਰ, ਕਾਰਲੀਸਲ, ਗਰੀਸਬੈਚ, ਕੈਨਸਿੰਗਟਨ, ਲਾੱਡਰਡੇਲ ਅਤੇ ਰੌਸਲਾਈਨ ਨੂੰ ਉੱਤਰ-ਪੂਰਬੀ ਡਵੀਜ਼ਨ ਵੱਲੋਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਜੋ ਕਿ 14203-50 ਸਟਰੀਟ ‘ਤੇ ਸਥਿਤ ਹੈ। ਈਪੀਐਸ ਵੈਬਸਾਈਟ ‘ਤੇ ਜਾਰੀ ਕੀਤੇ ਗਏ ਤਾਜ਼ੇ ਅੰਕੜਿਆਂ ਅਨੁਸਾਰ 36 ਵਿੱਚੋਂ 23 ਕਮਿਊਨਿਟੀਆਂ ਵਿੱਚ 2012 ਦੇ ਪਹਿਲੇ ਅੱਠ ਮਹੀਨਿਆਂ ਦੇ ਮੁਕਾਬਲੇ 2013 ਦੇ ਪਹਿਲੇ ਅੱਠ ਮਹੀਨਿਆਂ ਵਿੱਚ ਅਪਰਾਧਾਂ ਦੀ ਗਿਣਤੀ ‘ਚ ਵਾਧਾ ਦਰਜ ਕੀਤਾ ਗਿਆ ਹੈ।

☛ ਬਾਕੀ ਸਫ਼ਾ 41 ’ਤੇ

# LEIBOVICI

## VOTE OCTOBER 21st.
## KAREN LEIBOVICI
## FOR MAYOR

Contact my campaign office to volunteer, donate or request a lawn sign.

**OFFICE** 780.700.0201
**EMAIL** campaign@karenformayor.ca
**TWITTER** @karenleibovici

11204 Jasper Ave
Edmonton, AB T5K 2V2



**LEADERSHIP. EXPERIENCE. IT MATTERS.**
**KARENFORMAYOR.CA**

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਸੁਖਬੀਰ ਬਾਦਲ ਫਿਰ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਸਰਦਾਰ



ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੂਜੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਸ੍ਰੀ ਦਰਬਾਰ ਸਾਹਿਬ ਕੋਲ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕਰਵਾਏ ਗਏ ਪ੍ਰੋਗਰਾਮ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਨੇ ਪ੍ਰਧਾਨਗੀ ਲਈ ਉਨ੍ਹਾਂ ਦੇ ਨਾਮ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਸੁਖਦੇਵ ਸਿੰਘ ਢੀਂਡਸਾ ਨੇ ਸਮਰਥਨ ਦਿੱਤਾ। ਤਾਜਪੋਸ਼ੀ ਤੋਂ ਤੁਰੰਤ ਬਾਅਦ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਅਗਲੇ 25 ਸਾਲਾਂ ਤਕ ਰਹੇਗੀ। ਉਨ੍ਹਾਂ ਨੇ ਕਿਹਾ ਕਿ ਪੰਜ ਸਾਲ ਪਹਿਲਾਂ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਉਨ੍ਹਾਂ ਇਮਾਨਦਾਰੀ ਨਾਲ ਨਿਭਾਈ ਹੈ। ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸਟੀਚਿਊਟ ਦੇ ਬਰਾਬਰ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਮਾਰਗ ਦਰਸ਼ਨ ਵਿਚ ਹੀ ਉਹ ਪਾਰਟੀ ਨੂੰ ਮਜ਼ਬੂਤ ਕਰ ਸਕੇ ਹਨ। ਵੈਸੇ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਪਾਰਟੀ ਪ੍ਰਤੀਨਿਧੀਆਂ (ਡੈਲੀਗੇਟਸ) ਨੇ ਚੁਣਿਆ, ਜਿਨ੍ਹਾਂ ਦੀ ਚੋਣ ਖ਼ੁਦ ਸੁਖਬੀਰ ਨੇ ਕੁਝ ਦਿਨ ਪਹਿਲਾਂ ਕੀਤੀ ਸੀ।

## ਸਕੂਲ ਨਾ ਖੋਲ੍ਹਣ ਦੇਣ 'ਤੇ ਸੁਖਬੀਰ ਤੋਂ ਪੰਥਕ ਵਰਗ ਨਾਰਾਜ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਸਕੂਲ ਖੋਲ੍ਹਣ ਦੀ ਬਜਾਏ ਧਰਮ ਪ੍ਰਚਾਰ ਵੱਲ ਧਿਆਨ ਦੇਣ ਬਾਰੇ ਦਿੱਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬਿਆਨ 'ਤੇ ਪੰਥਕ ਹਿਤੈਸ਼ੀਆਂ ਨੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਧਰਮ ਦਾ ਗੁਰੂ ਹੀ 'ਸ਼ਬਦ' ਹੈ ਅਤੇ ਉਸ ਧਰਮ ਦੀ ਸਭ ਤੋਂ ਵੱਡੀ ਸੰਸਥਾ ਨੂੰ ਇਹ ਕਿਹਾ ਜਾਵੇ ਕਿ ਉਹ ਹੋਰ ਸਕੂਲ ਨਾ ਖੋਲ੍ਹੇ ਤਾਂ ਸਿੱਖ ਕਿੱਥੇ ਜਾਣ ਅਤੇ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਧਰਮ ਪ੍ਰਤੀ ਜਾਗਰੂਕ ਕਰਨ? ਦੂਜੇ ਪਾਸੇ ਇਹੀ ਸਵਾਲ ਜਦੋਂ ਐਸ.ਜੀ.ਪੀ.ਸੀ. ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੋਂ ਪੁੱਛਿਆ ਗਿਆ ਤਾਂ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਐਸ.ਜੀ.ਪੀ.ਸੀ. ਦੇ ਸਕੂਲ ਸਰਕਾਰੀ ਸਕੂਲਾਂ ਤੋਂ ਵਧੀਆ ਚੱਲ ਰਹੇ ਹਨ ਅਤੇ ਅਗਲੇ ਹੀ ਦਿਨ ਉਹ ਆਪਣੇ ਬਿਆਨ ਤੋਂ ਪਲਟ ਗਏ। ਉਨ੍ਹਾਂ ਕਿਹਾ, 'ਮੈਂ ਇਹੀ ਨਹੀਂ ਕਿਹਾ ਕਿ ਸਰਕਾਰੀ ਸਕੂਲ ਚੰਗੇ ਕੰਮ ਨਹੀਂ ਕਰ ਰਹੇ, ਮੇਰੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।' ਮੱਕੜ ਦੇ ਬਿਆਨ ਤੋਂ ਪਲਟਨ ਦਾ ਕਾਂਗਰਸ ਪਾਰਟੀ ਨੇ ਸਖ਼ਤ ਨੋਟਿਸ ਲਿਆ ਹੈ। ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੱਕੜ ਨੂੰ ਤਲਬ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਦੋਵੇਂ ਦਿਨਾਂ ਦੇ ਬਿਆਨਾਂ ਦਾ ਰਿਕਾਰਡ ਮੰਗਵਾਇਆ ਜਾਵੇ। ਜਾਂਚ ਤੋਂ ਬਾਅਦ ਉਨ੍ਹਾਂ ਨੂੰ ਉਚਿਤ ਸਜ਼ਾ ਦਿੱਤੀ ਜਾਵੇ। ਖ਼ਾਲਸਾ ਪੰਚਾਇਤ ਦੇ ਮੁਖੀ ਰਾਜਿੰਦਰ ਸਿੰਘ ਖ਼ਾਲਸਾ ਨੇ ਕਿਹਾ ਕਿ ਧਰਮ ਪ੍ਰਚਾਰ ਤੋਂ ਬਾਅਦ ਐਸ.ਜੀ.ਪੀ.ਸੀ. ਦਾ ਸਭ ਤੋਂ ਵੱਡਾ ਕੰਮ ਸਿੱਖਿਆ ਦੇਣਾ ਹੈ ਪਰ ਅਕਾਲੀ ਦਲ ਚਾਹੁੰਦਾ ਕਿ ਉਨ੍ਹਾਂ ਦਾ ਵੋਟਰ ਅਨਪੜ੍ਹ ਰਹੇ ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਵੋਟਰ ਪੜ੍ਹ ਲਿਖ ਗਿਆ ਤਾਂ ਉਹ ਸਮਝ ਜਾਵੇਗਾ ਕਿ ਉਨ੍ਹਾਂ ਨੂੰ ਧਰਮ ਦੇ ਨਾਮ 'ਤੇ ਗੁੰਮਰਾਹ ਕੀਤਾ ਜਾ ਰਿਹਾ ਹੈ। ਐਸ.ਜੀ.ਪੀ.ਸੀ. ਦੇ ਸਕੂਲਾਂ ਵਿਚ ਵੀ ਹੁਣ ਸਿੱਖੀ ਵਾਲਾ ਮਾਹੌਲ ਰਹਿਣ ਨਹੀਂ ਦਿੱਤਾ ਜਾ ਰਿਹਾ ਜਿਸ ਤਰ੍ਹਾਂ ਕਿ ਇਸਾਈ ਧਰਮ ਦੇ ਸਕੂਲਾਂ ਵਿਚ ਰਹਿੰਦਾ ਹੈ। ਇਨ੍ਹਾਂ ਸਕੂਲਾਂ ਵਿਚ ਬੇਸ਼ੱਕ 95 ਫ਼ੀਸਦੀ ਨਾਨ-ਇਸਾਈ ਪੜ੍ਹਦੇ ਹਨ ਪਰ ਮਾਹੌਲ ਇਸਾਈਅਤ ਵਾਲਾ ਹੁੰਦਾ ਹੈ।

## ਐਨ.ਆਰ.ਆਈਜ਼ ਲਈ ਆਫ਼ਤ ਪਲਾਟ ਰੈਗੂਲਰਾਈਜ਼ੇਸ਼ਨ ਪਾਲਸੀ

ਪੰਜਾਬ ਸਰਕਾਰ ਨੇ ਪਲਾਟ ਹੋਲਡਰਾਂ ਲਈ ਨਵੀਂ ਪਾਲਸੀ ਰੈਗੂਲਰਾਈਜ਼ੇਸ਼ਨ ਫੀਸ ਵਿਚ ਕਟੌਤੀ ਕਰ ਕੇ ਆਮ ਲੋਕਾਂ ਨੂੰ ਰਿਆਇਤ ਤਾਂ ਦਿੱਤੀ ਹੈ, ਪਰ ਇਹ ਸਹੂਲਤ ਵਿਦੇਸ਼ਾਂ ਵਿਚ ਰਹਿਣ ਵਾਲੇ ਐਨ.ਆਰ.ਆਈਜ਼ ਨਿਵੇਸ਼ਕਾਂ ਲਈ ਆਫ਼ਤ ਬਣ ਗਈ ਹੈ। ਸਰਕਾਰ ਨੇ ਪਾਲਸੀ ਤਹਿਤ ਤਹਿਤ 45 ਦਿਨ ਵਿਚ ਪਲਾਟ ਰੈਗੂਲਰ ਕਰਨ ਦੀ ਅਰਜ਼ੀ ਦੇਣ ਦਾ ਸਮਾਂ ਦਿੱਤਾ ਹੈ। ਅਜਿਹੇ ਵਿਚ ਐਨ.ਆਰ.ਆਈ. ਕਿਸ ਤਰ੍ਹਾਂ ਨਿਯਤ ਸਮੇਂ ਵਿਚ ਅਰਜ਼ੀ ਦਾਖ਼ਲ ਕਰਨ, ਇਹ ਮੁਸ਼ਕਲ ਸਵਾਲ ਹੈ। ਇਸ ਮਿਆਦ ਵਿਚ ਇਨ੍ਹਾਂ ਦੀ ਵਾਪਸੀ ਸੰਭਵ ਨਹੀਂ ਹੈ। ਦੂਜੇ ਪਾਸੇ ਪਾਵਰ ਆਫ਼ ਅਟਾਰਨੀ ਦੇ ਕੇ ਉਹ ਕਿਸੇ ਤਰ੍ਹਾਂ ਦਾ ਖ਼ਤਰਾ ਲੈਣ ਲਈ ਤਿਆਰ ਨਹੀਂ ਹਨ। ਅਰਜ਼ੀ ਫ਼ਾਰਮ ਜਮ੍ਹਾਂ ਕਰਨ ਦੀ ਆਖ਼ਰੀ ਤਰੀਕ 7 ਅਕਤੂਬਰ ਤੈਅ ਕੀਤੀ ਗਈ ਹੈ। ਇਸ ਸਬੰਧੀ ਵੈੱਬਸਾਈਟ 'ਤੇ ਅਰਜ਼ੀਆਂ ਭਰਨ ਦੀ ਗਲਾਡਾ ਨੇ ਸਹੂਲੀਅਤ ਵੀ ਦਿੱਤੀ ਹੈ। ਇਸ ਸਾਈਟ 'ਤੇ ਅਰਜ਼ੀਆਂ ਦਾਖ਼ਲ ਕਰਨ ਲਈ ਲੋਕਾਂ ਨੂੰ ਆਪਣੀ ਮਾਲਕੀ ਦੇ ਕਾਗ਼ਜ਼ਾਤ, ਜ਼ਮੀਨ ਦਾ ਖਸਰਾ ਨੰਬਰ ਅਤੇ ਕਾਲੋਨੀ ਕਿਸ ਸਾਲ ਵਿਚ ਕੱਟੀ ਗਈ ਹੈ, ਉਸ ਦਾ ਬਿਊਰਾ ਵੀ ਦੇਣਾ ਹੋਵੇਗਾ। ਪਲਾਟ ਰੈਗੂਲਰ ਕਰਵਾਉਣ ਲਈ ਐਨ.ਆਰ.ਆਈਜ਼ ਪਰਿਵਾਰਾਂ ਲਈ ਐਨਾ ਥੋੜ੍ਹਾਂ ਸਮਾਂ ਹੈ ਕਿ ਇਸ ਲਈ ਪਾਵਰ ਆਫ਼ ਅਟਾਰਨੀ ਹੀ ਇਕੋ ਇਕ ਹੱਲ ਦਿਖਾਈ ਦੇ ਰਹੀ ਹੈ। ਜੇਕਰ ਉਹ ਆਪਣੇ ਕਿਸੇ ਰਿਸ਼ਤੇਦਾਰ ਨੂੰ ਵਿਦੇਸ਼ ਵਿਚ ਬੈਠੇ ਪਾਵਰ ਆਫ਼ ਅਟਾਰਨੀ ਦੇ ਦਿੰਦੇ ਹਨ ਤਾਂ ਅਟਾਰਨੀ ਹੋਲਡਰ ਉਨ੍ਹਾਂ ਦੇ ਇਹ ਪਲਾਟ ਰੈਗੂਲਰ ਕਰ ਸਕਦਾ ਹੈ। ਅਜਿਹੇ ਮਾਮਲੇ ਵਿਚ ਜ਼ਿਆਦਾਤਰ ਐਨ.ਆਰ.ਆਈਜ਼ ਰਿਸਕ ਨਹੀਂ ਲੈਣਾ ਚਾਹੁੰਦੇ ਅਤੇ ਆਪਣੀ ਇਨਵੈਸਟਮੈਂਟ ਵੀ ਗੁਪਤ ਰਖਣਾ ਚਾਹੁੰਦੇ ਹਨ।

## ਮਿਡ ਡੇ ਮੀਲ ਦਾ ਪੈਸਾ ਪੰਜਾਬ ਨੇ ਦਬਿਆ

ਪੰਜਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੂਬੇ ਦੀ ਵਿੱਤੀ ਸਥਿਤੀ ਠੀਕ ਹੋਣ ਦਾ ਲੱਖ ਦਾਅਵਾ ਕਰਨ ਪਰ ਸੂਬਾ ਸਰਕਾਰ ਆਪਣੇ ਸਕੂਲਾਂ ਦੇ 21 ਲੱਖ ਬੱਚਿਆਂ ਨੂੰ ਦੁਪਹਿਰ ਦਾ ਭੋਜਨ (ਮਿਡ ਡੇ ਮੀਲ) ਬੀਤੇ ਪੰਜ ਮਹੀਨੇ ਤੋਂ ਨਹੀਂ ਦੇ ਸਕੀ। ਚਾਲੂ ਵਿੱਤੀ ਸਾਲ ਵਿਚ ਪੰਜਾਬ ਸਰਕਾਰ ਨੇ ਸਕੂਲਾਂ ਵਿਚ ਮਿਡ ਡੇ ਮੀਲ ਲਈ ਇਕ ਵੀ ਪੈਸਾ ਜਾਰੀ ਨਹੀਂ ਕੀਤਾ। ਇਸ ਮਦ ਵਿਚ ਕੇਂਦਰ ਸਰਕਾਰ ਤੋਂ ਮਿਲਣ ਵਾਲਾ ਪੈਸਾ ਅਤੇ ਪੰਜਾਬ ਸਰਕਾਰ ਦੇ ਆਪਣੇ ਹਿੱਸੇ ਦੀ ਰਾਸ਼ੀ ਨੂੰ ਕਿਸੇ ਹੋਰ ਮਦ ਵਿਚ ਖਰਚ ਕੀਤਾ ਜਾ ਰਿਹਾ ਹੈ। ਸੂਬੇ ਦੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲੀ ਬੱਚਿਆਂ ਲਈ ਮਿਡ ਡੇ ਮੀਲ ਦਾ 75 ਫ਼ੀਸਦੀ ਪੈਸਾ ਕੇਂਦਰ ਸਰਕਾਰ ਦਿੰਦੀ ਹੈ। ਜਦਕਿ 25 ਫ਼ੀਸਦੀ ਹਿੱਸਾ ਪੰਜਾਬ ਸਰਕਾਰ ਨੇ ਦੇਣਾ ਹੁੰਦਾ ਹੈ। ਪੰਜਾਬ ਸਰਕਾਰ ਨੇ ਇਸ ਮਦ ਵਿਚ 31 ਮਾਰਚ 2013 ਤੋਂ ਬਾਅਦ ਇਕ ਪੈਸਾ ਵੀ ਜਾਰੀ ਨਹੀਂ ਕੀਤਾ। ਇਸ ਦੇ ਨਾਲ ਹੀ ਕੇਂਦਰ ਤੋਂ ਆਇਆ ਪੈਸਾ ਵੀ ਸਰਕਾਰ ਨੇ ਆਪਣੇ ਹੋਰ ਕੰਮ ਨਿਪਟਾਉਣ ਲਈ ਖ਼ਰਚ ਲਿਆ ਹੈ। ਹਾਲ ਹੀ ਦੇ ਦਿਨਾਂ ਵਿਚ ਸਰਕਾਰ ਦੇ ਸਿੱਖਿਆ ਵਿਭਾਗ ਨੇ ਅਧਿਆਪਕਾਂ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ 'ਤੇ ਦਬਾਅ ਬਣਾਇਆ ਸੀ ਕਿ ਉਹ ਆਪਣੇ ਬਲਬੂਤੇ 'ਤੇ ਮਿਡ ਡੇ ਮੀਲ ਜਾਰੀ ਰੱਖਣ। ਪਰ ਹੁਣ ਉਨ੍ਹਾਂ ਨੇ ਵੀ ਹੱਥ ਖੜੇ ਕਰ ਦਿੱਤੇ ਹਨ। ਜਿਨ੍ਹਾਂ ਦੁਕਾਨਦਾਰਾਂ ਤੋਂ ਉਹ ਖਾਣੇ ਦਾ ਸਾਮਾਨ ਖ਼ਰੀਦਦੇ ਰਹੇ ਸਨ, ਉਹ ਦੁਕਾਨਦਾਰ ਹੁਣ ਹੋਰ ਉਧਾਰੀ ਦੇਣ ਨੂੰ ਤਿਆਰ ਨਹੀਂ ਹਨ। ਸਿੱਖਿਆ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ, ਦਰਅਸਲ ਮਾਮਲਾ ਸਰਕਾਰ ਦੀ ਤਰਜੀਹ ਦਾ ਹੈ ਕਿਉਂਕਿ ਖਾਣਾ ਤਾਂ ਅਜਿਹੀ ਚੀਜ਼ ਹੈ ਕਿ ਇਕ ਦਿਨ ਨਹੀਂ ਮਿਲਿਆ ਤਾਂ ਦੂਜੇ ਦਿਨ ਡਬਲ ਨਹੀਂ ਖੁਆਇਆ ਜਾ ਸਕਦਾ। ਇਸ ਸਾਲ ਜੋ ਪੈਸਾ ਜਾਰੀ ਹੋਇਆ ਸੀ, ਉਹ ਸਾਲ 2012-13 ਦਾ ਬਕਾਇਆ ਸੀ। ਸਰਕਾਰ ਨੇ ਵਿੱਤੀ ਸਾਲ 2013-14 ਲਈ ਕੋਈ ਪੈਸਾ ਜਾਰੀ ਨਹੀਂ ਕੀਤਾ।

## ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰੋਂ ਹੀ ਨਹੀਂ ਪਾਰਲੀਮੈਂਟ ਵਿਚੋਂ ਵੀ ਗਾਇਬ



ਮੈਂਬਰ ਪਾਰਲੀਮੈਂਟ ਨਵਜੋਤ ਸਿੰਘ ਸਿੱਧੂ ਆਪਣੇ ਸੰਸਦੀ ਹਲਕੇ ਅੰਮ੍ਰਿਤਸਰ 'ਚੋਂ ਹੀ ਨਹੀਂ ਬਲਕਿ ਪਾਰਲੀਮੈਂਟ 'ਚੋਂ ਵੀ ਗ਼ਾਇਬ ਰਹੇ ਹਨ। ਪੰਜਾਬ ਦੇ ਮੌਜੂਦਾ ਸੰਸਦ ਮੈਂਬਰਾਂ 'ਚੋਂ ਸਭ ਤੋਂ ਘੱਟ ਹਾਜ਼ਰੀ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਰਹੀ ਹੈ। ਲੋਕ ਸਭਾ ਦਾ ਹਾਜ਼ਰੀ ਰਜਿਸਟਰ ਗਵਾਹੀ ਭਰਦਾ ਹੈ ਕਿ ਸ੍ਰੀ ਸਿੱਧੂ ਪਾਰਲੀਮੈਂਟ ਵਿਚ ਵੀ ਘੱਟ ਹੀ ਦਿੱਖੇ ਹਨ। 15ਵੀਂ ਲੋਕ ਸਭਾ ਦੇ ਹੁਣ ਤਕ 14 ਸੈਸ਼ਨ ਹੋਏ ਹਨ ਜਿਨ੍ਹਾਂ ਦੀਆਂ ਕੁਲ 332 ਬੈਠਕਾਂ ਹੋਈਆਂ ਹਨ। ਸ੍ਰੀ ਸਿੱਧੂ ਨੇ ਸਿਰਫ਼ 91 ਬੈਠਕਾਂ ਵਿਚ ਹੀ ਹਾਜ਼ਰੀ ਭਰੀ ਹੈ। ਲੰਘੇ ਮੌਨਸੂਨ ਸੈਸ਼ਨ ਦੌਰਾਨ ਨਵਜੋਤ ਸਿੰਘ ਸਿੱਧੂ ਸਿਰਫ਼ 7 ਦਿਨ ਹੀ ਹਾਜ਼ਰ ਹੋਏ ਜਦੋਂ ਕਿ ਇਸ ਸੈਸ਼ਨ ਦੀਆਂ 18 ਬੈਠਕਾਂ ਹੋਈਆਂ ਹਨ। ਇਸ ਤਰ੍ਹਾਂ ਲੋਕ ਸਭਾ ਵਿਚ ਨਵਜੋਤ ਸਿੱਧੂ ਦੀ ਹਾਜ਼ਰੀ ਦਰ ਸਿਰਫ਼ 27.40 ਫ਼ੀਸਦੀ ਹੀ ਰਹੀ ਹੈ। ਪਾਰਲੀਮੈਂਟ ਦੇ ਸੈਸ਼ਨਾਂ ਦੌਰਾਨ ਵੀ ਸ੍ਰੀ ਸਿੱਧੂ ਨੇ ਆਪਣੇ ਕਾਰੋਬਾਰੀ ਕੰਮਾਂ ਨੂੰ ਤਰਜੀਹ ਦਿੱਤੀ ਹੈ।

## ਮੈਂ ਬੋਲਿਆ ਤਾਂ ਪਟਾਕੇ ਪੈਣਗੇ : ਮਜੀਠੀਆ

ਉਧਰ ਪੰਜਾਬ ਦੇ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਮਾਮਲੇ ਵਿਚ ਕੁਝ ਵੀ ਬੋਲਣ ਤੋਂ ਇਨਕਾਰ ਕੀਤਾ ਹੈ। ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ, "ਮੈਂ ਕੁਝ ਬੋਲਿਆ ਤਾਂ ਪਟਾਕੇ ਪੈਣਗੇ... ਸਿੱਧੂ ਐਵੇਂ ਹੀ ਸਿੱਧੂ ਸੰਸਦ ਮੈਂਬਰ ਨਹੀਂ ਬਣੇ। ਅਕਾਲੀ ਵਰਕਰਾਂ ਨੇ ਦਿਨ ਰਾਤ ਇਕ ਕਰ ਕੇ ਉਨ੍ਹਾਂ ਨੂੰ ਜਿਤਾਉਣ ਵਿਚ ਮੱਦਦ ਕੀਤੀ ਹੈ।"

## ਪੰਜਾਬ ਵਿਚ ਵਿੱਤੀ ਸੰਕਟ

ਪਿਛਲੇ ਕੁਝ ਮਹੀਨਿਆਂ ਤੋਂ ਜਾਰੀ ਸੰਕਟ ਹੋਰ ਡੂੰਘਾ ਹੋ ਗਿਆ ਹੈ। ਛੇਵੇਂ ਮਹੀਨੇ ਵੀ ਏਡਿਡ ਸਕੂਲਾਂ ਦੇ ਮੁਲਾਜ਼ਮਾਂ ਨੂੰ ਤਨਖ਼ਾਹ ਨਹੀਂ ਮਿਲੀ ਅਤੇ ਰਿਫ਼ੰਡ ਤੇ ਡੀਜ਼ਲ/ ਪੈਟਰੋਲ ਦੇ ਬਿਲ ਦੇ ਭੁਗਤਾਨ ਵੀ ਲਟਕੇ ਹੋਏ ਹਨ। ਨਕਦੀ ਦੀ ਘਾਟ ਅਤੇ ਮਾੜੀ ਵਿੱਤੀ ਹਾਲਤ ਦਾ ਆਲਮ ਇਹ ਹੈ ਕਿ ਅਕਾਲੀ ਦਲ ਤੇ ਭਾਜਪਾ ਦੀ ਗਠਜੋੜ ਸਰਕਾਰ ਸੱਤਾ ਵਿਚ ਆਉਣ ਦੇ ਸਵਾ ਸਾਲ ਬਾਅਦ ਵੀ ਆਪਣੇ ਚੋਣ ਮੈਨੀਫ਼ੈਸਟੋ ਵਿਚ ਕੀਤੇ ਗਏ ਵਾਅਦੇ ਦੇ ਮੁਤਾਬਕ ਕਰੀਬ ਡੇਢ ਲੱਖ ਵਿਦਿਆਰਥੀ-ਵਿਦਿਆਰਥਣਾਂ ਨੂੰ ਟੈਬਲੇਟ ਵੰਡਣ ਦੀ ਸ਼ੁਰੂਆਤ ਨਹੀਂ ਕਰ ਸਕੀ। ਪੰਜਾਬ ਵਿਚ ਡੂੰਘ ਹੋ ਰਹੇ ਆਰਥਕ ਸੰਕਟ ਦੇ ਚਲਦਿਆਂ ਵਿਰੋਧੀ ਪਾਰਟੀ ਕਾਂਗਰਸ ਸੂਬੇ ਵਿਚ ਵਿੱਤੀ ਐਮਰਜੈਂਸੀ ਲਗਾਉਣ ਦੀ ਮੰਗ ਕਰ ਰਹੀ ਹੈ।

## ਸੁਖਬੀਰ ਬਾਦਲ ਦੀ ਸਫ਼ਾਈ, ਲਾਲ ਸਿੰਘ ਤੇ ਮਨਪ੍ਰੀਤ ਨੇ ਝੁਠਲਾਈ

ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ 'ਤੇ ਕਿਸੇ ਤਰ੍ਹਾਂ ਦਾ ਆਰਥਕ ਸੰਕਟ ਨਹੀਂ ਹੈ। ਮੁਲਾਜ਼ਮਾਂ ਦੀਆਂ ਤਨਖ਼ਾਹਾਂ-ਪੈਨਸ਼ਨਾਂ ਆਦਿ ਕੁਝ ਵੀ ਬਕਾਇਆ ਨਹੀਂ ਹੈ, ਜਦਕਿ ਸੂਬੇ ਦੇ ਵਿੱਤ ਸੱਕਤਰ ਡੀ.ਪੀ. ਰੈੱਡੀ ਦੇ ਮੁਤਾਬਕ ਇਸ ਮਦ ਵਿਚ ਅਜੇ 200 ਕਰੋੜ ਰੁਪਏ ਦਿੱਤੇ ਜਾਣੇ ਬਾਕੀ ਹਨ। ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ 2013-14 ਵਿਚ ਪੰਜਾਬ 20,068 ਕਰੋੜ ਰੁਪਏ ਵੈਟ ਇਕੱਠਾ ਕਰਨ ਵਿਚ ਸਫ਼ਲ ਹੋਵੇਗਾ। ਹਾਲਾਂਕਿ ਬਜਟ ਵਿਚ ਸਿਰਫ਼ 17,760 ਕਰੋੜ ਰੁਪਏ ਦਾ ਟੀਚਾ ਰੱਖਿਆ ਗਿਆ ਹੈ। ਅਜਿਹੇ ਮੌਕੇ 'ਤੇ ਜਦੋਂ ਪੰਜਾਬ ਦੀ ਖ਼ਰਾਬ ਅਰਥਵਿਵਸਥਾ ਨੂੰ ਲੈ ਕੇ ਪੰਜਾਬ ਸਰਕਾਰ ਦੀ ਕਾਰਜਸ਼ੈਲੀ 'ਤੇ ਸਵਾਲ ਉਠ ਰਹੇ ਹਨ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਫ਼ਾਈ ਦੇਣ ਲਈ ਪ੍ਰੈਸ ਕਾਨਫ਼ਰੰਸ ਕੀਤੀ। ਬਾਦਲ ਨੇ ਕਿਹਾ ਕੇਂਦਰ ਸੂਬੇ ਨੂੰ ਪੂਰਾ ਫ਼ੰਡ ਨਹੀਂ ਦੇ ਰਿਹਾ। ਪੰਜਾਬ ਆਪਣੇ ਯਤਨਾਂ ਨਾਲ ਅਰਥਵਿਵਸਥਾ ਮਜ਼ਬੂਤ ਬਣਾ ਰਿਹਾ ਹੈ। ਦੇਸ਼ ਦੀ ਤੁਲਨਾ ਵਿਚ ਪੰਜਾਬ ਦੀ ਅਰਥ ਵਿਵਸਥਾ ਕਿਤੇ ਵਧੀਆ ਹੈ।





ਸੁਖਬੀਰ ਬਾਦਲ ਦੇ ਇਸ ਬਿਆਨ ਨਾਲ ਕਾਂਗਰਸ ਦੇ ਸੀਨੀਅਰ ਆਗੂ ਲਾਲ ਸਿੰਘ ਸਹਿਮਤ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਖਬੀਰ ਆਰਥਕ ਸੰਕਟ ਦੂਰ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਏ ਹਨ। ਜੇਕਰ ਉਹ ਆਪਣੀਆਂ ਨਿੱਜੀ ਕੰਪਨੀਆਂ ਨੂੰ ਫ਼ਾਇਦੇ ਵਿਚ ਲਿਜਾ ਸਕਦੇ ਹਨ ਤਾਂ ਸਰਕਾਰ ਨੂੰ ਕਿਉਂ ਨਹੀਂ। ਇਥੋਂ ਤਕ ਅਕਾਲੀ-ਭਾਜਪਾ ਸਰਕਾਰ ਨੇ ਕੇਂਦਰ ਤੋਂ ਸੂਬੇ ਨੂੰ ਮਿਲਣ ਵਾਲੀ ਗ੍ਰਾਂਟ ਵਿਚ ਵੀ ਵੱਡੇ ਘੋਟਾਲੇ ਕੀਤੇ ਹਨ। ਜੇਕਰ ਸਰਕਾਰ ਸਿਰਫ਼ ਕੇਂਦਰ ਦੀਆਂ ਯੋਜਨਾਵਾਂ ਨੂੰ ਹੀ ਪੂਰੀ ਤਰ੍ਹਾਂ ਲਾਗੂ ਕਰਦੀ ਰਹੇ ਤਾਂ ਵੀ ਪੰਜਾਬ ਸਰਕਾਰ ਆਰਥਕ ਸੰਕਟ 'ਚੋਂ ਬਾਹਰ ਨਿਕਲ ਸਕਦੀ ਹੈ। ਸਰਕਾਰ ਨੇ ਪੰਜਾਬ ਵਿਚ 22 ਹਜ਼ਾਰ ਕਰੋੜ ਦਾ ਨਿਵੇਸ਼ ਕਰਾਉਣ ਦਾ ਦਾਅਵਾ ਕੀਤਾ ਸੀ ਪਰ ਮਹਿਜ਼ 1900 ਕਰੋੜ ਹੀ ਕਰਾ ਸਕੀ ਹੈ।

ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਪੰਜਾਬ ਦੀ ਵਿੱਤੀ ਹਾਲਤ ਸਬੰਧੀ ਦਿਤੇ ਅੰਕੜਿਆਂ ਨੂੰ ਫ਼ਰਜ਼ੀ ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਸੁਖਬੀਰ ਕਰਜ਼ ਘੱਟ ਹੋਣ ਦੀ ਗੱਲ ਕਰ ਰਹੇ ਹਨ, ਪਰ ਕੀ ਇਹ ਹਕੀਕਤ ਨਹੀਂ ਹੈ ਕਿ ਪੰਜਾਬ ਨੂੰ ਆਪਣਾ ਪੁਰਾਣਾ ਕਰਜ਼ਾ ਮੋੜ ਲਈ ਨਵਾਂ ਕਰਜ਼ਾ ਲੈਣਾ ਪੈ ਰਿਹਾ ਹੈ। ਅੰਕੜਿਆਂ ਵਿਚ ਇਸ ਤਰ੍ਹਾਂ ਦੀ ਹਕੀਕਤ ਦਿਖਾਉਣਾ ਸੰਭਵ ਨਹੀਂ ਹੁੰਦਾ; ਇਸ ਲਈ ਲੋਕਾਂ ਨੂੰ ਗੁਮਰਾਹ ਕਰਨ ਲਈ ਇਹ ਦਿਖਾਏ ਜਾ ਰਹੇ ਹਨ। ਪੰਜਾਬ ਸਰਕਾਰ ਇਕ ਪਾਸੇ ਕੇਂਦਰ 'ਤੇ ਗ੍ਰਾਂਟ ਦੇਣ ਵਿਚ ਭੇਦ ਭਾਵ ਦਾ ਦੋਸ਼ ਲਾ ਰਹੀ ਹੈ ਤਾਂ ਦੂਜੇ ਪਾਸੇ ਕੇਂਦਰੀ ਵਿੱਤ ਕਮਿਸ਼ਨ ਨੂੰ ਕਰਜ਼ਾ ਮਾਫ਼ੀ ਦੀ ਅਪੀਲ ਕਰ ਰਹੀ ਹੈ। ਪੰਜਾਬ ਸਰਕਾਰ ਨੇ ਹਾਲ ਹੀ ਵਿਚ ਆਏ 14ਵੇਂ ਵਿੱਤ ਕਮਿਸ਼ਨ ਤੋਂ ਮੰਗ ਕੀਤੀ ਸੀ ਕਿ ਰਾਸ਼ਟਰੀ ਲਘੂ ਬੱਚਤਾਂ ਦੇ 21,428 ਕਰੋੜ ਮਾਫ਼ ਕਰ ਦਿੱਤੇ ਜਾਣ। ਇਹ ਉਹ ਰਾਸ਼ੀ ਹੈ ਜਿਹੜੀ ਪੰਜਾਬ ਨੂੰ ਸਸਤੇ ਕਰਜ਼ੇ ਦੇ ਰੂਪ ਵਿਚ ਲਘੂ ਬੱਚਤਾਂ ਤੋਂ ਮਿਲਦੀ ਹੈ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY's PIZZA
PACKS A LOT OF PUNCH!!




# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





What we Offer

Home / Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL
INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਸਿਮਰਨ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## DRIVING SCHOOL LTD.

G Driving School Ltd. Pride in Safety

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




- Male & Female Instructors are available
- VEHICLE PROVIDE FOR ROAD TEST
- Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

## PIZZA 99

*Serving for over 16 years*



ਪਰਮਜੀਤ ਸਿੰਘ ਬਾਠ



Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

*Buy any Pizza at regular price & get Second Pizza of equal or less value Free or Chicken wings Free and 3rd Pizza Half Price.*

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

## Sidhu Stucco Ltd.




## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com



# ਰੌਣਕਾਂ ਪੰਜਾਬ ਦੀਆਂ 2013



ਪੰਜਾਬੀ ਹੈਰੀਟੇਜ਼ ਫਾਊਂਡੇਸ਼ਨ ਐਡਮਿੰਟਨ ਵਲੋਂ ਕਰਵਾਇਆ ਗਿਆ ਮੇਲਾ 'ਰੌਣਕਾਂ ਪੰਜਾਬ ਦੀਆਂ-2013' ਹਮੇਸ਼ਾ ਵਾਂਗ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡ ਗਿਆ। 18 ਅਗਸਤ ਨੂੰ ਫ਼ਸਟੀਵਲ ਪਲੇਸ, ਸ਼ੇਰਵੁੱਡ ਪਾਰਕ ਵਿਖੇ ਸਮਰ ਕੈਂਪ-2013 ਦੀ ਸਮਾਪਤੀ ਮੌਕੇ ਕਰਵਾਏ ਗਏ ਇਸ ਮੇਲੇ ਵਿਚ 300 ਤੋਂ ਵੀ ਵੱਧ ਬੱਚਿਆਂ ਨੇ ਹਿੱਸਾ ਲਿਆ। ਪੰਜਾਬੀ ਹੈਰੀਟੇਜ਼ ਫਾਊਂਡੇਸ਼ਨ ਦੇ ਪ੍ਰਧਾਨ ਗੁਰਚਰਨ ਸਿੰਘ ਗਰਚਾ ਨੇ ਕਿਹਾ ਕਿ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਬਾਕੀ ਸਾਰੇ ਵਰਕਰਾਂ ਦੇ ਸਹਿਯੋਗ ਨਾਲ ਹੀ ਪ੍ਰੋਗਰਾਮ ਐਨਾ ਸਫ਼ਲ ਰਿਹਾ ਹੈ। ਪ੍ਰੋਗਰਾਮ ਦੇ ਅਰੰਭ ਵਿਚ ਉਘੇ ਗਾਇਕ ਉਪਿੰਦਰ ਮਠਾਰੂ ਵਲੋਂ ਗਾਇਆ ਗੀਤ 'ਕੁਝ ਸਿੱਖ ਲੈ ਜਿੰਦੜੀਏ ਨੀ' ਬਹੁਤ ਹੀ ਪ੍ਰੇਰਨਾਦਾਇਕ ਸੀ। ਬੱਚਿਆਂ ਵਲੋਂ ਪੇਸ਼ ਕੀਤੇ ਗਏ ਲੋਕ-ਨਾਚ ਸੰਮੀ ਤੇ ਜਿੰਦੂਆ 'ਤੇ ਦਰਸ਼ਕ ਅਸ਼-ਅਸ਼ ਕਰ ਉਠੇ। ਨਿੱਕੀ ਬੱਚੀ ਅਨੂਪ ਧਾਲੀਵਾਲ ਵਲੋਂ ਕਵਿਤਾ ਪੇਸ਼ ਕੀਤੀ ਗਈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸਮਰਪਿਤ ਇਕ ਬੈਲੇ ਵੀ ਦਰਸ਼ਕਾਂ ਦੀ ਨਜ਼ਰ ਕੀਤਾ ਗਿਆ, ਜਿਸ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦੇ ਦ੍ਰਿਸ਼ ਨੂੰ ਦਰਸਾਇਆ ਗਿਆ ਸੀ। ਮਨਜੀਤ ਸਿੰਘ ਅਤੇ ਪੂਨਮ ਔਲਖ ਵਲੋਂ ਤਿਆਰ ਕਰਵਾਈ ਗਈ ਹਰ ਵੰਨਗੀ ਵਿਚ ਨਵੇਂ ਰੰਗ ਦੇਖਣ ਨੂੰ ਮਿਲੇ। ਹਰਜੀਤ ਸਿੰਘ ਤੇ ਜਸਬੀਰ ਗਿੱਲ ਨੇ ਬੜੇ ਹੀ ਸੁਚੱਜੇ ਢੰਗ ਨਾਲ ਸਟੇਜ ਦਾ ਸੰਚਾਲਨ ਕੀਤਾ। ਵਿਧਾਇਕ ਪੀਟਰ ਸੰਧੂ, ਨਰੇਸ਼ ਭਾਰਦਵਾਜ, ਸੁਹੇਲ ਕਾਦਰੀ ਤੇ ਹਾਰਵੀ ਪਨੇਸਰ ਨੇ ਪ੍ਰੋਗਰਾਮ ਵਿਚ ਹਾਜ਼ਰੀ ਭਰਦੇ ਹੋਏ ਸਮੁੱਚੇ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਪਵਿੱਤਰ ਧਾਲੀਵਾਲ, ਜਸਪਾਲ ਮੱਲ੍ਹੀ, ਗੁਰਦੀਪ ਜੌਹਲ, ਹਰਜਿੰਦਰ ਢੇਸੀ, ਕੁਲਵੀਰ ਉੱਪਲ, ਪਰਮਿੰਦਰ ਬੱਦੋਵਾਲ, ਪਾਲ ਬੋਪਾਰਾਏ, ਲਖਬੀਰ ਲਖਬੀਰ ਔਜਲਾ, ਜਸਵਿੰਦਰ ਭਿੰਡਰ, ਵਤਨਦੀਪ ਗਰੇਵਾਲ, ਪ੍ਰਿੰਸੀਪਲ ਜਗਵਿੰਦਰ ਸਿੱਧੂ, ਸੁਖਦੇਵ ਧਨੋਆ, ਇੰਦਰਪਾਲ, ਨਰਿੰਦਰ ਜੌਹਲ ਆਦਿ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ।







## On October 21, 2013 VOTE for Chak, Mujahid – your voice for 38 Years




**Family**

- Supporting initiatives for Smart Growth and effective re-investment in the ward.
- Support funding to libraries, recreation centres, and community centres, to give families more time together in healthy activities.
- Promote and engage Ward 11 to the programs the City offers at a free or discounted rate.

**Community**

- Extending the Southeast LRT to all of Ward 11.
- Support core services, especially road maintenance, sidewalk replacement & education.
- Look to find new initiatives and technologies that can change the way we approach issues to find better more affordable methods. An example of this would be an advanced rubber road program.

**Diversity**

- Supporting anti-discrimination policies and developing all public institutions as respectful and inclusive places.
- Developing Seniors Activity Centres as part of healthy living institutions.
- Generating funds for long term care for Seniors.

8211 Argyll Road · 780.994.6895 · chak@chak11.ca

www.chak11.ca

CHAK
WARD 11
Family Community Diversity
8211 Argyll Road · 780.994.6895 · chak@chak11.ca
your neighbor, your choice www.chak11.ca



## GLOBAL MARKET DEVELOPMENT CORP.

We build Strategies

**Business Plans from $900!**

***Business Planning:***
To get bank financing or move your business to the next level get your Business Plan made with us.

***Strategic Planning:***
We provide strategic consulting including competition analysis.

Phone: (780) 707 3796 Email: gmdcorporation@gmail.com Website: www.gmdcorporation.com



# ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਦੌਰਾਨ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ

ਕੈਲਗਰੀ (ਇਕਬਾਲ ਖ਼ਾਨ) : ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਕੌਂਸਲ ਆਫ਼ ਸਿੱਖ ਔਰਗੇਨਾਇਜ਼ੇਸ਼ਨਜ਼ (ਕੋਸੋ) ਦੇ ਹਾਲ 'ਚ ਕੇਸਰ ਸਿੰਘ ਨੀਰ ਅਤੇ ਸੁਰਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਸਟੇਜ ਦੀ ਕਾਰਵਾਈ ਡਾ. ਹਰਭਜਨ ਸਿੰਘ ਢਿੱਲੋਂ ਅਤੇ ਇਕਬਾਲ ਖ਼ਾਨ ਨੇ ਸਾਂਝੇ ਰੂਪ ਵਿਚ ਨਿਭਾਈ। ਡਾ. ਢਿੱਲੋਂ ਨੇ ਸਭ ਤੋਂ ਪਹਿਲਾਂ ਸਭਾ ਵਿਚ ਨਵੇਂ ਸ਼ਾਮਲ ਹੋਏ ਮੈਂਬਰਾਂ ਸੁਰਜੀਤ ਸਿੰਘ ਹੇਅਰ, ਡਾ. ਮੁਖਤਿਆਰ ਸਿੰਘ ਕੈਲੇ, ਡਾ. ਲਖਬੀਰ ਸਿੰਘ ਰਿਆੜ ਨਾਲ ਸੰਖੇਪ ਜਾਣ-ਪਛਾਣ ਕਰਾਈ। ਆਰ. ਐਸ. ਸੈਣੀ ਨੇ ਸ਼ਕੀਲ ਦੀ ਉਰਦੂ ਦੀ ਗ਼ਜ਼ਲ ਸਾਜ਼ਾਂ ਨਾਲ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਕੁਲਦੀਪ ਕੌਰ ਘਟੌੜਾ ਨੇ ਪ੍ਰਸਿੱਧ ਗੀਤਕਾਰ ਨੂਰਪੁਰੀ ਦਾ ਗੀਤ 'ਗੋਰੀ ਦੀਆਂ ਝਾਂਜਰਾਂ ਬਲਾਉਂਦੀਆਂ ਗਈਆਂ' ਸੁਣਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਇਸ ਉਪਰੰਤ ਗੁਰਨਾਮ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਲਿਖੀ ਰਚਨਾ 'ਜੱਟ ਦੀ ਬੰਦਨਾਂ' ਸੁਣਾਕੇ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। ਪ੍ਰਮਿੰਦਰ ਗਰੇਵਾਲ ਨੇ ਉਰਦੂ ਦੇ ਖ਼ੂਬਸੂਰਤ ਸ਼ੇਅਰ ਸੁਣਾਏ ਅਤੇ ਨੌਰਥ-ਵਿਸਟ ਕੈਲਗਰੀ ਵਿੱਚ ਕਰਾਈਆਂ ਜਾ ਰਹੀਆਂ ਖੇਡਾਂ ਬਾਰੇ ਜਾਣਕਾਰੀ ਦਿੱਤੀ ਅਤੇ ਸਰੋਤਿਆਂ ਨੂੰ ਹੁੰਮ ਹਮਾ ਕੇ ਪਹੰਚਣ ਲਈ ਅਪੀਲ ਕੀਤੀ। ਮਾ. ਬਚਿੱਤਰ ਸਿੰਘ ਗਿੱਲ ਨੇ ਵੀ ਪਾਰਸ ਸੀ ਲਿਖੀ ਸਦਾ ਬਹਾਰ ਰਚਨਾ 'ਸਰਵਣ ਪੁੱਤਰ ਦੀ ਗਾਥਾ' ਪੂਰੇ ਜਲੌ ਵਿੱਚ ਸੁਣਾ ਕੇ ਸਰੋਤਿਆਂ ਨੂੰ ਨਿਹਾਲੋ ਨਿਹਾਲ ਕਰ ਦਿੱਤਾ। ਸੁਰਿੰਦਰ ਸਿੰਘ ਢਿੱਲੋਂ ਨੇ 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਵਿੱਚ ਮੁਹੰਮਦ ਰਫ਼ੀ ਵੱਲੋਂ ਗਾਇਆ ਸ਼ਬਦ 'ਮਿੱਤਰ ਪਿਆਰੇ ਨੂੰ' ਸੁਣਾ ਕੇ ਸਰੋਤਿਆਂ ਨੂੰ ਗਭੀਰ ਕਰ ਦਿੱਤਾ। ਜਰਨੈਲ ਸਿੰਘ ਤੱਗੜ ਨੇ ਪੰਜਾਬ ਦੀ ਤ੍ਰਾਸਦੀ ਬਾਰੇ ਹਰਚੰਦ ਸਿੰਘ ਬਾਗੜੀ ਦੀ ਕਵਿਤਾ ਸੁਣਾਈ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਸਹਾਇਕ ਸਕੱਤਰ ਹਰਜੀਤ ਗਿੱਲ ਦੇ ਪਿਤਾ ਜੀ ਇੰਡੀਆਂ ਤੋਂ ਆਏ ਹੋਏ ਹਨ, ਉਹਨਾਂ ਨੇ ਪਹਿਲੀ ਵਾਰ ਸਭਾ ਵਿੱਚ ਹਾਜ਼ਰੀ ਭਰੀ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਅਜੈਇਬ ਸਿੰਘ ਸੇਖੋਂ ਨੇ ਦਿੱਲੀ ਦੇ ਕਤਲੇਆਮ ਦੀ ਦਾਸਤਾਨ ਬਿਆਨ ਦੀ ਕਵਿਤਾ ਪੇਸ਼ ਕਰਕੇ ਭਾਰਤੀ ਲੋਕਤੰਤਰ ਦੀ ਕੋਝੀ ਤਸਵੀਰ ਪੇਸ਼ ਕੀਤੀ। ਗੁਰਦਿਆਲ ਸਿੰਘ ਖ਼ਹਿਰਾ ਨੇ ਅੱਖੀਆਂ ਬਾਰੇ ਬਹੁਤ ਖ਼ੂਬਸੂਰਤ ਕਵਿਤਾ ਗਾ ਸੁਣਾਈ ਜਿਸ ਨੂੰ ਸਰੋਤਿਆਂ ਵਲੋਂ ਬਹੁਤ ਹੀ ਸੁਲਾਹਿਆ ਗਿਆ।

# ਤਰਕਸ਼ੀਲਾਂ ਨੇ ਦਾਭੋਲਕਰ ਕਤਲ ਕਾਂਡ ਨੂੰ ਨਿੰਦਿਆ

ਸਰੀ (ਨਦਬ) : ਉੱਘੇ ਤਰਕਸ਼ੀਲ ਆਗੂ ਡਾ. ਨਰਿੰਦਰ ਦਾਭੋਲਕਰ ਦਾ ਪੂਨੇ (ਮਹਾਰਾਸ਼ਟਰ) ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਖ਼ਬਰ ਨੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕਨੇਡਾ ਦੇ ਮੈਂਬਰਾਂ ਨੂੰ ਡੂੰਘਾ ਸਦਮਾ ਪਹੁੰਚਾਇਆ ਹੈ। ਸੁਸਾਇਟੀ ਦੇ ਸਕੱਤਰ ਗੁਰਮੇਲ ਗਿੱਲ ਨੇ ਕਿਹਾ ਕਿ ਸੁਸਾਇਟੀ ਇਸ ਕਤਲ ਦੀ ਸਖ਼ਤ ਨਿਖੇਧੀ ਕਰਦੀ ਹੈ। ਸੁਸਾਇਟੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੀ ਹੈ। ਡਾ. ਦਾਭੋਲਕਰ ਦਾ ਕਤਲ, ਤਰਕਸ਼ੀਲ ਵਿਚਾਰਾਂ ਦਾ ਕਤਲ ਕਰਨ ਦੀ ਅਸਫ਼ਲ ਕੋਸ਼ਿਸ਼ ਹੈ। ਡਾ. ਦਾਭੋਲਕਰ ਅੰਧਵਿਸ਼ਵਾਸਾਂ, ਤਾਂਤਰਿਕਾਂ, ਜੋਤਸ਼ੀਆਂ ਖ਼ਿਲਾਫ਼ ਲੰਮੇ ਸਮੇਂ ਤੋਂ ਲੜਾਈ ਲੜਦੇ ਆ ਰਹੇ ਸਨ। ਉਹ ਚਾਹੁੰਦੇ ਸਨ ਕਿ ਮਹਾਰਾਸ਼ਟਰ ਸਰਕਾਰ ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਪਾਸ ਕਰੇ, ਜਿਸ ਨਾਲ ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਨੂੰ ਲੋਕਾਂ ਦੀ ਲੁੱਟ ਕਰਨ ਤੋਂ ਰੋਕਿਆ ਜਾਵੇ। ਇਸ ਤੋਂ ਪਹਿਲਾਂ ਵੀ ਅਜਿਹੇ ਕਤਲ ਜਾਂ ਕੁੱਟਮਾਰ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹੀਆਂ ਹਨ। ਤਰਕਸ਼ੀਲ ਲਹਿਰ ਦੇ ਮੈਂਬਰ ਸਾਰੇ ਸੰਸਾਰ ਵਿਚ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ ਰਾਹੀਂ ਲੋਕਾਂ ਨੂੰ ਜਾਗਰੂਕ ਕਰਦੇ ਆ ਰਹੇ ਹਨ ਕਿ ਜੋਤਿਸ਼, ਜੰਤਰ ਮੰਤਰ, ਜਾਦੂ ਟੂਣਾ, ਧਾਗੇ ਤਬੀਤ, ਸਿੱਟ, ਭੂਤ ਪ੍ਰੇਤ, ਨਗ ਆਦਿ ਸਭ ਧੋਖਾ ਹੈ। ਇਹ ਲੋਕ ਧੋਖੇ ਭਰੇ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਆਪਣੇ ਸ਼ਿਕਾਰ ਬਣਾ ਲੈਂਦੇ ਹਨ ਤੇ ਉਨ੍ਹਾਂ ਦੀ ਆਰਥਕ, ਮਾਨਸਿਕ ਤੇ ਸਰੀਰਕ ਲੁੱਟ ਕਰਦੇ ਹਨ। ਇੱਕ ਵਾਰ ਇੰਨ੍ਹਾਂ ਦਾ ਸ਼ਿਕਾਰ ਹੋਏ ਲੋਕ ਛੇਤੀ ਕੀਤੇ ਇਸ ਬਿਮਾਰ ਮਾਨਸਿਕਤਾ ਵਿਚੋਂ ਬਾਹਰ ਨਹੀਂ ਨਿਕਲ ਸਕਦੇ। ਇਸ ਸਮਾਜਕ ਕੋਹੜ ਤੋਂ ਲੋਕਾਂ ਨੂੰ ਬਚਾਉਣ ਲਈ ਤਰਕਸ਼ੀਲ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਜ਼ਰੂਰੀ ਹੈ।

## ਤਰਕਸ਼ੀਲਾਂ ਨੇ ਦਾਭੋਲਕਰ ਨੂੰ ਸ਼ਰਧਾਂਜਲੀ ਦਿੱਤੀ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਦੀ ਕਾਰਜਕਰਨੀ ਦੀ ਮੀਟਿੰਗ ਵਿਚ ਲੋਕ ਨਾਇਕ ਡਾ. ਨਰਿੰਦਰ ਦਾਭੋਲਕਰ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਭਾਵਪੂਰਨ ਸ਼ਰਧਾਂਜਲੀ ਦਿੱਤੀ ਗਈ ਅਤੇ ਸਮਾਜ ਵਿਰੋਧੀ ਤਾਕਤਾਂ ਵਲੋਂ ਕੀਤੇ ਉਨ੍ਹਾਂ ਦੇ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਮੈਂਬਰਾਂ ਨੇ ਵਿਸ਼ਵਾਸ਼ ਜਿਤਾਇਆ ਕਿ ਉਨ੍ਹਾਂ ਦੇ ਕਤਲ ਨਾਲ ਦਾਭੋਲਕਰ ਵਲੋਂ, ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਫਸਾ ਕੇ, ਲੁੱਟ ਦੇ ਪੈਸੇ ਨਾਲ ਐਸ਼ਾਂ ਕਰਦੇ ਲੁਟੇਰਿਆਂ ਖਿਲਾਫ ਬੁਲੰਦ ਕੀਤੀ ਜਾ ਰਹੀ ਆਵਾਜ਼, ਉਨ੍ਹਾਂ ਦੇ ਦੁਨੀਆਂ ਤੋਂ ਰੁਖਸਤ ਹੋਣ ਨਾਲ ਬੰਦ ਹੋਣ ਦੀ ਬਜਾਏ ਸਗੋਂ ਹੋਰ ਤੀਬਰਤਾ ਨਾਲ, ਇਨ੍ਹਾਂ ਲੁਟੇਰਿਆਂ ਦੀਆਂ ਨੀਂਦਾਂ ਹਰਾਮ ਕਰਦੀ ਰਹੇਗੀ ਅਤੇ ਅੰਤ ਲੋਕ ਅਜਿਹੇ ਢੌਂਗੀਆਂ ਦੀਆਂ ਚਾਲਾਂ ਸਮਝਦੇ ਹੋਏ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਹੋ ਜਾਣਗੇ।

# ਰਾਈਟਰਜ਼ ਫੋਰਮ ਦੀ ਮਾਸਿਕ ਇਕੱਤਰਤਾ ਸੰਗੀਤਮਈ ਹੋ ਨਿਬੜੀ

ਕੈਲਗਰੀ (ਜੱਸ ਚਾਹਲ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਦੇ ਹੋਏ ਸ਼ਮਸ਼ੇਰ ਸਿੰਘ ਸੰਧੂ ਅਤੇ ਸੁਰਜੀਤ ਸਿੰਘ ਸੀਤਲ 'ਪੰਨੂੰ' ਹੋਰਾਂ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ ਜੋ ਕਿ ਸਭਾ ਵਲੋਂ ਪਰਵਾਨ ਕੀਤੀ ਗਈ।

ਸਟੇਜ ਸਕੱਤਰ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਜੱਸ ਚਾਹਲ ਨੇ ਆਰ. ਐਸ. ਸੈਣੀ ਹੋਰਾਂ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਮੁਹੰਮਦ ਰਫ਼ੀ ਦਾ ਗੀਤ ਗਾ ਕੇ ਅੱਜ ਦੀ ਸਭਾ ਦੀ ਸ਼ੁਰੂਆਤ ਸੰਗੀਤਮਈ ਬਣਾ ਦਿੱਤੀ। ਰਫ਼ੀ ਅਹਮਦ ਹੋਰਾਂ ਆਪਣਾ ਉਰਦੂ ਲੇਖ 'ਸ਼ਾਮ' ਪੜ੍ਹਕੇ ਤਾਲੀਆਂ ਲੈ ਲਈਆਂ। ਜਸਵੰਤ ਸਿੰਘ ਸੇਖੋਂ ਨੇ ਰਾਈਟਰਜ਼ ਫੋਰਮ ਦਾ ਮੁੱਖ ਉਦੇਸ਼ ਪੂਰਦੀ ਅਪਣੀ ਇਸ ਰਚਨਾ ਨਾਲ ਸਭ ਨੂੰ ਆਉਣ ਵਾਲੀ ਈਦ ਦੀ ਵਧਾਈ ਦਿੱਤੀ। ਸਵਰਨ ਸਿੰਘ ਸੰਧੂ ਨੇ ਸਾਵਣ ਦੇ ਸੁਹਾਣੇ ਮੌਸਮ ਬਾਰੇ ਪੰਜਾਬੀ ਗੀਤ ਗਾ ਕੇ ਸਭਾ ਦੀਆਂ ਤਾਲੀਆਂ ਲੁੱਟ ਲਈਆਂ। ਸੁਰਜੀਤ ਸਿੰਘ ਸੀਤਲ 'ਪੰਨੂੰ' ਹੋਰਾਂ ਆਪਣੀਆਂ ਕੁਝ ਰੁਬਾਈਆਂ ਅਤੇ ਇਕ ਗ਼ਜ਼ਲ ਸੁਣਾਈ। ਪੈਰੀ ਮਾਹਲ ਨੇ ਸ਼ਹੀਦ ਉਧਮ ਸਿੰਘ ਬਾਰੇ ਸਭਾ ਨਾਲ ਰੋਚਕ ਸ਼ਬਦਾਂ ਵਿਚ ਜਾਣਕਾਰੀ ਸਾਂਝੀ ਕੀਤੀ। ਡਾ. ਮਨਮੋਹਨ ਸਿੰਘ ਬਾਠ ਨੇ ਇਹ ਹਿੰਦੀ ਫਿਲਮੀ ਗੀਤ ਗਾ ਕੇ ਹਮੇਸ਼ਾ ਦੀ ਤਰ੍ਹਾਂ ਸਮਾਂ ਬੰਨ੍ਹ ਦਿੱਤਾ। ਪਾਲੀ ਸਿੰਘ ਨੇ ਆਪਣੀ ਰਚਨਾ ਰਾਹੀਂ ਅਜੋਕੇ ਸਮਾਜ ਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰਵੀਨ ਅਹਮਦ ਨੇ ਉਰਦੂ ਦੀ ਨਜ਼ਮ ਨਾਲ ਹਾਜ਼ਰੀ ਲਵਾਈ। ਹਰਕੰਵਲਜੀਤ ਸਾਹਿਲ ਨੇ ਆਪਣੀਆਂ ਕੁਝ ਕਵਿਤਾਵਾਂ ਸਾਂਝੀਆਂ ਕਰਕੇ ਵਾਹ-ਵਾਹ ਲੁੱਟੀ। ਅਜਾਇਬ ਸਿੰਘ ਸੇਖੋਂ ਨੇ 1984 ਦੇ ਦੁਖਾਂਤ ਦਾ ਬਿਆਨ ਕਵਿਤਾ ਰਾਹੀਂ ਕੀਤਾ। ਡਾ. ਮਜ਼ਹਰ ਸੱਦੀਕੀ ਨੇ ਉਰਦੂ ਦਿਆਂ ਦੋ ਗ਼ਜ਼ਲਾਂ ਨਾਲ ਸਭਾ ਦੀ ਵਾਹ-ਵਾਹ ਲੁੱਟੀ। ਜਸਵੀਰ ਸਿੰਘ ਸਹੋਤਾ ਨੇ ਅਪਣੀ ਪੰਜਾਬੀ ਕਵਿਤਾ ਸਾਂਝੀ ਕਰਕੇ ਰੋਣਕ ਵਧਾਈ। ਹਰਨੇਕ ਸਿੰਘ ਬੱਧਨੀ ਨੇ ਆਪਣੀ ਗ਼ਜ਼ਲ ਸਾਂਝੀ ਕੀਤੀ। ਬੀਬੀ ਰਜਿੰਦਰ ਕੌਰ ਚੋਹਕਾ ਹੋਰਾਂ ਇਕ ਕਵਿਤਾ ਰਾਹੀਂ ਸਮਾਜ ਉਸਾਰੀ ਦਾ ਸੁਨੇਹਾ ਦਿੱਤਾ। ਸੁਰਿੰਦਰ ਸਿੰਘ ਢਿਲੋਂ ਨੇ ਭੁਪਿੰਦਰ ਸਿੰਘ ਦੀ ਗਾਈ ਗ਼ਜ਼ਲ ਗਾ ਕੇ ਬਹਿਜਾ-ਬਹਿਜਾ ਕਰਾ ਦਿੱਤੀ। ਤਾਰਿਕ ਮਲਿਕ ਨੇ ਕੁਝ ਸ਼ੇਅਰ ਅਤੇ 'ਅਫ਼ਜਾਲ ਨਵੀਦ' ਦੀ ਗ਼ਜ਼ਲ ਸਾਂਝੀ ਕੀਤੀ। ਜਗਦੀਸ਼ ਸਿੰਘ ਚੋਹਕਾ ਨੇ ਆਪਣੇ ਵਿਚਾਰ ਪੇਸ਼ ਕੀਤੇ। ਜਗਜੀਤ ਸਿੰਘ ਰਾਹਸੀ ਨੇ ਉਰਦੂ ਦੇ ਕੁਝ ਸ਼ੇਅਰ ਅਤੇ ਇਕ ਗੀਤ ਗਾਇਆ। ਪ੍ਰਭਦੇਵ ਸਿੰਘ ਗਿੱਲ ਨੇ ਕੁਝ ਪੰਜਾਬੀ ਸ਼ੇਅਰਾਂ ਨਾਲ ਬੁਲਾਰਿਆਂ ਵਿੱਚ ਹਾਜ਼ਰੀ ਲਵਾਈ। ਰੋਮੇਸ਼ ਆਨੰਦ ਹੋਰਾਂ ਸ਼ਮਸ਼ੇਰ ਸਿੰਘ ਸੰਧੂ ਨੂੰ ਚੰਗੀ ਸਿਹਤ ਦੀਆਂ ਦੁਆਵਾਂ ਫੁਲਾਂ ਦੇ ਬੁਕੇ ਰਾਹੀਂ ਦਿੱਤੀਆਂ। ਸ਼ਮਸ਼ੇਰ ਸਿੰਘ ਸੰਧੂ ਹੋਰਾਂ ਆਪਣੀਆਂ ਦੋ ਗ਼ਜ਼ਲਾਂ ਸੁਣਾਈਆਂ। ਸੁਖਵਿੰਦਰ ਸਿੰਘ ਤੂਰ ਹੋਰਾਂ ਸ਼ਿਵ ਬਟਾਲਵੀ ਦਾ ਗੀਤ ਗਾਇਆ। ਜੱਸ ਚਾਹਲ ਨੇ ਆਪਣੀ ਹਿੰਦੀ ਗ਼ਜ਼ਲ ਨਾਲ ਸਾਹਿਤਕ ਦੌਰ ਦੀ ਸਮਾਪਤੀ ਕੀਤੀ।



ਇਨ੍ਹਾਂ ਤੋਂ ਇਲਾਵਾ ਅਮਰੀਕ ਸਿੰਘ ਸਰੋਆ, ਸੁਰਿੰਦਰ ਰਨਦੇਵ ਅਤੇ ਮੋਹਨ ਸਿੰਘ ਮਿਨਹਾਸ ਹੋਰਾਂ ਵੀ ਸਭਾ ਦੀ ਰੌਣਕ ਵਧਾਈ। ਰਾਈਟਰਜ਼ ਫੋਰਮ ਵਲੋਂ ਕਨੇਡਾ ਡੇ ਸਮਾਗਮਾਂ ਦੀ ਲਗਾਤਾਰਤਾ ਵਿਚ ਜਸਵੰਤ ਸਿੰਘ ਸੇਖੋਂ, ਜਸਵੀਰ ਸਿੰਘ ਸਹੋਤਾ ਅਤੇ ਪ੍ਰਭਦੇਵ ਸਿੰਘ ਗਿੱਲ ਦਾ ਸਭਾ ਦੇ ਮੈਂਬਰ ਵਜੋਂ ਸਾਂਝ, ਲਗਣ ਅਤੇ ਸੇਵਾਵਾਂ ਲਈ ਸਰਟੀਫਿਕੇਟ ਆਫ਼ ਐਪਰੀਸੀਏਸ਼ਨ ਨਾਲ ਸਨਮਾਨ ਕੀਤਾ ਗਿਆ।



# ਤਰਕਸ਼ੀਲਾਂ ਵਲੋਂ ਗ਼ੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਨੂੰ ਖੁੱਲ੍ਹੀ ਚੁਣੌਤੀ

ਸਰ੍ਹੀ (ਨਦਬ) : ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿਖੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕਨੇਡਾ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕੌਮਾਂਤਰੀ ਮਾਮਲਿਆਂ ਦੇ ਮੁਖੀ ਬਲਵਿੰਦਰ ਬਰਨਾਲਾ, ਮਰਹੂਮ ਇਨਕਲਾਬੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਬੇਟੀ ਨਵਸ਼ਰਨ ਅਤੇ ਉਨ੍ਹਾਂ ਦੇ ਪਤੀ ਅਤੁਲ ਸੂਦ ਦੀ ਕਨੇਡਾ ਆਮਦ ਸਮੇਂ ਸੁਸਾਇਟੀ ਦੇ ਪਰਿਵਾਰਾਂ ਨਾਲ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਸੀ। ਸੁਸਾਇਟੀ ਦੇ ਸਕੱਤਰ ਗੁਰਮੇਲ ਗਿੱਲ ਨੇ ਦੱਸਿਆ ਕਿ ਇਸ ਮਿਲਣੀ ਵਿਚ ਵੱਡੀ ਗਿਣਤੀ ਵਿਚ ਪਰਿਵਾਰ ਇਕੱਠੇ ਹੋਏ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਆਗੂ ਬਲਵਿੰਦਰ ਬਰਨਾਲਾ ਨੇ ਮਨੋਵਿਗਿਆਨ ਬਾਰੇ ਵਿਸਥਾਰ ਵਿਚ ਦੱਸਿਆ ਕਿ ਜੋ ਕੁੱਝ ਅਸੀਂ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਦੇਖਦੇ, ਸੁਣਦੇ ਜਾਂ ਮਹਿਸੂਸ ਕਰਦੇ ਹਾਂ ਉਹ ਸਾਡਾ ਅਨੁਭਵ ਹੁੰਦਾ ਹੈ ਜੋ ਬਹੁਤੀ ਵਾਰ ਸੱਚ ਜਾਂ ਸਹੀ ਨਹੀਂ ਹੁੰਦਾ। ਅਸੀਂ ਜਦੋਂ ਇਸ ਅਨੁਭਵ ਨੂੰ ਅਮਲ ਵਿਚ ਤੱਥਾਂ ਦੇ ਆਧਾਰ ’ਤੇ ਪਰਖ਼ ਕੀਤੇ ਬਿਨਾਂ ਯਕੀਨ ਕਰ ਲੈਂਦੇ ਹਾਂ ਤਾਂ ਅਸੀਂ ਬਹੁਤ ਵਾਰ ਕਿਸੇ ਭਰਮ ਦਾ ਸ਼ਿਕਾਰ ਹੋ ਜਾਂਦੇ ਹਾਂ। ਇਸ ਤਰ੍ਹਾਂ ਭਰਮ ਦਾ ਸ਼ਿਕਾਰ ਹੋਏ ਵਿਅਕਤੀ ਬਹੁਤੀ ਵਾਰ ਗ਼ੈਬੀ ਸ਼ਕਤੀਆਂ ਵਿਚ ਵਿਸ਼ਵਾਸ ਕਰਨ ਲੱਗ ਜਾਂਦੇ ਹਨ ਅਤੇ ਉਹ ਅਜਿਹੇ ਗੁਰੂਆਂ, ਪੀਰਾਂ, ਫ਼ਕੀਰਾਂ ਜਾਂ ਪਵਿੱਤਰ ਪੁਸਤਕਾਂ ਆਦਿ ਨੂੰ ਗ਼ੈਬੀ ਸ਼ਕਤੀਆਂ ਦੇ ਮਾਲਕ ਮੰਨ ਕੇ ਉਨ੍ਹਾਂ ਮਗਰ ਲੱਗ ਤੁਰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸੁਖੀ ਜੀਵਨ ਬਤੀਤ ਕਰਨ ਲਈ ਆਪਣੇ ਹਰ ਅਨੁਭਵ ਨੂੰ ਤਰਕ ਦੇ ਆਧਾਰ ’ਤੇ ਪਰਖ਼ ਕੇ ਹੀ ਉਸ ’ਤੇ ਯਕੀਨ ਕਰਨਾ ਚਾਹੀਦਾ ਹੈ। ਉਨ੍ਹਾਂ ਸਰੋਤਿਆਂ ਵੱਲੋਂ ਕੀਤੇ ਸੁਆਲਾਂ ਦੇ ਜਵਾਬ ਵੀ ਮਨੋਵਿਗਿਆਨਕ ਦਲੀਲਾਂ ਰਾਹੀਂ ਦਿੱਤੇ। ਨਵਸ਼ਰਨ ਨੇ ਆਪਣੀ ਬੜੀ ਹੀ ਸੰਖੇਪ ਪਰ ਭਾਵਪੂਰਤ ਗੱਲਬਾਤ ਵਿਚ ਦੱਸਿਆ ਕਿ ਭਾਅ ਜੀ ਨੂੰ 1947 ਦੀ ਵੰਡ ਨਾਲ ਡੂੰਘਾ ਸਦਮਾ ਲੱਗਾ ਸੀ। ਉਹ ਸਾਰੀ ਉਮਰ ਖੁੱਲ੍ਹ ਕੇ ਹੱਸ ਨਹੀਂ ਸਕੇ। ਉਨ੍ਹਾਂ ਆਪਣੀ ਜ਼ਿੰਦਗੀ ਲਿਤਾੜੇ ਹੋਏ ਦਲਿਤ ਲੋਕਾਂ ਨੂੰ ਬਰਾਬਰੀ ਦਾ ਹੱਕ ਦਿਵਾਉਣ ਲਈ ਜਾਗਰਤੀ ਪੈਦਾ ਕਰਨ ਲਈ ਲਾ ਦਿੱਤੀ। ਉਨ੍ਹਾਂ ਆਪਣੇ ਨਾਟਕਾਂ ਰਾਹੀਂ ਇਨਕਲਾਬ ਦਾ ਸੁਨੇਹਾ ਘਰ ਘਰ ਪਹੁੰਚਾਇਆ। ਉਨ੍ਹਾਂ ਕਿਹਾ ਕਿ ਜਿੱਥੇ ਭਾਅ ਜੀ ਨੇ ਔਰਤਾਂ ਦੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕੀਤੀ, ਉੱਥੇ ਉਨ੍ਹਾਂ ਸਾਨੂੰ ਘਰ ਵਿਚ ਆਪਣੇ ਵਿਚਾਰਾਂ ਅਨੁਸਾਰ ਵਿਚਰਨ ਦੀ ਪੂਰੀ ਆਜ਼ਾਦੀ ਦਿੱਤੀ। ਉਹ ਦਲਿਤ ਲੋਕਾਂ ਅਤੇ ਔਰਤਾਂ ਦਾ ਦਰਦ ਆਪਣੇ ਨਾਲ ਲੈ ਕੇ ਰੁਖ਼ਸਤ ਹੋ ਗਏ। ਤਰਕਸ਼ੀਲ ਸੁਸਾਇਟੀ ਕਨੇਡਾ ਦੇ ਪ੍ਰਧਾਨ ਬਾਈ ਅਵਤਾਰ ਗਿੱਲ ਨੇ ਆਏ ਮਹਿਮਾਨਾਂ ਅਤੇ ਸੁਸਾਇਟੀ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ ਅਤੇ ਇਹ ਵਿਸ਼ਵਾਸ ਦੁਆਇਆ ਕਿ ਸੁਸਾਇਟੀ ਭਵਿੱਖ ਵਿਚ ਵੀ ਆਪਣੇ ਪ੍ਰੋਗਰਾਮਾਂ ਰਾਹੀਂ ਭਾਅਜੀ ਗੁਰਸ਼ਰਨ ਸਿੰਘ ਦੀ ਸੋਚ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲੈ ਕੇ ਜਾਣ ਅਤੇ ਲੋਕਾਂ ਦਾ ਸੋਚਣ ਢੰਗ ਤਰਕ ਆਧਾਰਤ/ਵਿਗਿਆਨਕ ਬਣਾਉਣ ਦੇ ਉਪਰਾਲੇ ਕਰਦੀ ਰਹੇਗੀ। ਸੁਸਾਇਟੀ ਦੇ ਪਰਿਵਾਰਾਂ ਵੱਲੋਂ ਘਰਾਂ ਵਿਚ ਤਿਆਰ ਕਰ ਕੇ ਲਿਆਂਦਾ ਭੋਜਨ ਛਕਿਆ ਗਿਆ। ਪਰਿਵਾਰਾਂ ਨੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਹੁੰਦੇ ਰਹਿਣੇ ਚਾਹੀਦੇ ਹਨ।

ਅੱਜ ਦੀ ਇਸ ਮਿਲਣੀ ਤੋਂ ਪਹਿਲਾਂ ਸੁਸਾਇਟੀ ਮੈਂਬਰਾਂ ਨੇ ਆਪਣੀ ਮੀਟਿੰਗ ਵਿਚ ਅਹਿਮ ਫੈਸਲਾ ਲਿਆ ਕਿ 15 ਸਤੰਬਰ ਦਿਨ ਐਤਵਾਰ, ਗਰੈਂਡ ਤਾਜ ਬੈਂਕੁਇਟ ਹਾਲ, ਸਰ੍ਹੀ ਵਿਚ 11 ਵਜੇ ਸਵੇਰੇ ਬਲਵਿੰਦਰ ਬਰਨਾਲਾ ਲੋਕਾਂ ਦੀ ਅੰਧਵਿਸ਼ਵਾਸਾਂ ਪ੍ਰਤੀ ਮਨੋ ਅਵਸਥਾ ਦੀ ਗੱਲ ਕਰਨਗੇ ਅਤੇ ਲੋਕਾਂ ਦੇ ਸੁਆਲਾਂ ਦੇ ਜੁਆਬ ਵੀ ਦੇਣਗੇ। ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕਨੇਡਾ ਵੱਲੋਂ ਜੋਤਸ਼ੀਆਂ, ਤਾਂਤਰਿਕਾਂ, ਨਗਾਂ ਰਾਹੀਂ ਲੋਕਾਂ ਦੀ ਕਿਸਮਤ ਬਦਲਣ ਦਾ ਦਾਅਵਾ ਕਰਨ ਵਾਲਿਆਂ, ਨੰਬਰਾਂ ਰਾਹੀਂ ਲੋਕਾਂ ਦਾ ਭਵਿੱਖ ਦੱਸਣ ਵਾਲਿਆਂ, ਜਾਦੂ ਟੂਣੇ, ਭੂਤ ਪ੍ਰੇਤ, ਲਾਟਰੀ ਦੇ ਨੰਬਰ ਦੱਸਣ ਵਾਲਿਆਂ ਆਦਿ ਤੋਂ ਇਲਾਵਾ ਉਹ ਲੋਕ ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ ਕੋਈ ਗ਼ੈਬੀ ਸ਼ਕਤੀ ਹੈ ਜੋ ਅਜਿਹਾ ਕੁੱਝ ਕਰ ਸਕਦੇ ਹਨ, ਜੋ ਆਮ ਮਨੁੱਖ ਨਹੀਂ ਕਰ ਸਕਦਾ ਜਾਂ ਜਿਨ੍ਹਾਂ ਦੇ ਇਸ਼ਤਿਹਾਰਾਂ ਵਿਚ ਵੱਡੇ ਵੱਡੇ ਦਾਅਵੇ ਕੀਤੇ ਹੁੰਦੇ ਹਨ, ਸਭ ਨੂੰ ਇਹ ਚੁਣੌਤੀ ਦਿੱਤੀ ਜਾਂਦੀ ਹੈ ਕਿ ਉਹ ਉਸ ਦਿਨ ਇਸ ਇਕੱਠ ਵਿਚ ਆਉਣ ਤੇ ਆਪਣੇ ਦਾਅਵਿਆਂ ਦੀ ਸਚਾਈ ਲੋਕਾਂ ਸਾਹਮਣੇ ਪੇਸ਼ ਕਰਨ। ਸੁਸਾਇਟੀ ਦੀਆਂ ਚੁਣੌਤੀਆਂ ਵਿਚੋਂ ਕਿਸੇ ਵੀ ਇਕ ਚੁਣੌਤੀ ਨੂੰ ਲੋਕਾਂ ਦੀ ਹਾਜ਼ਰੀ ਵਿਚ ਸਹੀ ਸਾਬਤ ਕਰ ਕੇ ਦਿਖਾਉਣ ਅਤੇ ਇਕ ਲੱਖ ਕਨੇਡੀਅਨ ਡਾਲਰ ਦਾ ਇਨਾਮ ਹਾਸਲ ਕਰਨ। ਅਸੀਂ ਆਪ ਸਭ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਇਸ ਜਾਣਕਾਰੀ ਭਰਪੂਰ ਪ੍ਰੋਗਰਾਮ ਵਿਚ ਜ਼ਰੂਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਸਰਬਜੀਤ ਉੱਖਲਾ ਜਾਦੂ ਦੇ ਟ੍ਰਿਕ ਦਿਖਾਉਣਗੇ ਅਤੇ ਗੀਤ ਸੰਗੀਤ ਵੀ ਹੋਵੇਗਾ। ਇਸ ਪ੍ਰੋਗਰਾਮ ਦੀ ਕੋਈ ਟਿਕਟ ਨਹੀਂ ਹੈ, ਪ੍ਰੋਗਰਾਮ ਬਿਲਕੁਲ ਫ਼ਰੀ ਹੈ ਅਤੇ ਰਿਫ਼ਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

## ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ ਅਲਬਰਟਾ ਦਾ ਸਾਲਾਨਾ ਸਭਿਆਚਾਰਕ ਮੇਲਾ

ਅਲਬਰਟਾ (ਨਦਬ) : ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ ਅਲਬਰਟਾ ਦਾ ਸਾਲਾਨਾ ਸਭਿਆਚਾਰਕ ਮੇਲਾ ਬਾਅਦ ਦੁਪਹਿਰ ਦੋ ਵਜੇ, ਦਿਨ ਐਤਵਾਰ, 13 ਅਕਤੂਬਰ ਨੂੰ ਜੁਬਲੀ ਆਡੀਟੋਰੀਅਮ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਸਭਿਆਚਾਰਕ ਮੇਲਾ ਲਗਭਗ 25 ਸਾਲ ਤੋਂ ਕਨੇਡਾ ਵਿਚ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕਰਵਾਇਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੈਂਕੜੇ ਬੱਚੇ, ਨੌਜਵਾਨ ਮਰਦ ਅਤੇ ਔਰਤਾਂ ਇਸ ਮੇਲੇ ਵਿਚ ਆਪਣੀਆਂ ਆਈਟਮਾਂ ਪੇਸ਼ ਕਰਨਗੇ। ਇਸ ਮੇਲੇ ਵਿਚ ਗਿੱਧਾ, ਭੰਗੜਾ, ਕੋਰੀਓਗਰਾਫੀ, ਨਾਟਕ, ਗੀਤ, ਕਵਿਤਾਵਾਂ ਅਤੇ ਹਾਸ ਰਾਸ ਵਿਅੰਗ ਵਾਲੀਆਂ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਸੰਸਥਾ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਅਤੇ ਬੁਜ਼ਰਗਾਂ ਦੀਆਂ ਹਰ ਕਿਸਮ ਦੀਆਂ ਸਟੇਜ ’ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਕਲਾ ਕਿਰਤਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਆਪਣੀਆਂ ਆਈਟਮਾਂ ਲਈ ਸੰਪਰਕ ਕਰਨ। ਸੰਸਥਾ ਉਨ੍ਹਾਂ ਸਟੇਜ ਕਲਾ ਕਿਰਤਾਂ ਨੂੰ ਪਹਿਲ ਦੇਵੇਗੀ, ਜਿਹੜੀਆਂ ਪੰਜਾਬੀ ਸਭਿਆਚਾਰ ਨੂੰ ਪ੍ਰਫੁਲੱਤ ਕਰਨ ਅਤੇ ਸਮਾਜਕ ਕਦਰਾਂ-ਕੀਮਤਾਂ ਅਨੁਸਾਰ ਹੋਣਗੀਆਂ। ਲੱਚਰ ਗਾਇਕੀ ਜਾਂ ਉਸ ’ਤੇ ਆਧਾਰਤ ਕਿਸੇ ਵੀ ਆਈਟਮ ਨੂੰ ਪੇਸ਼ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸੰਸਥਾ ਦਾ ਉਦੇਸ਼ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਵਿਚਲੀ ਨਿਪੁੰਨਤਾ ਨੂੰ ਲੋਕਾਂ ਸਾਹਮਣੇ ਪੇਸ਼ ਕਰ ਕੇ ਇਕ ਉਸਾਰੂ ਸਮਾਜ ਅਤੇ ਸਹੀ ਸਭਿਆਚਾਰਕ ਦਿਸ਼ਾ ਅਤੇ ਦਸ਼ਾ ਪ੍ਰਦਾਨ ਕੀਤੀ ਜਾ ਸਕੇ।

## ਕਲਾ ਕੇਂਦਰ ਟੋਰਾਂਟੋ ਵਲੋਂ ਨਾਵਲ ‘ਸਮੁੰਦਰ ਮੰਥਨ’ ਅਤੇ ‘ਕਿੱਟੀ ਮਾਰਸ਼ਲ’ ’ਤੇ ਸਫਲ ਗੋਸ਼ਟੀ



ਮਿਸੀਸਾਗਾ: ਇਥੋਂ ਦੀ ਨਾਮਵਰ ਸੰਸਥਾ ਕਲਾ ਕੇਂਦਰ ਟੋਰਾਂਟੋ ਵੱਲੋਂ ਸੰਤ ਸਿੰਘ ਸੇਖੋਂ ਹਾਲ ਵਿਚ ਦੋ ਚਰਚਿਤ ਨਾਵਲਾਂ ਮੇਜਰ ਮਾਂਗਟ ਦਾ ‘ਸਮੁੰਦਰ ਮੰਥਨ’ ਅਤੇ ਕੁਲਜੀਤ ਮਾਨ ਦਾ ‘ਕਿੱਟੀ ਮਾਰਸ਼ਲ’ ’ਤੇ ਸੰਵਾਦ ਰਚਾਇਆ ਗਿਆ। ਪ੍ਰੋਗਰਾਮ ਦਾ ਆਰੰਭ ਬਲਵੀਰ ਸੰਘੇੜਾ ਦੇ ਸੁਆਗਤੀ ਬੋਲਾਂ ਨਾਲ ਹੋਇਆ। ਮੰਚ ਸੰਚਾਲਨ ਮੇਜਰ ਸਿੰਘ ਨਾਗਰਾ ਨੇ ਕੀਤਾ। ਸਮਾਗਮ ਦੀ ਪ੍ਰਧਾਨਗੀ ਪਾਕਿਸਤਾਨੀ ਸ਼ਾਇਰ ਪ੍ਰੋ. ਆਸ਼ਿਕ ਰਹੀਲ, ਸੁਖਮਿੰਦਰ ਰਾਮਪੁਰੀ ਤੇ ਬਲਵੀਰ ਸੰਘੇੜਾ ਨੇ ਕੀਤੀ। ਗਾਇਕ ਇਕਬਾਲ ਬਰਾੜ ਨੇ ਮੇਜਰ ਮਾਂਗਟ ਦੀ ਰਚਨਾ ਤਰੱਨਮ ’ਚ ਪੇਸ਼ ਕੀਤੀ। ਸ਼ਿਵਰਾਜ ਸਨੀ ਨੇ ਵੀ ਰਚਨਾ ਸੁਣਾਈ। ਆਲੋਚਕ ਬਲਰਾਜ ਚੀਮਾ ਨੇ ‘ਕਿੱਟੀ ਮਾਰਸ਼ਲ ’ਤੇ ਪੇਪਰ ਪੜ੍ਹਦਿਆਂ ਇਸ ਨੂੰ ਪਰਵਾਸ ਭੋਗ ਰਹੇ ਲੋਕਾਂ ਦੀ ਮਾਨਸਿਕਤਾ ਦੇ ਮਨੋਵਿਗਿਆਨ ਦਾ ਗੰਭੀਰ ਚਿਤਰਨ ਦੱਸਿਆ। ਜਸਵੀਰ ਕਾਲਰਵੀ ਨੇ ‘ਸਮੁੰਦਰ ਮੰਥਨ ਨੂੰ ਸਭਿਆਚਾਰਕ, ਸਮਾਜਕ ਅਤੇ ਆਰਥਕ ਤਬਦੀਲੀ ਦੇ ਇਤਿਹਾਸ ਦਾ ਸਾਂਭਣਯੋਗ ਦਸਤਾਵੇਜ਼ ਦੱਸਿਆ।

ਪਰਚਿਆਂ ਉੱਪਰ ਬਹਿਸ ਵਿਚ ਡਾ. ਗੁਰਬਖ਼ਸ਼ ਭੰਡਾਲ, ਜੈਕਾਰ ਲਾਲ ਦੁੱਗਲ, ਮਿਨੀ ਗਰੇਵਾਲ, ਜਸਪਾਲ ਢਿੱਲੋਂ, ਤਲਵਿੰਦਰ ਮੰਡ, ਬਲਦੇਵ ਦੂਹੜੇ, ਰਸ਼ਪਾਲ ਕੌਰ ਗਿੱਲ, ਬਰਜਿੰਦਰ ਗੁਲਾਟੀ, ਆਰਟਿਸਟ ਪ੍ਰਤੀਕ, ਸੁਰਜੀਤ ਕੌਰ ਤੇ ਮਨਦੀਪ ਔਜਲਾ ਨੇ ਹਿੱਸਾ ਲਿਆ। ਕਬੱਡੀ ਕੋਚ ਦੇਵੀ ਦਿਆਲ, ਜਗਮੋਹਣ ਸੇਖੋਂ, ਸੁਖਮਿੰਦਰ ਰਾਮਪੁਰੀ, ਗੁਰਦਾਸ ਮਿਨਹਾਸ, ਅਮਰ ਢੀਂਡਸਾ, ਹਰਮੇਸ਼, ਬਲਜਿੰਦਰ ਸੇਖਾ, ਸੁੰਦਰਪਾਲ ਕੌਰ ਰਾਜਾਸਾਂਸੀ, ਕਰਨ ਅਜਾਇਬ ਸਿੰਘ ਸੰਧੂ, ਮਲੂਕ ਸਿੰਘ ਕਾਹਲੋਂ, ਹਰਜੀਤ ਬਾਜਵਾ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਪਨਾਗ, ਜਤਿੰਦਰ ਰੰਧਾਵਾ, ਮਕਸੂਦ ਚੌਧਰੀ, ਜਸਜੀਤ ਮਾਨ, ਲਵੀਨ ਕੌਰ ਗਿੱਲ, ਕਮਲਜੀਤ ਨੱਤ, ਜਪਜੋਤ ਮਾਨ, ਸੁਰਿੰਦਰ ਪਾਮਾਂ, ਮਨਮੋਹਨ ਗੁਲਾਟੀ, ਲਾਲ ਸਿੰਘ ਸੰਘੇੜਾ, ਸਰਬਜੀਤ ਮਾਨ, ਰਸ਼ਪਿੰਦਰ ਮਾਂਗਟ, ਹਰਜਸ਼ਨ ਮਾਨ, ਹਰਜੀਤ ਬਾਜਵਾ, ਸ਼ਮਨਿੰਦਰ ਕੌਰ, ਤਰਿਮਨ, ਕਰਮਨ, ਬਿਸਮਨ, ਕਿਰਨ, ਰਜਿੰਦਰ ਮਾਂਗਟ, ਰਾਜਵੀਰ ਮਾਂਗਟ, ਜੰਗ ਪਨਾਗ, ਗੁਰਪਿੰਦਰ ਬੰਟੂ, ਹਰਤੇਜ ਧਾਲੀਵਾਲ, ਐਨਿਕਾ ਧਾਲੀਵਾਲ, ਰਾਜਪਾਲ ਸਿੰਘ ਅਤੇ ਮਲਕੀਤ ਸਿੰਘ ਵੀ ਇਸ ਮੌਕੇ ਹਾਜ਼ਰ ਸਨ।

## ਪੰਜਾਬੀ ਬੋਲੀ ਦੇ ਭਵਿੱਖ ਬਾਰੇ ਚਰਚਾ ਹੋਈ

ਕੈਲਗਰੀ (ਬਲਜਿੰਦਰ ਸੰਘਾ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਵਿਚ ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ ਅਤੇ ਬਲਵੀਰ ਗੋਰਾ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਉਨ੍ਹਾਂ ਚੇਤਨਾ ਪ੍ਰਕਾਸਨ ਦੇ ਸਹਿਯੋਗ ਨਾਲ ਲਾਏ ਗਏ ਪੁਸਤਕ ਮੇਲੇ ਬਾਰੇ ਦੱਸਦਿਆ ਕਿਹਾ ਕਿ ਸਿਰਫ ਪੰਜ ਦਿਨ ਚੱਲੇ ਇਸ ਪੁਸਤਕ ਮੇਲੇ ਵਿਚੋਂ ਕੈਲਗਰੀ ਸ਼ਹਿਰ ਦੇ ਸੂਝਵਾਨ ਪੰਜਾਬੀਆਂ ਵਲੋਂ 700 ਤੋਂ ਵੱਧ ਕਿਤਾਬਾਂ ਖਰੀਦੀਆਂ ਅਤੇ 200 ਦੇ ਕਰੀਬ ਕਿਤਾਬਾਂ ਦੇ ਆਰਡਰ ਵੀ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਕੋਲ ਬੁੱਕ ਕਰਵਾਏ। ਉਨ੍ਹਾਂ ਵਲੰਟਰੀਅਰ ਸੇਵਾਵਾਂ ਲਈ ਹਰੀਪਾਲ, ਬੌਬੀ ਡੋਡ, ਬਲਜਿੰਦਰ ਸੰਘਾ, ਗੁਰਬਚਨ ਬਰਾੜ ਅਤੇ ਸੁਖਪਾਲ ਪਰਮਾਰ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਮੀਟਿੰਗ ਦੇ ਸਾਹਿਤਕ ਪੱਖ ਦੀ ਸੁਰੂਆਤ ਤਰਲੋਚਨ ਸੈਂਭੀ ਨੇ ਸਵਰਗੀ ਕੁਲਦੀਪ ਮਾਣਕ ਦੇ ਧੀਆਂ ਨਾਲ ਸਬੰਧਤ ਗੀਤ ਨਾਲ ਕੀਤੀ। ਬੀਜਾ ਰਾਮ ਨੇ ਇਨਸਾਨੀਅਤ ’ਤੇ ਹੋ ਰਹੇ ਅੱਤਿਆਚਾਰਾਂ ਬਾਰੇ ਸਵਾਲ ਖੜੇ ਕੀਤੇ। ਸਭਾ ਵਿਚ ਪਹਿਲੀ ਵਾਰ ਹਾਜ਼ਰ ਹੋਏ ਕਰਨਲ ਪ੍ਰਤਾਪ ਸਿੰਘ ਅਤੇ ਗੁਰਚਰਨ ਸਿੰਘ ਹੇਅਰ ਹੋਰਾਂ ਆਪਣੀਆਂ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਬੱਚੇ ਸਿਮਰਨਪ੍ਰੀਤ ਸਿੰਘ ਨੇ ਹਾਸ-ਰਾਸ ਕਵਿਤਾ ਸੁਣਾਈ। ਇਸ ਤੋਂ ਬਾਅਦ ਕੈਲਗਰੀ ਦੇ ਗੀਤਕਾਰਾਂ ਬਲਵੀਰ ਗੋਰਾ, ਮੰਗਲ ਚੱਠਾ ਅਤੇ ਹਰਕਮਲ ਬਰਾੜ ਦੇ ਲਿਖੇ ਗੀਤਾਂ ਦੀ ਸੀ.ਡੀ. “ਕੋਰਟ ਮੈਰਿਜ” ਰਿਲੀਜ਼ ਕੀਤੀ ਗਈ। ਪਰਮ ਸੂਰੀ ਨੇ ਬਲਵੀਰ ਗੋਰੇ ਨੂੰ ਸੀ.ਡੀ ਦੀ ਵਧਾਈ ਦਿੱਤੀ ਅਤੇ ਫੇਸਬੁਕ ਅਤੇ ਹੋਰ ਸ਼ੋਸ਼ਲ ਸਾਈਟਾਂ ’ਤੇ ਵਧ ਰਹੇ ਕਰਾਈਮ ਬਾਰੇ ਵਿਚਾਰ ਪੇਸ਼ ਕੀਤੇ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਸੂਚਨਾ ਦਿੱਤੀ ਕਿ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਪਾਸ਼ ਦੇ ਪਰਿਵਾਰ ਵਲੋਂ ਪਾਸ਼ ਦੀਆ ਸਮੁੱਚੀਆਂ ਚਿੱਠੀਆਂ, ਨਿੱਜੀ ਡਾਇਰੀ ਅਤੇ ਸਭ ਲੇਖ ਇਕੱਠੇ ਕਰਕੇ ਛਾਪੀ ਕਿਤਾਬ ਅਕਤੂਬਰ ’ਚ ਸਭਾ ਦੀ ਮਹੀਨਾਵਾਰ ਮੀਟਿੰਗ ਦੌਰਾਨ ਰਿਲੀਜ਼ ਕੀਤੀ ਜਾਵੇਗੀ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਦੰਗਿਆਂ ਦੀ ਸਿਆਸਤ

ਯੁੱਗ ਪਲਟਾਊ ਮਹਾਨ ਵਿਚਾਰਕ ਕਾਰਲ ਮਾਰਕਸ ਨੇ ਕਿਹਾ ਸੀ, "ਧਰਮ ਲੋਕਾਂ ਵਿਚ ਅਫ਼ੀਮ ਵਾਂਗ ਮੌਜੂਦ ਹੈ। ਲੋਕ ਅੰਦਰੋਂ ਖੋਖਲਾ ਹੋਣ ਲਈ ਤਾਂ ਤਿਆਰ ਹਨ ਪਰ ਇਹ ਨਸ਼ਾ ਨਹੀਂ ਛੱਡਣਾ ਚਾਹੁੰਦੇ।"

ਭਾਰਤ ਦੀ ਸੱਤਾ ਸਿਆਸਤ ਇਸੇ ਨਸ਼ੇ ਦਾ ਲਾਹਾ ਲੈ ਰਹੀ ਹੈ। ਰੋਟੀ-ਰੋਜ਼ੀ ਲਈ ਅਜ-ਕਲ੍ਹ ਬਹੁਤੇ ਲੋਕ ਸਰਕਾਰਾਂ ਨਾਲ ਆਢਾ ਨਹੀਂ ਲੈਂਦੇ, ਇਥੋਂ ਤਕ ਕਿ ਜਿਹੜੇ ਚੇਤੰਨ ਲੋਕ ਮਨੁੱਖੀ ਹੱਕਾਂ ਤੇ ਅਧਿਕਾਰਾਂ ਲਈ ਲੜਦੇ ਹਨ, ਉਨ੍ਹਾਂ ਨਾਲ ਤੁਰਨਾ ਵੀ ਫਜ਼ੂਲ ਸਮਝਿਆ ਜਾ ਰਿਹਾ ਹੈ। ਆਪਣੇ ਹੱਕਾਂ-ਹਕੂਕਾਂ ਪ੍ਰਤੀ ਲਾਪਰਵਾਹ ਇਹੀ ਲੋਕ ਬਿਨਾਂ ਕਿਸੇ ਠੋਸ ਵਜ੍ਹਾ ਦੇ ਆਪਸ ਵਿਚ ਮਰਨ ਮਰਾਉਣ ਦੀ ਹੱਦ ਤੱਕ ਉਲਝਦੇ ਹਨ। ਭਾਰਤ ਦੀ ਸਮਾਜਕ, ਆਰਥਕ ਅਤੇ ਰਾਜਨੀਤਕ ਵਿਵਸਥਾ ਨੇ ਲੋਕ ਮਾਨਸਿਕਤਾ ਹੀ ਇਹੋ ਜਿਹੀ ਬਣਾ ਧਰੀ ਹੈ ਕਿ ਝਗੜੇ ਲਈ ਕਿਸੇ ਵਜ੍ਹਾ ਦੀ ਲੋੜ ਨਹੀਂ। ਝਗੜੇ ਵੀ ਛੋਟੇ-ਮੋਟੇ ਨਹੀਂ, ਦੰਗਿਆਂ ਦਾ ਰੂਪ ਧਾਰਨ ਕਰ ਜਾਂਦੇ ਹਨ। ਮੁੱਦਾ ਭਾਵੇਂ ਮੁਹੱਲੇ ਵਿਚ ਖੜ੍ਹੇ ਪਾਣੀ ਦਾ ਹੋਵੇ ਜਾਂ ਗੰਦਗੀ ਸੁੱਟਣ ਦਾ ਹੀ ਕਿਉਂ ਨਾ ਹੋਵੇ ਪਰ ਜ਼ਾਤ ਜਾਂ ਧਰਮ ਦਾ ਵੱਡਾ ਮਸਲਾ ਬਣ ਜਾਂਦਾ ਹੈ। ਗੰਦਗੀ ਚੁੱਕਣ ਦੀ ਬਜਾਏ, ਜਾਨਾਂ ਗੁਆਣੀਆਂ/ ਲੈਣੀਆਂ ਮਨਜ਼ੂਰ ਹੋ ਜਾਂਦੀਆਂ ਹਨ। ਪੇਟ ਦੀ ਅੱਗ ਨਾਲੋਂ ਵੀ ਵੱਡਾ ਮਸਲਾ ਜ਼ਾਤ-ਧਰਮ ਤੇ ਫ਼ਿਰਕੇ ਦਾ ਬਣਾ ਦਿੱਤਾ ਗਿਆ ਹੈ।

ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿਚ ਵੀ ਇਨ੍ਹੀਂ ਦਿਨੀਂ ਜੋ ਕੁੱਝ ਹੋਇਆ, ਬੇਹੱਦ ਪੀੜਾਦਾਇਕ ਤੇ ਸ਼ਰਮਨਾਕ ਹੈ। ਇੱਥੇ ਦੰਗੇ ਹੋਏ ਵੀ ਉਸ ਘਟਨਾ ਨੂੰ ਲੈ ਕੇ, ਜੋ ਪੰਦਰਾਂ-ਵੀਹ ਦਿਨ ਪਹਿਲਾਂ ਵਾਪਰ ਚੁੱਕੀ ਸੀ। ਛੇੜ-ਛਾੜ ਦੀ ਮਾਮੂਲੀ ਘਟਨਾ ਦੰਗਿਆਂ ਦਾ ਰੂਪ ਲੈ ਗਈ ਤੇ ਦੋ ਫ਼ਿਰਕਿਆਂ ਦੀ ਲੜਾਈ ਵਿਚ 41 ਦੇ ਕਰੀਬ ਜਾਨਾਂ ਚਲੀਆਂ ਗਈਆਂ। ਇਹ ਉਹੀ ਉੱਤਰ ਪ੍ਰਦੇਸ਼ ਹੈ ਜਿਥੇ ਰੋਜ਼ ਹੀ 6-7 ਬਲਾਤਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਕਈ ਮਾਮਲਿਆਂ ਵਿਚ ਤਾਂ ਲੜਕੀਆਂ ਨੂੰ ਬਲਾਤਕਾਰ ਮਗਰੋਂ ਜ਼ਿੰਦਾ ਸਾੜ ਦਿੱਤਾ ਜਾਂਦਾ ਹੈ ਜਾਂ ਤੇਜ਼ਾਬ ਸੁੱਟ ਦਿੱਤਾ ਜਾਂਦਾ ਹੈ ਪਰ ਇਨ੍ਹਾਂ ਲੋਕਾਂ ਦੀ ਅਣਖ਼ ਨਹੀਂ ਜਾਗਦੀ। ਸਿਰਫ਼ ਉੱਤਰ ਪ੍ਰਦੇਸ਼ ਹੀ ਕਿਉਂ, ਪੂਰਾ ਮੁਲਕ ਬੇਲੋੜੀ ਨਫ਼ਰਤ ਦੀ ਅੱਗ ਵਿਚ ਸੜ ਰਿਹਾ ਹੈ। ਅੱਗ ਮਚਾਉਣ ਲਈ ਤੇਲ ਦਾ ਕੰਮ ਵੀ ਸੱਤਾ ਸਿਆਸਤ ਹੀ ਕਰਦੀ ਹੈ ਤੇ ਤੀਲੀ ਵੀ ਉਹੀ ਦਿਖਾਉਂਦੀ ਹੈ । ਭਾਰਤ ਵਿਚ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤਕ ਬੇਹਿਸਾਬ ਦੰਗੇ ਹੋ ਚੁੱਕੇ ਹਨ। 1984 ਦਾ ਸਿੱਖ ਕਤਲੇਆਮ ਅਤੇ 2002 ਦਾ ਗੁਜਰਾਤ ਕਤਲੇਆਮ ਮੁਲਕ ਦੇ ਮੱਥੇ 'ਤੇ ਅਜਿਹੇ ਕਲੰਕ ਹਨ ਜੋ ਕਦੇ ਧੋਏ ਨਹੀਂ ਜਾ ਸਕਣਗੇ।

ਬਹੁਤਾ ਪਿੱਛੇ ਨਾ ਵੀ ਜਾਈਏ ਤਾਂ 2008 ਤੋਂ ਲੈ ਕੇ 2011 ਤਕ ਹੀ ਮੁਲਕ ਵਿਚ 2420 ਦੇ ਕਰੀਬ ਛੋਟੇ-ਵੱਡੇ ਦੰਗੇ ਭੜਕ ਚੁੱਕੇ ਹਨ। ਰੋਜ਼ ਕਿਸੇ ਨਾ ਕਿਸੇ ਸ਼ਹਿਰ ਵਿਚ ਦੰਗਿਆਂ ਦੀ ਅੱਗ ਮਚਦੀ ਹੈ। ਕਈ ਜਾਨਾਂ ਚਲੀਆਂ ਜਾਂਦੀਆਂ ਹਨ ਤੇ ਅਰਬਾਂ ਦੀ ਸੰਪਤੀ ਪਲਾਂ ਵਿਚ ਹੀ ਸੜ ਕੇ ਸਵਾਹ ਹੋ ਜਾਂਦੀ ਹੈ। ਦੰਗਾਂਕਾਰੀਆਂ ਦੀ ਨਾ ਕੋਈ ਪਛਾਣ ਹੁੰਦੀ ਹੈ, ਨਾ ਹੀ ਕੋਈ ਸਜ਼ਾ। ਇਨ੍ਹਾਂ ਨੂੰ ਹਜ਼ਾਰ ਖ਼ੂਨ ਮੁਆਫ਼ ਹਨ। ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਕੋਈ ਦੋਸ਼ੀ ਫੜਿਆ ਨਹੀਂ ਜਾਂਦਾ। ਰਸਮੀ ਤੌਰ 'ਤੇ ਕੁੱਝ ਲੋਕ ਹਿਰਾਸਤ ਵਿਚ ਲਏ ਜਾਂਦੇ ਹਨ ਪਰ ਮਾਮਲਾ ਠੰਢਾ ਪੈਣ 'ਤੇ ਛੱਡ ਦਿੱਤੇ ਜਾਂਦੇ ਹਨ। ਪਰ ਅਸਲ ਦੋਸ਼ੀ ਫੇਰ ਵੀ ਕਾਨੂੰਨ ਦੀ ਪਕੜ ਵਿਚ ਨਹੀਂ ਆਉਂਦੇ ਕਿਉਂਕਿ ਉਹ ਸਾਰੀ ਕਾਰਵਾਈ ਪਰਦੇ ਪਿਛੇ ਰਹਿ ਕੇ ਕਰਦੇ ਹਨ।

ਇਨ੍ਹਾਂ ਦੰਗਿਆਂ ਦਾ ਇਕੋ-ਇਕ ਧੁਰਾ ਚੋਣਾਂ ਹਨ। ਵੋਟਾਂ ਦਾ ਲਾਹਾ ਲੈਣ ਲਈ ਵਿਰੋਧੀ ਖੇਮਾ ਦੰਗਿਆਂ ਨੂੰ ਹਵਾ ਦਿੰਦਾ ਹੈ ਤੇ ਸੱਤਾ ਧਿਰ ਆਪਣੀ ਜ਼ਿੰਮੇਵਾਰੀ ਸਿੱਧ ਕਰਨ ਲਈ ਅੱਖਾਂ ਦੇ ਭਰਵੱਟੇ ਚੁੱਕ ਲੈਂਦੀ ਹੈ। ਠੋਸ ਰੂਪ ਵਿਚ ਕੁੱਝ ਵੀ ਨਹੀਂ ਹੁੰਦਾ। ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਫ਼ਿਰਕੂ ਦੰਗਾ ਵਿਰੋਧੀ ਕਾਨੂੰਨ ਦਾ ਖਰੜਾ 2011 ਵਿਚ ਤਿਆਰ ਕੀਤਾ ਸੀ, ਜੋ ਹਾਲੇ ਤਕ ਸਿਆਸੀ ਧਿਰਾਂ ਦੇ ਇਤਰਾਜ਼ਾਂ ਕਾਰਨ ਲਟਕ ਰਿਹਾ ਹੈ। ਕਾਨੂੰਨ ਮੰਤਰਾਲੇ ਨੇ ਕੁੱਝ ਨੁਕਤਿਆਂ 'ਤੇ ਇਤਰਾਜ਼ ਕੀਤਾ ਸੀ। ਭਾਜਪਾ, ਸ਼ਿਵਸੈਨਾ, ਅਕਾਲੀ ਦਲ, ਬੀਜੂ ਜਨਤਾ ਦਲ ਸਮੇਤ ਕਈ ਸਿਆਸੀ ਧਿਰਾਂ ਇਸ ਦੇ ਵਿਰੋਧ ਵਿਚ ਹਨ। ਗ੍ਰਹਿ ਮੰਤਰਾਲਾ ਇਸ ਦੀ ਸਮੀਖਿਆ ਕਰ ਰਿਹਾ ਹੈ। ਜੇਕਰ ਸਿਆਸੀ ਧਿਰਾਂ ਦੰਗਿਆਂ ਦੀ ਭਿਆਨਕਤਾ ਪ੍ਰਤੀ ਸੱਚਮੁਚ ਗੰਭੀਰ ਹੁੰਦੀਆਂ ਤਾਂ ਇਹ ਕਦੋਂ ਦਾ ਕਾਨੂੰਨੀ ਰੂਪ ਲੈ ਚੁੱਕਾ ਹੋਣਾ ਸੀ। ਜ਼ਾਹਰ ਹੈ, ਸਿਆਸੀ ਧਿਰਾਂ ਦੀ ਨੀਅਤ ਸਾਫ਼ ਨਹੀਂ।

ਹਰ ਚੀਜ਼ ਦਾ ਅੰਤ ਹੋਣਾ ਕੁਦਰਤਨ ਅਤੇ ਵਿਗਿਆਨਕ ਤੌਰ 'ਤੇ ਲਾਜ਼ਮੀ ਹੁੰਦਾ ਹੈ। ਦੰਗਿਆਂ ਦੀ ਸਿਆਸਤ ਵੀ ਹੁਣ ਖ਼ਤਮ ਹੋਣੀ ਚਾਹੀਦੀ ਹੈ ਤੇ ਇਸ ਨੂੰ ਲੋਕ-ਪੱਖੀ ਤੇ ਪ੍ਰਤੀਬੱਧ ਸਿਆਸਤ ਦੇ ਚੜ੍ਹਾਅ ਨਾਲ ਹੀ ਖ਼ਤਮ ਕੀਤਾ ਜਾ ਸਕਦਾ ਹੈ। ਲੋਕ-ਮੁਕਤੀ ਦੀ ਲੜਾਈ ਲੜਨ ਵਾਲੀਆਂ ਧਿਰਾਂ ਦਾ ਵਿਸ਼ਾਲ ਏਕਾ ਹੀ ਹੁਣ ਫ਼ਿਜ਼ਾ ਵਿਚ ਧਰਮ ਜਾਂ ਜ਼ਾਤ ਦੀ ਦੁਰਗੰਧ ਫੈਲਣ ਤੋਂ ਰੋਕ ਸਕਦਾ ਹੈ। ਧਰਮ, ਜ਼ਾਤ ਤੇ ਫ਼ਿਰਕੇ ਦੀ ਅਫ਼ੀਮ ਦਾ ਤੋੜ ਇਹੀ ਹੈ।

# ਅਦਾਲਤਾਂ ਭਰੋਸੇ ਦੇਸ਼

**ਕੁਮਾਰ ਪ੍ਰਸ਼ਾਂਤ**
edit@amarujala

ਜਦੋਂ ਅਦਾਲਤਾਂ ਦੇਸ਼ ਚਲਾਉਣ ਲੱਗਣ ਤਾਂ ਸਮਝਣ ਲੈਣਾ ਚਾਹੀਦਾ ਹੈ ਕਿ ਸੰਸਦੀ ਲੋਕਤੰਤਰ ਗੰਭੀਰ ਰੂਪ ਵਿਚ ਬਿਮਾਰ ਹੈ। ਠੀਕ ਉਸੇ ਤਰ੍ਹਾਂ ਜਿਵੇਂ ਜਦੋਂ ਫ਼ੌਜ ਦੇਸ਼ ਚਲਾਉਣ ਲੱਗੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦਾ ਅੰਤ ਹੋ ਚੁੱਕਾ ਹੈ। ਅਦਾਲਤਾਂ ਦੇਸ਼ ਚਲਾਉਣ ਤਾਂ ਇਸ ਦੇ ਕਈ ਨਤੀਜੇ ਬੇਸ਼ੱਕ ਚੰਗੇ ਨਹੀਂ ਹੁੰਦੇ, ਦੇਸ਼ ਚਲਾਉਣ ਲਈ ਜਿਸ ਸਮਾਜਕ ਮਨਜ਼ੂਰੀ ਅਤੇ ਸਮਰਥਨ ਦੀ ਜ਼ਰੂਰਤ ਹੁੰਦੀ ਹੈ, ਉਹ ਅਦਾਲਤਾਂ ਕੋਲ ਨਹੀਂ ਹੁੰਦੀ; ਆਪਣੇ ਫ਼ੈਸਲਿਆਂ ਨੂੰ ਲਾਗੂ ਕਰਵਾਉਣ ਦੀ ਦੂਜੀ ਕੋਈ ਤਾਕਤ ਅਦਾਲਤਾਂ ਕੋਲ ਨਹੀਂ ਹੁੰਦੀ, ਇਸ ਲਈ ਉਹ ਪੁਲੀਸ ਆਦਿ 'ਤੇ ਨਿਰਭਰ ਹੁੰਦੀ ਹੈ ਅਤੇ ਜਿਥੇ ਪੁਲੀਸ ਸਮਾਜ ਚਲਾਉਂਦੀ ਹੈ, ਉਥੇ ਫ਼ੌਜ ਜ਼ਿਆਦਾ ਦੂਰ ਨਹੀਂ ਹੁੰਦੀ। ਇਸ ਦਾ ਸਭ ਤੋਂ ਬੁਰਾ ਨਤੀਜਾ ਇਹ ਹੁੰਦਾ ਹੈ ਕਿ ਅਦਾਲਤਾਂ ਜੋ ਕਰਨਾ ਚਾਹੁੰਦੀਆਂ ਹਨ, ਉਹ ਨਹੀਂ ਕਰ ਸਕਦੀਆਂ। ਉਮੀਦਾਂ 'ਤੇ ਲਗਾਤਾਰ ਸੁਸਤੀ ਸਮਾਜ ਵਿਚ ਕਾਇਰਤਾ ਵੀ ਪੈਦਾ ਕਰਦੀ ਹੈ। ਸਾਡੇ ਸਮਾਜ ਵਿਚ ਇਹ ਸਾਰਾ ਕੁੱਝ ਹੋ ਰਿਹਾ ਹੈ, ਇਸ ਲਈ ਇਹ ਖੁਸ਼ੀ ਅਤੇ ਸਬਰ ਦਾ ਵਿਸ਼ਾ ਨਹੀਂ ਹੈ ਕਿ ਅਦਾਲਤਾਂ ਦੇਸ਼ ਚਲਾਉਣ ਪਰ ਮੈਂ ਇਕ ਵੱਖਰੀ ਤਰ੍ਹਾਂ ਨਾਲ ਖੁਸ਼ ਹਾਂ ਕਿ ਅੱਜ ਦੀ ਬਹੁਤ ਹੀ ਨਾਜ਼ੁਕ ਸਥਿਤੀ ਵਿਚ ਅਦਾਲਤਾਂ ਦੇਸ਼ ਚਲਾ ਰਹੀਆਂ ਹਨ।

ਇਹ ਸਾਡੇ ਲੋਕਤੰਤਰ ਨੂੰ, ਸਾਡੇ ਸੰਵਿਧਾਨ ਦੀ ਬੇਮਿਸਾਲ ਦੇਣ ਹੈ। ਸਾਡੇ ਸੰਵਿਧਾਨ ਨੇ ਦੇਸ਼ ਚਲਾਉਣ ਦੇ ਜਿੰਨੇ ਸ਼ਕਤੀ ਕੇਂਦਰ ਬਣਾਏ, ਉਨ੍ਹਾਂ ਵਿਚੋਂ ਕਿਸੇ ਨੂੰ ਵੀ ਖ਼ੁਦਮੁਖਤਿਆਰ ਨਹੀਂ ਬਣਾਇਆ। ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਵਿਧਾਇਕਾ, ਤਿੰਨੇ ਹੀ ਆਪਣੇ-ਆਪਣੇ ਦਾਇਰੇ ਵਿਚ ਸਭ ਤੋਂ ਉੱਤਮ ਹਨ ਪਰ ਸੰਵਿਧਾਨ ਨੇ ਇਨ੍ਹਾਂ ਸਾਰਿਆਂ ਦੀ ਕਿਤੇ ਨਾ ਕਿਤੇ ਆਪਸ ਵਿਚ ਨਾੜ ਬੰਨ੍ਹ ਕੇ ਵੀ ਰੱਖੀ ਹੋਈ ਹੈ। ਸੰਵਿਧਾਨ ਨੇ ਇਨ੍ਹਾਂ 'ਤੇ ਇਹ ਜ਼ਿੰਮੇਵਾਰੀ ਵੀ ਪਾ ਰੱਖੀ ਹੈ ਕਿ ਇਹ ਸਾਵਧਾਨੀ ਨਾਲ ਪ੍ਰਸਿਥਤੀਆਂ ਦਾ ਮੁਲੰਕਨ ਕਰਦੇ ਰਹਿਣ ਅਤੇ ਜਿਥੇ ਕੋਈ ਥੰਮ ਕਮਜ਼ੋਰ ਪੈ ਰਿਹਾ ਹੈ, ਉਥੇ ਦੂਜਾ ਅੱਗੇ ਹੋ ਕੇ ਉਸ ਦੀ ਜ਼ਿੰਮੇਵਾਰੀ ਸੰਭਾਲ ਲਵੇ ਅਤੇ ਇਸ ਤਰ੍ਹਾਂ ਸੰਭਾਲੇ ਕਿ ਕਮਜ਼ੋਰ ਥੰਮ ਖ਼ੁਦ ਨੂੰ ਸਿਹਤਮੰਦ ਬਣਾ ਕੇ ਜ਼ਿੰਮੇਵਾਰੀ ਸੰਭਾਲਣ ਦੇ ਸਮਰਥ ਹੋ ਜਾਵੇ। ਅਸੀਂ ਅੱਜ ਜੋ ਦੇਖ ਰਹੇ ਹਾਂ, ਉਹ ਕੁੱਝ ਹੋਰ ਨਹੀਂ, ਸੰਵਿਧਾਨ ਦੀ ਇਸੇ ਐਮਰਜੈਂਸੀ ਸਥਿਤੀ ਦਾ ਅਧਿਕਾਰ ਹੈ। ਅਦਾਲਤਾਂ ਨੇ ਦੋ ਤਿੰਨ ਵੱਡੀਆਂ ਗੱਲਾਂ ਕੀਤੀਆਂ ਹਨ - ਅਪਰਾਧੀ-ਦੋਸ਼ੀ ਸੰਸਦ ਮੈਂਬਰਾਂ-ਵਿਧਾਇਕਾਂ ਨੂੰ ਤੁਰੰਤ ਮੈਂਬਰੀ ਤੋਂ ਬਰਖ਼ਾਸਤ ਕਰਨ ਦੇ ਰਸਤੇ ਵਿਚ ਸੰਸਦ ਨੇ ਇਹ ਰੋੜਾ ਡਾਹ ਰੱਖਿਆ ਸੀ ਕਿ ਉਸ ਨੂੰ ਤਿੰਨ ਮਹੀਨਿਆਂ ਦੇ ਅੰਦਰ ਅਦਾਲਤ ਵਿਚ ਅਪੀਲ ਦੀ ਛੋਟ ਰਹੇਗੀ ਅਤੇ ਜਦ ਤਕ ਅਪੀਲ 'ਤੇ ਅਦਾਲਤ ਦਾ ਫ਼ੈਸਲਾ ਨਹੀਂ ਹੋ ਜਾਂਦਾ, ਉਦੋਂ ਤਕ ਉਸ ਦੀ ਮੈਂਬਰੀ ਚਲਦੀ ਰਹੇਗੀ। ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਗ਼ਲਤ ਵਰਤੋਂ ਕਰ ਕੇ ਸੰਸਦ ਨੇ ਆਪਣੇ ਲਈ ਇਹ ਚੋਰ ਦਰਵਾਜ਼ਾ ਬਣਾ ਲਿਆ ਸੀ। ਇਸੇ ਦੀ ਆੜ ਲੈ ਕੇ ਭਾਰਤੀ ਸਭਿਆਤਾ ਦੇ ਰਾਖਿਆਂ, ਮਹਾਤਮਾ ਗਾਂਧੀ ਦੀ ਵਿਰਾਸਤ ਦੇ ਦਾਅਵੇਦਾਰਾਂ ਅਤੇ ਸਮਾਜਵਾਦ ਦੇ ਪੈਰੋਕਾਰਾਂ ਨੇ ਵੀ ਤਾਕਤਵਰਾਂ ਨੂੰ ਗਲੇ ਲਾਇਆ ਤੇ ਨਵਜਾਤ ਲੋਕਤੰਤਰ ਨੂੰ ਸੱਤਾ ਦੀ ਭੁੱਖ ਦੀ ਹਨ੍ਹੇਰੀ ਗਲੀ ਵਿਚ ਉਤਾਰ ਦਿੱਤਾ।



ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਵਿਧਾਇਕਾਂ ਨੂੰ ਅਜਿਹਾ ਵਿਧਾਨ ਕਰਨ ਦਾ ਅਧਿਕਾਰ ਹੀ ਨਹੀਂ ਹੈ। ਉਸ ਨੇ ਸਾਡਾ ਧਿਆਨ ਸੰਸਦ ਦੀ ਇਸ ਬਹੁਤ ਹੱਦ ਤਕ ਪਤਿਤ ਅਵਸਥਾ ਵੱਲ ਖਿੱਚਿਆ ਹੈ, ਜਿਸ ਵਿਚ ਆਦਮੀ ਸੰਸਦ ਬਣ ਕੇ ਕਾਨੂੰਨ ਦੀ ਪਕੜ ਤੋਂ ਬਚਦਾ ਹੈ ਅਤੇ ਕਾਨੂੰਨ ਬਣਾਉਣ ਦੀ ਹੈਸੀਅਤ ਲੈ ਕੇ ਸੰਸਦ ਵਿਚ ਜਾ ਬੈਠਦਾ ਹੈ। ਅਦਾਲਤ ਦਾ ਹੁਕਮ ਹੈ ਕਿ ਅਪਰਾਧੀ ਐਲਾਨ ਹੁੰਦੇ ਹੀ ਦੋਸ਼ੀ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਤੁਰੰਤ ਅਸਤੀਫ਼ਾ ਦੇਣਾ ਹੋਵੇਗਾ। ਉਸ ਨੂੰ ਅਪੀਲ ਕਰਨ ਲਈ ਤਿੰਨ ਮਹੀਨੇ ਵਰਗੀ ਕੋਈ ਮੋਹਲਤ ਨਹੀਂ ਹੈ। ਅਦਾਲਤ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਜੋ ਪੁਲੀਸ ਹਿਰਾਸਤ ਵਿਚ ਜਾਂ ਜੇਲ੍ਹ ਵਿਚ ਹੈ, ਉਹ ਉਥੋਂ ਚੋਣ ਨਹੀਂ ਲੜ ਸਕਦਾ। ਯਾਨੀ ਅਦਾਲਤ ਦਾ ਸੰਵਿਧਾਨ ਹੁਕਮ ਹੈ ਕਿ ਜਮਹੂਰੀ ਪ੍ਰਕਿਰਿਆ ਵਿਚ ਸਾਫ਼ ਸੁਥਰੇ ਲੋਕ ਹੀ ਹਿੱਸਾ ਲੈ ਸਕਦੇ ਹਨ।

ਦੂਜੀ ਪਹਿਲ ਇਲਾਹਾਬਾਦ ਹਾਈ ਕੋਰਟ ਨੇ ਕੀਤੀ ਹੈ। ਉਸ ਨੇ ਇਕ ਪਟੀਸ਼ਨ ਸਬੰਧੀ ਇਹ ਰਾਏ ਪ੍ਰਗਟਾਈ ਹੈ ਕਿ ਸਿਆਸੀ ਪਾਰਟੀਆਂ ਵਲੋਂ ਜਾਤੀਗਤ ਰੈਲੀਆਂ ਕਰਨ 'ਤੇ ਰੋਕ ਲਾ ਦੇਣੀ ਚਾਹੀਦੀ ਹੈ। ਅਦਾਲਤ ਕਹਿੰਦੀ ਹੈ ਕਿ ਅਜਿਹੀਆਂ ਰੈਲੀਆਂ ਨਾਲ ਸਮਾਜ ਵਿਚ ਦੂਰੀ ਅਤੇ ਤਣਾਅ ਵੀ ਵਧਦਾ ਹੈ। ਉਸ ਨੇ ਸਿਆਸੀ ਪਾਰਟੀਆਂ ਤੋਂ ਪੁੱਛਿਆ ਹੈ ਕਿ ਅਜਿਹੀ ਪਾਬੰਦੀ ਸਬੰਧੀ ਉਨ੍ਹਾਂ ਦੀ ਰਾਏ ਹੈ ਜਾਤੀਆਂ ਲੰਮੇ ਸਮੇਂ ਤੋਂ ਭਾਰਤੀ ਸਮਾਜ ਦੇ ਸੰਚਾਲਨ ਦਾ ਆਧਾਰ ਰਹੀਆਂ ਹਨ। ਪਰ ਜਿਸ ਤਰ੍ਹਾਂ ਕਿ ਕਵੀ ਅਜੇ ਆਪਣੀ ਕਵਿਤਾ ਵਿਚ ਕਹਿੰਦਾ ਹੈ, "ਬਾਸਨ ਅਧਿਕ ਘਿਰਨੇ ਸੇ ਮੁਲੱਮਾ ਛੂਟ ਜਾਤਾ ਹੈ" ਅਜਿਹੇ ਹੀ ਜਾਤੀ ਵਿਵਸਥਾ ਸਬੰਧੀ ਵੀ ਹੈ। ਇਹ ਵਿਵਸਥਾ ਘੱਸ ਚੁੱਕੀ ਹੈ ਅਤੇ ਗੰਦਗੀ ਫੈਲਾ ਰਹੀ ਹੈ। ਜਾਤੀ ਦੀ ਸਿਆਸਤ ਕਰਨ ਵਾਲੀਆਂ ਪਾਰਟੀਆਂ ਵੀ ਹੁਣ ਮਹਿਸੂਸ ਕਰ ਰਹੀਆਂ ਹਨ ਕਿ ਇਹ ਅਜਿਹੀ ਸੁੱਕੀ ਹੱਡੀ ਹੈ, ਜਿਸ ਨੂੰ ਜਿੰਨਾ ਵੀ ਚੂਸੋ, ਕੋਈ ਰੱਸ ਨਹੀਂ ਮਿਲਦਾ। ਇਸ ਲਈ ਆਪਣੀ ਜਾਤੀਗਤ ਪਛਾਣ ਤੋਂ ਬਾਹਰ ਦੀਆਂ ਜਾਤੀਆਂ ਨੂੰ ਵੀ ਆਪਣੇ ਨਾਲ ਜੋੜਨ ਦੀ ਹੋੜ ਲੱਗਣ ਲੱਗੀ ਹੈ। ਕਈ ਲੋਕਾਂ ਨੂੰ ਇਹ ਭਰਮ ਹੁੰਦਾ ਹੈ ਕਿ ਅਜਿਹਾ ਹੋਣ ਨਾਲ ਜਾਤੀਆਂ ਦੀ ਜਕੜ ਟੁੱਟ ਰਹੀ ਹੈ। ਇਹ ਬਹੁਤ ਹੀ ਖ਼ਤਰਨਾਕ ਭਰਮ ਹੈ। ਇਹ ਕਸਰਤ ਜਾਤੀਆਂ ਦਾ ਦਲਾਲ ਪੈਦਾ ਕਰ ਰਹੀ ਹੈ; ਜੋ ਜਾਤੀਆਂ ਦੀ ਪਛਾਣ ਨੂੰ ਮਜ਼ਬੂਤ ਬਣਾ ਕੇ ਉਸ ਦਾ ਸੌਦਾ ਕਰ ਰਹੇ ਹਨ। ਸਮਾਜਕ ਜਾਤੀਵਾਦ ਨੂੰ ਮੁੱਦਾ ਬਣਾਏ ਬਗ਼ੈਰ ਸਮਾਜਕ ਕ੍ਰਾਂਤੀ ਦੀ ਰਣਨੀਤੀ ਕਿਸ ਤਰ੍ਹਾਂ ਬਣ ਸਕਦੀ ਹੈ?

ਸੱਤਾ ਦੀ ਅੰਨ੍ਹੀ ਲਾਲਸਾ ਨੇ ਜਿਸ ਤਰ੍ਹਾਂ ਸੰਸਦ ਅਤੇ ਵਿਧਾਨ ਸਭਾਵਾਂ ਦਾ ਪੱਧਰ ਡੇਗ ਦਿੰਤਾ ਹੈ, ਉਸੇ ਤਰ੍ਹਾਂ ਹੀ ਮਨੁੱਖੀ ਮਨ ਦੀਆਂ ਕਮਜ਼ੋਰੀਆਂ ਨੂੰ ਵੀ ਉਭਾਰ ਕੇ ਸੱਤਾ ਦੀ ਲਾਲਸਾ ਸ਼ਾਂਤ ਕਰਨ ਦੀ ਕੋਸ਼ਿਸ਼ ਨੇ ਸਮਾਜ ਦੇ ਸਾਰੇ ਪ੍ਰਗਤੀਸ਼ੀਲ ਪ੍ਰਵਾਹਾਂ ਨੂੰ ਰੱਦ ਕਰ ਦਿੱਤਾ ਹੈ। ਸਿਆਸੀ ਪਾਰਟੀਆਂ ਦਾ ਕੋਈ ਸਮਾਜਕ ਰਾਬਤਾ ਨਹੀਂ ਬਚਿਆ ਅਤੇ ਸਮਾਜਕ ਮੰਚ 'ਤੇ ਸਰਗਰਮ ਸ਼ਕਤੀਆਂ ਖੁੰਜਦੀਆਂ ਜਾ ਰਹੀਆਂ ਹਨ। ਅਜਿਹੇ ਵਿਚ ਜੇਕਰ ਅਦਾਲਤ ਅੱਗੇ ਨਹੀਂ ਆਉਂਦੀ ਤਾਂ ਉਹ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਬੇਮੁਖ ਹੁੰਦੀ ਹੈ। ਸਾਨੂੰ ਅਦਾਲਤਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਹ ਕਿੰਨੀਆਂ ਹੀ ਅੰਦੂਰਨੀ ਕਮਜ਼ੋਰੀਆਂ ਤੋਂ ਬਾਅਦ ਵੀ ਸੰਵਿਧਾਨ ਪ੍ਰਤੀ ਇਮਾਨਦਾਰ ਬਣੀਆਂ ਹੋਈਆਂ ਹਨ ਅਤੇ ਪ੍ਰਤੀਗਾਮੀ ਤਾਕਤਾਂ ਦੇ ਗੋਲਬੰਦ ਹੋਣ 'ਤੇ ਵੀ ਰਸਤਾ ਲੱਭਣ ਲੱਗੀ ਹੈ। ਵਿਧਾਇਕ ਦਾ ਜਿਸ ਤਰ੍ਹਾਂ ਪਤਨ ਹੋਇਆ ਹੈ, ਉਸ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਚੋਣ ਕਮਿਸ਼ਨ, ਨਿਆਂ ਪਾਲਿਕਾ ਅਤੇ ਮੀਡੀਆ ਦੀ ਤਿਕੜੀ ਮਜ਼ਬੂਤ ਪ੍ਰਤੀਬੱਧਤਾ ਨਾਲ ਅੱਗੇ ਆਏ ਅਤੇ ਵਿਧਾਇਕਾ ਤੇ ਕਾਰਜਪਾਲਿਕਾ ਨੂੰ ਸੁਧਾਰਨ ਦਾ ਕੰਮ ਕਰੇ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਾਲੇ ਜਾਦੂ ਦਾ ਕਾਲਾ ਸੱਚ

ਪਤਰਲੇਖਾ ਚੈਟਰਜੀ

ਅਮਰੀਕਾ ਦੀ ਯੂਨੀਵਰਸਿਟੀ ਆਫ਼ ਰੋਚੇਸਟਰ ਵਿਚ ਭੌਤਿਕੀ ਅਤੇ ਖ਼ਗੋਲ ਵਿਗਿਆਨ ਦੇ ਇਕ ਪ੍ਰੋਫ਼ੈਸਰ ਐਡਮ ਫ਼੍ਰੈਂਕ ਨੇ ਹਾਲ ਹੀ ਵਿਚ ਨਿਊਯਾਰਕ ਟਾਈਮਜ਼ ਦੇ ਆਪਣੇ ਇਕ ਲੇਖ ਵਿਚ ਦੱਸਿਆ ਹੈ ਕਿ 1982 ਵਿਚ ਹੋਏ ਸਰਵੇਖਣ ਮੁਤਾਬਕ 44 ਫ਼ੀਸਦੀ ਅਮਰੀਕੀ ਮੰਨਦੇ ਹਨ ਕਿ ਭਗਵਾਨ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। 30 ਸਾਲ ਬਾਅਦ ਸ੍ਰਿਸ਼ਟੀਵਾਦੀਆਂ ਦੀ ਗਿਣਤੀ ਵੱਧ ਕੇ 46 ਫ਼ੀਸਦੀ ਹੋ ਗਈ ਹੈ। ਇਹ ਅਜਿਹਾ ਵਾਦ ਹੈ, ਜਿਸ ਵਿਚ ਮੰਨਿਆ ਜਾਂਦਾ ਹੈ ਕਿ ਇਸ ਧਰਤੀ ਅਤੇ ਬ੍ਰਹਿਮੰਡ ਦੀ ਰਚਨਾ ਕਿਸੇ ਅਲੌਕਿਕ ਸ਼ਕਤੀ ਨੇ ਕੀਤੀ ਹੈ। ਇਹ ਵਾਦ ਵਿਗਿਆਨਕ ਸਿਧਾਂਤ ਨੂੰ ਖਾਰਜ ਕਰਦਾ ਹੈ। ਅਮਰੀਕੀ ਵਿਚਾਰਾਂ ਵਿਚ ਸ੍ਰਿਸ਼ਟੀਵਾਦ ਦਾ 20ਵੀਂ ਸ਼ਤਾਬਦੀ ਤੋਂ ਜ਼ਿਆਦਾ ਸਮੇਂ ਵਿਚ ਮਾਮੂਲੀ ਮਹੱਤਵ ਰਿਹਾ ਹੈ। ਪਰ ਫ਼੍ਰੈਂਕ ਕਹਿੰਦੇ ਹਨ ਕਿ ਜਦੋਂ ਉਹ ਵਿਦਿਆਰਥੀ ਸੀ, ਉਸ ਸਮੇਂ ਬੇਹੱਦ ਕੁਸ਼ਲਤਾਪੂਰਵਕ ਯਤਨ ਕਰ ਕੇ ਇਸ ਵਿਚਾਰਧਾਰਾ ਦੀ ਉਤਪਤੀ ਨੂੰ ਵਿਗਿਆਨ ਦੇ ਰੂਪ ਵਿਚ ਦੁਬਾਰਾ ਸਥਾਪਤ ਕਰ ਦਿੱਤਾ ਗਿਆ ਅਤੇ ਦੇਸ਼ ਭਰ ਦੀਆਂ ਕਲਾਸਾਂ ਵਿਚ ਇਸ ਦੀ ਘੁਸਪੈਠ ਕਰਾ ਦਿੱਤੀ ਗਈ।

ਅਵਿਗਿਆਨਕ ਹੋਣ ਦੇ ਬਾਵਜੂਦ ਕੁੱਝ ਘਟੀਆ ਕਿਸਮ ਦੇ ਸਿਆਸਤਦਾਨਾਂ ਨੇ ਆਪਣੇ ਸਿਆਸੀ ਭਵਿੱਖ ਲਈ ਉਤਪਤੀ ਦੇ ਸਿਧਾਂਤ ਨੂੰ ਖਾਰਜ ਕਰ ਦਿੱਤਾ। ਸਵਾਲ ਇਹ ਹੈ ਕਿ ਭਾਰਤ ਵਰਗੇ ਬੇਹੱਦ ਧਾਰਮਕ ਦੇਸ਼ ਵਿਚ ਇਸ ਦੇ ਕੀ ਮਾਇਨੇ ਹਨ? ਦਰਅਸਲ, 71 ਸਾਲ ਦੇ ਡਾ. ਨਰਿੰਦਰ ਦਾਭੋਲਕਰ ਦੀ ਹੱਤਿਆ ਤੋਂ ਬਾਅਦ ਅੰਧਵਿਸ਼ਵਾਸ ਅਤੇ ਬੁੱਧੀਵਾਦ ਵਰਗੇ ਵਿਸ਼ੇ ਫਿਰ ਚਰਚਾ ਵਿਚ ਆ ਗਏ ਹਨ। ਪੂਨੇ ਦੇ ਮਸ਼ਹੂਰ ਤਰਕਵਾਦੀ ਦਾਭੋਲਕਰ ਦੇਸ਼ ਵਿਚ ਫ਼ੈਲੇ ਅੰਧਵਿਸ਼ਵਾਸ ਵਿਰੁੱਧ ਸਾਲਾਂ ਤੋਂ ਮੁਹਿੰਮ ਚਲਾ ਰਹੇ ਸਨ ਅਤੇ ਕਾਲਾ ਜਾਦੂ ਵਰਗੇ ਮੰਤਰ-ਤੰਤਰ ਨੂੰ ਕਾਨੂੰਨ ਲਿਆ ਕੇ ਪਾਬੰਦੀਸ਼ੁਦਾ ਕਰਨ ਲਈ ਤਕਰੀਬਨ ਦੋ ਦਹਾਕੇ ਤੋਂ ਸਰਕਾਰ 'ਤੇ ਦਬਾਅ ਬਣਾ ਰਹੇ ਸਨ। ਉਨ੍ਹਾਂ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਪੈਦਾ ਹੋਏ ਗੁੱਸੇ ਵਿਚਕਾਰ ਮਹਾਰਾਸ਼ਟਰ ਸਰਕਾਰ ਨੇ ਕਾਲਾ ਜਾਦੂ, ਅੰਧਵਿਸ਼ਵਾਸ ਅਤੇ ਤੰਤਰ-ਮੰਤਰ ਦੇ ਨਿਰਮੂਲਨ ਲਈ ਕਾਫ਼ੀ ਸਮੇਂ ਤੋਂ ਲਟਕੇ ਬਿਲ ਨੂੰ ਨੋਟੀਫਿਕੇਸ਼ਨ ਦੀ ਸ਼ਕਲ ਵਿਚ ਲਿਆਉਣ ਦਾ ਐਲਾਨ ਕਰ ਦਿੱਤਾ। ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਆਪਣੇ ਦੇਸ਼ ਵਿਚ ਇਸ ਤਰ੍ਹਾਂ ਦਾ ਇਹ ਪਹਿਲਾ ਮਾਮਲਾ ਹੋਵੇਗਾ। ਸਭ ਤੋਂ ਪਹਿਲਾਂ 1995 ਵਿਚ ਇਹ ਬਿਲ ਰਾਜ ਵਿਧਾਨ ਸਭਾ ਵਿਚ ਲਿਆਂਦਾ ਗਿਆ ਸੀ ਅਤੇ ਹੁਣ ਤਕ ਘੱਟ ਤੋਂ ਘੱਟ 29 ਵਾਰ ਇਸ ਵਿਚ ਸੋਧ ਹੋ ਚੁੱਕੀ ਹੈ। ਇਸ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਬਣੀਆਂ ਪਰ ਕੱਟੜਵਾਦੀ ਸਮੂਹਾਂ ਦੇ ਦਬਾਅ ਵਿਚ ਇਸ ਨੂੰ ਪਾਸ ਨਹੀਂ ਕਰਵਾ ਸਕੀਆਂ ਕਿਉਂਕਿ ਇਹ ਸਮੂਹ ਇਸ ਕਾਨੂੰਨ ਨੂੰ 'ਹਿੰਦੂ ਵਿਰੋਧੀ' ਦੱਸ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਵੀ ਆਸਥਾ ਦੇ ਨਾਮ 'ਤੇ ਕਾਲਾ ਜਾਦੂ, ਟੂਣਾ-ਟੋਟਕਾ ਅਤੇ ਦੂਜੇ ਅੰਧਵਿਸ਼ਵਾਸਾਂ ਨੂੰ ਖ਼ਤਮ ਕਰਨ ਦੇ ਯਤਨਾਂ ਦੀ ਮੁਖ਼ਾਲਫ਼ਤ ਕਰਨ ਵਾਲਿਆਂ ਦੀ ਕਾਫ਼ੀ ਤਦਾਦ ਹੈ। ਇਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਅੰਧਵਿਸ਼ਵਾਸ ਕੇਵਲ ਭਾਰਤ ਵਿਚ ਹੀ ਨਹੀਂ ਹੈ, ਬਲਕਿ ਅਮਰੀਕਾ ਵਿਚ ਵੀ ਲੋਕ ਸ੍ਰਿਸ਼ਟੀਵਾਦ ਨੂੰ ਪਸੰਦ ਕਰਦੇ ਹਨ, ਜੋ ਵਿਗਿਆਨ ਅਤੇ ਤਰਕ ਨੂੰ ਚੁਣੌਤੀ ਦਿੰਦਾ ਹੈ।

ਇਕ ਭਾਰਤੀ ਹੋਣ ਦੇ ਨਾਤੇ ਮੈਂ ਇਸ ਤਰ੍ਹਾਂ ਦੇ ਤਰਕ ਨਾਲ ਬੇਚੈਨ ਹਾਂ। ਦਾਭੋਲਕਰ ਧਰਮ ਅਤੇ ਆਸਥਾ ਨੂੰ ਚੁਣੌਤੀ ਨਹੀਂ ਦੇ ਰਹੇ ਸਨ ਅਤੇ ਨਾ ਹੀ ਹੋਰ ਤਰਕਵਾਦੀ ਅਜਿਹਾ ਕਰਦੇ ਹਨ। ਅਮਰੀਕਾ ਦੀ ਤਰ੍ਹਾਂ ਇਹ ਨਾਸਤਿਕਤਾ ਬਨਾਮ ਸ੍ਰਿਸ਼ਟੀਵਾਦ ਦੀ ਬਹਿਸ ਨਹੀਂ ਹੈ, ਬਲਕਿ ਭਾਰਤ ਵਿਚ ਇਹ ਤਰਕ ਤੇ ਕਾਰਨ ਬਨਾਮ ਅੰਧਵਿਸ਼ਵਾਸ ਤੇ ਅਗਿਆਨ ਦੀ ਬਹਿਸ ਹੈ। ਇਥੇ ਧਰਮ ਬਨਾਮ ਨਿਰੀਸ਼ਵਾਦ ਦੀ ਗੱਲ ਵੀ ਨਹੀਂ ਕੀਤੀ ਜਾ ਰਹੀ। ਆਸਥਾ ਯਕੀਨੀ ਤੌਰ 'ਤੇ ਨਿੱਜੀ ਮਾਮਲਾ ਹੈ। ਇਕ ਭਾਰਤੀ ਦੇ ਰੂਪ ਵਿਚ ਹਰ ਕਿਸੇ ਨੂੰ ਆਸਥਾ ਅਤੇ ਵਿਸ਼ਵਾਸ ਦੀ ਆਜ਼ਾਦੀ ਹੈ। ਪਰ ਜੇਕਰ ਇਹੀ ਆਸਥਾ ਖ਼ੁਦ ਵਿਅਕਤੀ ਲਈ ਜਾਂ ਦੂਜਿਆਂ ਲਈ ਨੁਕਸਾਨਦਾਇਕ ਹੋ ਜਾਵੇ ਤਾਂ ਇਹ ਨਿੱਜੀ ਮਾਮਲਾ ਨਹੀਂ ਰਹਿ ਜਾਂਦਾ। ਅਜਿਹੇ ਵਿਚ ਇਹ ਮਾਮਲਾ ਜਨਤਕ ਹੋ ਜਾਂਦਾ ਹੈ ਅਤੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕਰਨ ਵਾਲੇ ਮੁੱਦਿਆਂ ਦੀ ਤਰ੍ਹਾਂ ਹੀ ਇਸ ਦਾ ਵੀ ਹੱਲ ਕੱਢਿਆ ਜਾਣਾ ਚਾਹੀਦਾ ਹੈ। ਭਾਰਤ ਵਿਚ, ਅੰਧਵਿਸ਼ਵਾਸ ਖ਼ਤਰਾ-ਏ-ਜਾਨ ਵੀ ਹੋ ਸਕਦਾ ਹੈ। ਇਹ ਸਮੱਸਿਆ ਕੇਵਲ ਮਹਾਰਾਸ਼ਟਰ ਤਕ ਹੀ ਸੀਮਤ ਨਹੀਂ ਹੈ। ਹਰ ਸਾਲ ਸੈਂਕੜੇ ਔਰਤਾਂ ਨੂੰ ਇਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ ਅਤੇ ਕਈ ਵਾਰ ਤਾਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ। ਇਨ੍ਹਾਂ ਔਰਤਾਂ ਦਾ ਕਸੂਰ ਸਿਰਫ਼ ਐਨਾ ਹੀ ਹੁੰਦਾ ਹੈ ਕਿ ਕੁੱਝ ਸਿਰਫ਼ਿਰੇ ਲੋਕ ਉਨ੍ਹਾਂ ਨੂੰ ਡਾਇਨ ਐਲਾਨ ਦਿੰਦੇ ਹਨ। ਇਸੇ ਤਰ੍ਹਾਂ ਦੇਵੀ ਸ਼ਕਤੀਆਂ ਨੂੰ ਖ਼ੁਸ਼ ਕਰਨ ਲਈ ਬੱਚਿਆਂ ਦੀ ਬਲੀ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ। ਰਾਸ਼ਟਰੀ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਕ, ਇਕੱਲੇ 2012 ਵਿਚ ਹੀ ਜਾਦੂ-ਟੂਣੇ ਦੇ ਨਾਮ 'ਤੇ 119 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਇਹ ਸਰਕਾਰੀ ਅੰਕੜੇ ਹਨ ਅਤੇ ਇਹ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਹੈ, ਬਹੁਤ ਸਾਰੇ ਮਾਮਲੇ ਪੁਲੀਸ ਕੋਲ ਦਰਜ ਨਹੀਂ ਹੁੰਦੇ। ਪਿਛਲੇ ਦਸੰਬਰ ਵਿਚ ਨਵੀਂ ਦਿੱਲੀ ਵਿਚ 12ਵੇਂ ਇੰਡੀਅਨ ਸਾਇੰਸ ਕਮਿਊਨੀਕੇਸ਼ਨ ਕਾਂਗਰਸ ਵਿਚ ਬੋਲਦੇ ਹੋਏ ਪ੍ਰਸਿੱਧ ਅੱਖਾਂ ਦੇ ਡਾਕਟਰ ਅਤੇ ਰਾਏਪੁਰ ਦੇ ਸਮਾਜਕ ਕਾਰਕੁਨ ਡਾ. ਦਿਨੇਸ਼ ਮਿਸ਼ਰਾ ਨੇ ਦੇਸ਼ ਭਰ ਵਿਚ ਅੰਧਵਿਸ਼ਵਾਸ ਕਾਰਨ ਕਾਲਾ ਜਾਦੂ ਅਤੇ ਟੂਣੇ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਸੀ ਅਤੇ ਰਾਸ਼ਟਰੀ ਕਾਨੂੰਨ ਬਣਾਉਣ ਦੀ ਮੰਗ ਕੀਤੀ ਸੀ। ਸਵਾਲ ਇਹ ਹੈ ਕਿ ਜਦੋਂ ਇਸ ਸਮੱਸਿਆ ਬਾਰੇ ਚੰਗੀ ਤਰ੍ਹਾਂ ਪਤਾ ਹੈ, ਤਾਂ ਇਸ ਦੇ ਹੱਲ ਲਈ ਐਨੇ ਮਾਮੂਲੀ ਕਦਮ ਕਿਉਂ ਚੁੱਕੇ ਜਾ ਰਹੇ ਹਨ। ਇਸ ਦਾ ਕਾਰਨ ਬਹੁਤ ਆਸਾਨ ਹੈ। ਦਰਅਸਲ ਜਾਦੂ-ਟੂਣਾ ਇਸ ਦੇਸ਼ ਵਿਚ ਬਹੁਤ ਵੱਡਾ ਧੰਦਾ ਹੈ। ਦਿੱਲੀ ਵਿਚ ਕਾਲੇ ਜਾਦੂ ਦਾ ਧੰਦਾ ਕਰਨ ਵਾਲੇ ਇਕ ਵਿਅਕਤੀ ਨੇ ਖ਼ੁਦ ਨੂੰ ਕਾਲੇ ਜਾਦੂ ਦਾ ਮਾਹਰ ਦੱਸਦੇ ਹੋਏ ਸੋਸ਼ਲ, ਨੈੱਟਵਰਕਿੰਗ ਵੈੱਬਸਾਈਟ ਲਿੰਕਡਇਨ 'ਤੇ ਵੀ ਇਸ ਦਾ ਪ੍ਰਚਾਰ ਪ੍ਰਸਾਰ ਕੀਤਾ ਹੈ। ਇਸ ਦੀ ਵੈੱਬਸਾਈਟ 'ਤੇ ਦਾਅਵਾ ਕੀਤਾ ਗਿਆ ਹੈ ਕਿ ਉਹ ਕਾਲਾ ਜਾਦੂ ਮਾਹਰ ਬਾਬਾ ਹੈ, ਜਿਸ ਨੇ ਨਾ ਕੇਵਲ ਭਾਰਤ ਵਿਚ ਬਲਕਿ ਦੁਨੀਆ ਭਰ ਦੇ ਹਜ਼ਾਰਾਂ ਪਰਿਵਾਰਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਹੈ। ਜ਼ਾਹਰ ਹੈ ਕਿ ਆਮ ਲੋਕਾਂ ਨੂੰ ਮੂਰਖ ਬਣਾ ਕੇ ਠੱਗੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਣ ਦੀ ਹੁਣ ਤੁਰੰਤ ਜ਼ਰੂਰਤ ਹੈ।

# ਬੁੱਧੀ ਦਾ ਬਲ, ਆਸਥਾ ਨਿਰਬਲ!

ਅਜੇ ਪ੍ਰਕਾਸ਼

ਅਮਰੀਕਾ ਦੇ ਨਿਊਯਾਰਕ ਸ਼ਹਿਰ 'ਚ ਸਥਿਤ ਰੋਚੇਸਟਰ ਯੂਨੀਵਰਸਿਟੀ ਦੇ ਸੀਨੀਅਰ ਮਨੋਵਿਗਿਆਨਕ ਪ੍ਰੋਫ਼ੈਸਰ ਮਿਰੋਨ ਜ਼ੁਕਰਮੈਨ ਅਤੇ ਜਾਰਡਨ ਸਿਲਬਰਮੈਨ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ ਖੋਜ ਨੇ ਆਧੁਨਿਕ ਸਮਾਜ ਵਿਚ ਨਵੀਂ ਬਹਿਸ ਛੇੜ ਦਿੱਤੀ ਹੈ। ਇਹ ਬਹਿਸ ਸਿਰਫ਼ ਧਾਰਮਕਤਾ ਅਤੇ ਨਾਸਤਕਤਾ ਵਿਚਕਾਰ ਸੀਮਤ ਨਹੀਂ ਰਹੀ ਬਲਕਿ ਗਿਆਨ ਅਤੇ ਅਗਿਆਨਤਾ ਦੇ ਵਿਚਕਾਰ ਆ ਕੇ ਰੁਕ ਗਈ ਹੈ। ਤਰਕ ਅਤੇ ਸਵਾਲਾਂ ਦੀ ਕਸੌਟੀ 'ਤੇ ਹਰ ਗੱਲ ਨੂੰ ਕੱਸਣ ਦੀ ਬਜਾਏ ਧਰਮ ਅਤੇ ਧਾਰਮਕਤਾ ਦਾ ਸਹਾਰਾ ਲੈਣ ਵਾਲੀਆਂ ਜਮਾਤਾਂ ਅਤੇ ਪਰਿਵਾਰਾਂ ਵਿਚ ਇਹ ਸਵਾਲ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਉਠ ਰਿਹਾ ਹੈ, ਕਿਉਂਕਿ ਆਧੁਨਿਕ ਸਮੇਂ ਵਿਚ ਗਿਆਨਵਾਨ ਹੋਣਾ ਸਿਰਫ਼ ਵੱਡੇ ਵਿਅਕਤੀ ਹੋਣ ਦੀ ਪਛਾਣ ਨਹੀਂ ਹੈ, ਬਲਕਿ ਰੁਜ਼ਗਾਰ ਦੀ ਮੁਢਲੀ ਜ਼ਰੂਰਤ ਹੈ। 'ਧਾਰਮਕਤਾ ਅਤੇ ਗਿਆਨ ਦੇ ਵਿਚਕਾਰ ਸਬੰਧ: ਵਿਸਥਾਰਤ ਵਿਸ਼ਲੇਸ਼ਣ ਅਤੇ ਕੁੱਝ ਵਿਆਖਿਆਵਾਂ' ਦੇ ਨਾਮ ਨਾਲ ਕੀਤੇ ਗਏ ਇਸ ਸਰਵੇਖਣ ਦੇ 63 ਭਾਗਾਂ ਵਿਚੋਂ 53 ਵਿਚ ਧਾਰਮਕ ਲੋਕ ਨਾਸਤਕਾਂ ਦੇ ਮੁਕਾਬਲੇ ਘੱਟ ਜਾਣਕਾਰ ਪਾਏ ਗਏ ਹਨ। ਇਸ ਅਧਿਐਨ ਦੀ ਸ਼ੁਰੂਆਤ 1921 ਵਿਚ ਹੀ ਹੋ ਗਈ ਸੀ, ਪਰ ਸਿਲਸਿਲੇਵਾਰ ਅਤੇ ਵਿਸਥਾਰਤ ਅਧਿਐਨ 1928 ਤੋਂ 2012 ਦੇ ਵਿਚਕਾਰ ਹੀ ਮੁਹੱਈਆ ਹੋ ਸਕਿਆ। ਇਸ ਲਈ ਇਨ੍ਹਾਂ ਸਾਲਾਂ ਨੂੰ ਨਤੀਜੇ ਕੱਢਣ ਵਿਚ ਸ਼ਾਮਲ ਕੀਤਾ ਗਿਆ ਹੈ।

ਸਵਾਲ ਉਠਦਾ ਹੈ ਕਿ ਕੀ ਧਰਮ ਗਿਆਨ ਦੀ ਅਨੰਤ ਤਕ ਵਿਸਥਾਰਤ ਹੋ ਰਹੀ ਲੜੀਆਂ ਨੂੰ ਸਮਝਣ ਵਿਚ ਰੁਕਾਵਟ ਹੈ? ਇਸ ਨੂੰ ਸਮਝਣ ਲਈ ਧਾਰਮਕ ਤੇ ਨਾਸਤਕਾਂ ਵਿਚਕਾਰ ਚੱਲਣ ਵਾਲੀ ਹਰਮਨ ਪਿਆਰੀ ਬਹਿਸ ਨੂੰ ਲੈਂਦੇ ਹਾਂ। ਪ੍ਰਮਾਤਮਾ ਦੀ ਸੱਤਾ ਅਤੇ ਹੋਂਦ 'ਤੇ ਚੱਲ ਰਹੀ ਬਹਿਸ ਵਿਚ ਜਦੋਂ ਧਾਰਮਕ ਲੋਕ ਤਰਕ ਅਤੇ ਗਿਆਨ ਦੀ ਕਸੌਟੀ 'ਤੇ ਹਾਰਨ ਲੱਗਦੇ ਹਨ ਤਾਂ ਕਹਿੰਦੇ ਹਨ, 'ਪ੍ਰਮਾਤਮਾ ਤਰਕ ਤੋਂ ਪਰ੍ਹਾਂ ਹੈ।' ਹਾਲਾਂਕਿ ਉਸ ਤੋਂ ਪਹਿਲਾਂ ਤਕ ਆਪਣੀ-ਆਪਣੀ ਧਾਰਮਕ-ਸੰਪ੍ਰਦਾਇਕ ਮਾਨਤਾਵਾਂ ਦੇ ਹਿਸਾਬ ਨਾਲ ਲਗਾਤਾਰ ਤਰਕ ਹੀ ਕਰ ਰਹੇ ਹੁੰਦੇ ਹਨ। ਗੌਤਮ ਬੁੱਧ ਨੇ ਕਿਹਾ ਸੀ, 'ਕਿਸੇ ਵੀ ਚੀਜ਼ 'ਤੇ ਭਰੋਸਾ ਨਾ ਕਰੋ। ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਨੂੰ ਕਿਥੇ ਪੜ੍ਹਿਆ ਹੈ, ਕਿਸ ਨੇ ਕਿਹਾ ਹੈ, ਇਥੋਂ ਤਕ ਕਿ ਮੈਂ ਵੀ ਕਿਹਾ ਹੋਵੇ ਤਾਂ ਵੀ, ਜਦ ਤਕ ਕਿ ਤੁਸੀਂ ਕਾਰਨਾਂ ਨਾਲ ਸਹਿਮਤ ਨਹੀਂ ਹੁੰਦੇ, ਤੁਹਾਡਾ ਵਿਵੇਕ ਗਵਾਹੀ ਨਾ ਦੇਵੇ।' ਗੌਤਮ ਬੁੱਧ ਦੀਆਂ ਕਹੀਆਂ ਇਹ ਗੱਲਾਂ ਪ੍ਰਮਾਤਮਾ ਦੀ ਧਾਰਨਾ ਦੇ ਬਿਲਕੁਲ ਉਲਟ ਹਨ, ਪਰ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਜਿਸ ਆਦਮੀ ਨੂੰ ਨਾਸਤਕ ਵਿਦਵਾਨ ਦੀ ਉਪਾਧੀ ਮਿਲਣੀ ਚਾਹੀਦੀ ਸੀ, ਉਸ ਨੂੰ ਉਸ ਦੇ ਚੇਲਿਆਂ ਨੇ 'ਭਗਵਾਨ ਬੁੱਧ' ਵਿਚ ਤਬਦੀਲ ਕਰ ਦਿੱਤਾ ਅਤੇ ਹੁਣ ਉਹ ਕੇਵਲ ਪੂਜਾ ਦੇ ਪਾਤਰ ਬਣ ਕੇ ਰਹਿ ਗਏ ਹਨ।

ਭਾਰਤੀ ਦਰਸ਼ਨ ਵਿਚ ਤਿੰਨ ਤਰ੍ਹਾਂ ਦੇ ਲੋਕਾਂ ਨੂੰ ਨਾਸਤਕ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਪਹਿਲੇ ਉਹ ਜੋ ਵੇਦ ਨੂੰ ਨਹੀਂ ਮੰਨਦੇ, ਜਿਵੇਂ ਬੋਧ, ਜੈਨ ਅਤੇ ਲੋਕਾਯਤ। ਦੂਸਰੇ ਜੋ ਪਰਲੋਕ ਅਤੇ ਮੌਤ ਤੋਂ ਬਾਅਦ ਜੀਵਨ ਵਿਚ ਭਰੋਸਾ ਨਹੀਂ ਕਰਦੇ, ਜਿਵੇਂ ਚਾਰਵਕ ਦੇ ਅਨੁਆਈ। ਤੀਸਰੇ ਉਹ ਜੋ ਪ੍ਰਮਾਤਮਾ ਦੀ ਹੋਂਦ ਨੂੰ ਕਿਸੇ ਰੂਪ ਵਿਚ ਨਹੀਂ ਸਵੀਕਾਰ ਕਰਦੇ, ਜਿਨ੍ਹਾਂ ਨੂੰ ਆਧੁਨਿਕ ਨਾਸਤਕ ਵੀ ਕਹਿ ਸਕਦੇ ਹਾਂ। ਅਜਿਹੇ ਵਿਚ ਧਰਮ ਅਤੇ ਗਿਆਨ ਨੂੰ ਲੈ ਕੇ ਤੁਲਨਾਤਮਕ ਅਧਿਐਨ ਅਤੇ ਖੋਜ ਭਾਰਤ ਵਿਚ ਵੀ ਹੋਣੀ ਚਾਹੀਦੀ ਹੈ ਕਿ ਧਰਮ ਦੀਆਂ ਵਿਸ਼ੇਸ਼ਤਾਵਾਂ ਅਤੇ ਵਿਡੰਬਨਾਵਾਂ ਕਿਸ ਰੂਪ ਵਿਚ ਆਧੁਨਿਕ ਹੁੰਦੇ ਸਮਾਜ ਨੂੰ ਪ੍ਰਭਾਵਤ ਕਰ ਰਹੀਆਂ ਹਨ। ਕੀ ਇਹ ਸਹੀ ਨਹੀਂ ਕਿ 21ਵੀਂ ਸਦੀ ਦੇ ਭਾਰਤ ਨਿਰਮਾਣ ਦੇ ਮੱਦੇਨਜ਼ਰ ਧਰਮ ਦੀ ਪ੍ਰਸੰਗਿਕਤਾ 'ਤੇ ਵਿਆਪਕ ਚਰਚਾ ਦਾ ਮਾਹੌਲ ਬਣੇ ਅਤੇ ਜਾਤੀ, ਸੰਪਰਦਾ, ਪਰੰਪਰਾ ਦੀ ਬਜਾਏ ਬੁੱਧੀ ਤੈਅ ਕਰੇ ਕਿ ਸਹੀ ਕੀ ਹੈ? ਆਮ ਮੰਨਿਆ ਜਾਂਦਾ ਹੈ ਕਿ ਪ੍ਰਮਾਤਮਾ ਆਪਣੀ ਬੁਨਿਆਦ ਵਿਚ ਨਿੱਜੀ ਆਸਥਾ ਦਾ ਪ੍ਰਸ਼ਨ ਹੈ, ਪਰ ਸੱਚ ਇਹ ਵੀ ਹੈ ਕਿ ਉਹ ਆਪਣੀ ਸੰਪੂਰਨਤਾ ਵਿਚ ਇਕ ਜੀਵਨ ਵੀ ਹੈ, ਜੋ ਨਾ ਸਿਰਫ਼ ਸਮਾਜ ਨੂੰ, ਬਲਕਿ ਭਾਰਤ ਵਰਗੇ ਪਛੜੇ ਦੇਸ਼ਾਂ ਵਿਚ ਤਾਂ ਰਾਜਨੀਤਕ ਦਿਸ਼ਾ ਤੈਅ ਕਰਨ ਦਾ ਹਥਿਆਰ ਬਣਿਆ ਹੋਇਆ ਹੈ। ਨਾਸਤਕਤਾ ਦੇ ਪੱਖਕਾਰੀਆਂ ਦੀ ਆਮ ਬਹਿਸ ਹੈ ਕਿ ਪ੍ਰਮਾਤਮਾ ਦੀ ਹੋਂਦ ਦਾ ਕੋਈ ਸਬੂਤ ਨਹੀਂ ਹੈ, ਕੋਈ ਕਾਰਜ-ਕਾਰਨ ਸਬੰਧ ਨਹੀਂ ਹੈ। ਕੁਦਰਤ ਵਿਚ ਜੋ ਵੀ ਰਹੱਸਪੂਰਨ, ਅਬੁੱਝ ਅਤੇ ਹੈਰਾਨੀਜਨਕ ਘਟਨਾਵਾਂ ਵਾਪਰਦੀਆਂ ਹਨ, ਸਾਰਿਆਂ ਦੇ ਜਵਾਬ ਅਤੇ ਹੱਲ ਕੁਦਰਤ ਦੇ ਕੋਲ ਹਨ, ਜਿਨ੍ਹਾਂ ਨੂੰ ਵਿਗਿਆਨਕ ਤਰੀਕੇ ਨਾਲ ਲੱਭਿਆ ਜਾ ਸਕਦਾ ਹੈ। ਫਿਰ ਸਾਡੇ ਦੇਸ਼ ਅਤੇ ਦੁਨੀਆ ਵਿਚ ਵੀ ਧਾਰਮਕ ਆਸਥਾਵਾਂ 'ਤੇ ਕੇਂਦਰਤ ਰਾਜਨੀਤੀ ਲਈ ਲੋੜੀਂਦੀ ਜਗ੍ਹਾ ਬਣੀ ਹੋਈ ਹੈ।

ਧੁਖ਼ਦਾ ਕਾਲਮ

# ਪ੍ਰਤੀਰੋਧ ਦਾ ਸੱਭਿਆਚਾਰ ਵਿਕਸਤ ਕਰਨ ਦੀ ਜ਼ਿੰਮੇਵਾਰੀ

ਸੁਸ਼ੀਲ ਦੁਸਾਂਝ +91-97813-60066

ਪਿੱਛੇ ਜਿਹੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬੜੇ ਸਖ਼ਤ ਸ਼ਬਦਾਂ ਵਿਚ ਪੁੱਛਿਆ ਕਿ ਉਹ ਸਾਲ ਦੇ 365 ਦਿਨਾਂ ਵਿਚੋਂ ਕੋਈ ਇਕ ਦਿਨ ਦੱਸੇ ਜਦੋਂ ਸਾਰਾ ਪਰਿਵਾਰ ਇੱਕਠਾ ਬੈਠ ਕੇ ਬਿਨਾਂ ਕਿਸੇ ਸ਼ਰਮਿੰਦਗੀ ਦੇ ਟੈਲੀਵਿਜ਼ਨ ਦੇਖ ਸਕੇ। ਸੁਪਰੀਮ ਕੋਰਟ ਵਲੋਂ ਟੀ ਵੀ ਚੈਨਲਾਂ ਵਿਚ ਦਿਖਾਏ ਜਾਂਦੇ ਪ੍ਰੋਗਰਾਮਾਂ ਬਾਰੇ ਕੀਤੀ ਟਿੱਪਣੀ ਦੇ ਹਵਾਲੇ ਨਾਲ ਕੁਝ ਗੱਲਾਂ ਕਰਨ ਤੋਂ ਪਹਿਲੋਂ ਮਿੱਤਰ ਸ਼ਾਇਰ ਹਰਵਿੰਦਰ ਭੰਡਾਲ ਦੀ ਕਵਿਤਾ 'ਸਕਰੀਨ ਦੇ ਆਰ-ਪਾਰ' ਦੀਆਂ ਕੁਝ ਸਤਰਾਂ ਪੜ੍ਹੋ-

'ਟੀ ਵੀ ਸਕਰੀਨ ਉਤੇ ਕੀ ਵੇਖ ਰਿਹਾਂ ਹਾਂ?<br>
ਹੋ ਰਹੀਆਂ ਹਨ ਜੰਗਾਂ<br>
ਕ੍ਰਿਕਟ ਮੈਦਾਨਾਂ ਵਿਚ<br>
ਮਨੁੱਖ ਦੀ ਪਿਆਸ ਬਦਲ ਕੇ<br>
ਪੈਪਸੀ ਕੋਲਾ ਹੋ ਗਈ ਹੈ<br>
ਰੁੱਖਾਂ ਉੱਤੇ ਪੱਤਿਆਂ ਦੀ ਥਾਂ<br>
ਪੀਜ਼ਾ ਬਰਗਰ ਲਟਕ ਰਹੇ ਹਨ<br>
ਕਲਿੰਟਨ ਦੇ ਕੋਲ ਮੋਨਿਕਾ<br>
ਤੇ ਦੇਵਦਾਸ ਕੋਲ ਪਾਰੋ ਹੈ<br>
ਹਰ ਕੋਈ ਇਸ਼ਕ ਕਰਨ ਵਿਚ ਰੁੱਝਿਆ ਹੋਇਆ ਹੈ<br>
ਅਣਦਿਸਦੀ ਬੰਦੂਕ ਦੀ ਨਾਲੀ<br>
ਨਿੱਤ ਦਿਨ ਸਿੱਕਾ ਵੰਡ ਰਹੀ ਹੈ<br>
ਸੁਪਨਿਆਂ ਨੂੰ

ਟੀ ਵੀ ਸਕਰੀਨ ਤੋਂ ਕੀ ਕੁਝ ਬਾਹਰ ਵੀ ਹੈ ?<br>
ਹਾਂ- ਬਾਹਰ ਨੇ ਜ਼ਿੰਦਗੀ ਦੀ ਇੱਛਾ<br>
ਸਿਰ 'ਤੇ ਛਤਰੀ ਵਾਂਗ ਤਾਣ ਕੇ<br>
ਭੁੱਖੇ ਪੇਟ ਜੋ ਸੌਂ ਜਾਂਦੇ ਨੇ- ਉਹ ਲੋਕ

ਟੀ ਵੀ ਸਕਰੀਨ ਉਤੇ ਪ੍ਰਛਾਵੇਂ ਹਨ<br>
ਟੀ ਵੀ ਸਕਰੀਨ ਤੋਂ ਬਾਹਰ ਬੰਦਾ ਹੈ।

ਦਰਅਸਲ ਜੋ ਕੁਝ ਵੀ ਟੀ ਵੀ ਸਕਰੀਨ ਉਤੇ ਚੱਲ ਰਿਹਾ ਹੈ, ਉਸ ਧੁੰਦਲਕੇ ਵਿਚ ਹੀ ਟੀ ਵੀ ਸਕਰੀਨ ਤੋਂ ਬਾਹਰ ਰਹਿ ਗਏ ਜੀਉਂਦੇ ਜਾਗਦੇ ਬੰਦਿਆਂ ਨੂੰ ਲਪੇਟ ਦੇਣ ਦੀ ਸਾਜ਼ਿਸ਼ ਹੈ। ਇਹ ਸਾਜ਼ਿਸ਼ ਸ਼ਾਇਰ ਦਾ ਤੀਸਰਾ ਨੇਤਰ ਦੇਖਦਾ ਹੈ ਤੇ ਸੁਪਰੀਮ ਕੋਰਟ ਜਦੋਂ ਇਸ ਬਾਰੇ ਕੇਂਦਰ ਸਰਕਾਰ ਨੂੰ ਕਟਿਹਰੇ 'ਚ ਲਿਆ ਖੜ੍ਹਾਉਂਦੀ ਹੈ, ਤਾਂ ਯਕੀਨ ਹੋ ਜਾਂਦਾ ਹੈ ਕਿ ਕਵਿਤਾ ਮਰ ਨਹੀਂ ਸਕਦੀ। ਕਵਿਤਾ ਤਾਂ ਸੁਪਰੀਮ ਕੋਰਟ ਦੀ ਸਭ ਤੋਂ ਉੱਚੀ ਪਦਵੀ ਉਤੇ ਜੀਉਂਦੀ ਜਾਗਦੀ ਬਿਰਾਜਮਾਨ ਹੈ। ਨਾਲ ਹੀ ਆਪਣੇ ਸੁਭਾਅ ਮੁਤਾਬਕ ਫੈਲ ਰਹੇ ਅੰਧਕਾਰ ਨੂੰ ਦੇਖ ਕੇ ਤੜਪਦੀ ਹੈ, ਛਟਪਟਾਉਂਦੀ ਹੈ ਤੇ ਇਹਦੇ 'ਚੋਂ ਪਾਰ ਜਾਣ ਲਈ ਤਰੱਦਦ ਕਰਦੀ ਹੈ।

ਮਾਮਲਾ ਸਿਰਫ਼ ਮਨੋਰੰਜਨ ਟੀ.ਵੀ ਚੈਨਲਾਂ ਦਾ ਹੀ ਨਹੀਂ ਹੈ, ਸਗੋਂ ਖ਼ਬਰੀ ਚੈਨਲ ਤਾਂ ਕਈ ਮਾਮਲਿਆਂ ਵਿਚ ਮਨੋਰੰਜਨ ਚੈਨਲਾਂ ਤੋਂ ਵੀ ਅੱਗੇ ਜਾ ਕੇ ਹਰ ਕਿਸਮ ਦੀ ਅਸ਼ਲੀਲਤਾ ਦਰਸ਼ਕਾਂ ਨੂੰ ਪਰੋਸਣ ਦੀ ਦੌੜ ਵਿਚ ਹਨ। ਮਾਨਯੋਗ ਸੁਪਰੀਮ ਕੋਰਟ ਨੇ ਵੀ ਪੁੱਛਿਆ ਹੈ ਕਿ ਅਦਾਲਤ ਵਿਚ ਪੇਸ਼ੀ 'ਤੇ ਲਿਆਂਦਾ ਗਿਆ ਇਕ ਅਪਰਾਧ ਸਰਗਣਾ ਟੀ.ਵੀ 'ਤੇ ਸਿਗਰਟ ਪੀਂਦਾ ਹੋਇਆ ਨਾਇਕ ਵਾਂਗ ਪੇਸ਼ੀ ਭਰਦਾ ਹੈ। ਕੋਈ ਬੰਦਾ ਪੰਜਵੀਂ ਮੰਜ਼ਿਲ ਤੋਂ ਛਾਲ ਮਾਰਦਾ ਹੈ ਜਾਂ ਪਟਿਆਲਾ ਵਿਚ ਆਪਣੇ ਆਪ ਨੂੰ ਅੱਗ ਲਾ ਕੇ ਇਕ ਬੰਦਾ ਖ਼ੁਦਕੁਸ਼ੀ ਕਰਦਾ ਹੈ ਤਾਂ ਟੀ.ਵੀ ਚੈਨਲਾਂ ਵਾਲੇ ਉਨ੍ਹਾਂ ਨੂੰ ਬਚਾਉਣ ਦਾ ਕੋਈ ਤਰੱਦਦ ਕਰਨ ਦੀ ਥਾਂ ਇਨ੍ਹਾਂ ਦਾ ਸਿੱਧਾ ਪ੍ਰਸਾਰਣ ਕਰਨ ਦੀ ਮੁਕਾਬਲੇਬਾਜ਼ੀ 'ਚ ਪਏ ਹੁੰਦੇ ਹਨ। ਕੀ ਇਹ ਸੰਗੀਨ ਅਪਰਾਧ ਨਹੀਂ ਹੈ ?

ਇਸ ਤੋਂ ਇਲਾਵਾ ਮਨੋਰੰਜਨ ਚੈਨਲ ਅੱਜਕੱਲ ਜੋ ਸਿਰੇ ਦਾ ਗੰਦ ਮੰਦ ਦਿਖਾਉਣ ਵਿਚ ਰੁੱਝੇ ਹੋਏ ਹਨ ਉਸੇ ਨੂੰ ਖ਼ਬਰੀ ਚੈਨਲ ਖਾਸ ਪ੍ਰੋਗਰਾਮ ਦਾ ਨਾਂਅ ਦੇ ਕੇ ਵਾਰ ਵਾਰ ਦੁਹਰਾਉਣ ਵਿਚ ਰੁੱਝੇ ਹਨ। ਕੀ ਇਹਨੂੰ ਪੱਤਰਕਾਰਤਾ ਕਿਹਾ ਜਾ ਸਕਦਾ ਹੈ?

ਦਰਅਸਲ, ਇਹ ਲਾਲਚ ਦੇ ਸੱਭਿਆਚਾਰ ਦੀਆਂ ਮਸਨੂਈ ਰੌਸ਼ਨੀਆਂ ਨਾਲ ਨਹਾਈ ਉਹ ਸੜਕ ਹੈ, ਜਿਹਦਾ ਕੋਈ ਸਿਰਾ ਨਹੀਂ। ਇਨ੍ਹਾਂ ਮਸਨੂਈ ਰੌਸ਼ਨੀਆਂ ਨੇ ਆਮ ਬੰਦੇ ਦੇ ਜੀਵਨ ਵਿਚ ਹਨੇਰੀਆਂ ਰਾਤਾਂ ਦਾ ਬੇਰੋਕ ਸਿਲਸਿਲਾ ਆਰੰਭਣਾ ਹੈ। ਇਹ ਸੰਸਾਰ ਵਿਆਪੀ ਸਾਮਰਾਜੀ ਮੀਡੀਏ ਦਾ ਭਾਰਤੀ ਸੰਸਕਰਣ ਹੈ। ਇਸ ਮੀਡੀਏ ਲਈ ਲੋਕਾਂ ਦੀ ਕੋਈ ਅਹਿਮੀਅਤ ਨਹੀਂ ਹੈ। ਲੋਕ ਇਹਦੇ ਲਈ ਸਿਰਫ਼ ਉਹ ਗਾਹਕ ਹਨ ਜਿਨ੍ਹਾਂ ਦਾ ਸਭ ਕੁਝ ਇਹ ਹਜ਼ਮ ਕਰ ਲੈਣਾ ਚਾਹੁੰਦਾ ਹੈ। ਸਾਡੇ ਹੁਕਮਰਾਨ ਇਹਦੇ ਅੱਗੇ ਨਤਮਸਤਕ ਹਨ ਕਿਉਂਕਿ ਇਹ ਸਿਰਫ਼ ਮੀਡੀਆ ਹੀ ਨਹੀਂ ਹੈ, ਇਸ ਮੀਡੀਏ ਦੀ ਚਾਬੀ ਉਨ੍ਹਾਂ ਕੌਮਾਂਤਰੀ ਕਾਰੋਬਾਰੀਆਂ ਦੇ ਹੱਥਾਂ ਵਿਚ ਹੈ ਜੋ ਸਰਕਾਰਾਂ ਬਣਾਉਣ ਤੇ ਡੇਗਣ ਦਾ ਸ਼ੁਗਲ ਫ਼ਰਮਾਉਂਦੇ ਹਨ। ਇਸ ਲਈ ਸੁਪਰੀਮ ਕੋਰਟ ਦੀਆਂ ਝਿੜਕਾਂ ਵੀ ਸ਼ਾਇਦ ਇਨ੍ਹਾਂ ਦੇ ਕੰਨਾਂ ਤੱਕ ਜੂੰ ਨਾ ਸਰਕਾ ਸਕਣ। ਸੋ, ਸਰਕਾਰ 'ਤੇ ਟੇਕ ਰੱਖਣ ਦੀ ਥਾਂ ਜਨਵਾਦੀ ਸ਼ਕਤੀਆਂ ਨੂੰ ਪ੍ਰਤੀਰੋਧ ਦਾ ਸੱਭਿਆਚਾਰ ਵਿਕਸਤ ਕਰਨ ਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣ ਵੱਲ ਵਧਣਾ ਚਾਹੀਦਾ ਹੈ। ਵਕਤ ਦੀ ਅੱਜ ਇਹ ਹੀ ਸਭ ਤੋਂ ਵੱਡੀ ਮੰਗ ਹੈ।

## ਸੰਸਾਰ ’ਚ ਅਮਰੀਕੀ ਡਾਲਰ ਦੀ ਧੌਂਸ ਹੀ ਕਿਉਂ ?

# ਚੀਨ ਅਤੇ ਰੂਸ ‘ਡਾਲਰ ਮੁਕਤ’, ਤਾਂ ਅਸੀਂ ਕਿਉਂ ਨਹੀਂ ?

ਪਿਛਲੇ ਛੇ ਮਹੀਨਿਆਂ ਵਿਚ ਡਾਲਰ ਦੇ ਮੁਕਾਬਲੇ ਰੁਪਈਆ 14 ਰੁਪਏ ਤਕ ਡਿੱਗ ਗਿਆ ਹੈ। ਡਾਲਰ ਦੀ ਮਾਰ ਸਾਡੇ ’ਤੇ ਸਭ ਤੋਂ ਜ਼ਿਆਦਾ ਇਸ ਲਈ ਹੈ ਕਿਉਂਕਿ ਨਿਰਯਾਤ ਦੇ ਮੁਕਾਬਲੇ 185 ਅਰਬ ਡਾਲਰ ਜ਼ਿਆਦਾ ਆਯਾਤ ਕਰਦੇ ਹਾਂ। ਕੁਝ ਆਯਾਤ ਬਿਲ ਦਾ 44 ਫ਼ੀਸਦੀ ਤ ਕੱਚਾ ਤੇਲ ਅਤੇ ਸੋਨਾ ਚਾਂਦੀਹੈ। ਜਿਉਂ-ਜਿਉਂ ਡਾਲਰ ਮਜ਼ਬੂਤ ਹੁੰਦਾ ਜਾ ਰਹਾ ਹੈ, ਸਾਡੀ ਅਰਥਵਿਵਸਥਾ ਦਾ ਘਾਟਾ ਵੀ ਵੱਧ ਰਿਹਾ ਹੈ। ਹਾਲਾਂਕਿ, ਰੂਸ ਅਤੇ ਚੀਨ ਸਾਡੀ ਤਰ੍ਹਾਂ ਡਾਲਰ ’ਤੇ ਨਿਰਭਰ ਨਹੀਂ ਹਨ। ਉਹ ਆਪਣਾ ਵਿਦੇਸ਼ੀ ਕਾਰੋਬਾਰ ਆਪਣੀ ਹੀ ਮੁਦਰਾ ਵਿਚ ਕਰਦੇ ਹਨ। ਪੂਰੀ ਤਰ੍ਹਾਂ ਡਾਲਰ ’ਤੇ ਨਿਰਭਰ ਨਹੀਂ ਹਨ। ਆਓ ਜਾਣਦੇ ਹਾਂ ਕਿਸ ਤਰ੍ਹਾਂ ਆਉਂਦਾ-ਜਾਂਦਾ ਹੈ ਡਾਲਰ ? ਕੀ ਇਸ ਤੋਂ ਬਚਣ ਦਾ ਉਪਾਅ ਹੈ ?

### ਡਾਲਰ ਦੇ ਇਸ਼ਾਰੇ ’ਤੇ ਘੁੰਮਦਾ ਹੈ ਸਾਡੀ ਅਰਥਵਿਵਸਥਾ ਦਾ ਪਹੀਆ




ਸਰੋਤ : ਡਿਪਾਰਟਮੈਂਟ ਆਫ਼ ਕਾਮਰਸ, ਭਾਰਤ ਸਰਕਾਰ

### ਡਾਲਰ ਕਰਜ਼ੇ ਅਤੇ ਡਿਪਾਜਿਟ ਦੇ ਰੂਪ ਵਿਚ ਆਇਆ

| | |
|---|---|
| » ਕਮਰਸ਼ੀਅਲ ਲੋਨ | $ 120 ਡਾਲਰ |
| » ਸ਼ਾਰਟ ਟਰਮ ਲੋਨ | $ 120 ਡਾਲਰ |
| » ਐਨ.ਆਰ.ਆਈ. ਡਿਪਾਜਿਟ | $ 120 ਡਾਲਰ |

» ਇਸ ਤੋਂ ਇਲਾਵਾ ਬਹੁਉਦੇਸ਼ੀ ਲੋਨ ਅਤੇ ਆਈ.ਐਮ.ਐਫ਼. ਵਰਗੀਆਂ ਵਿੱਤੀ ਸੰਸਥਾਵਾਂ ਤੋਂ **100 ਬਿਲੀਅਨ ਡਾਲਰ** ਦਾ ਕਰਜ਼ਾ ਮਿਲਿਆ।

**(–)**



**172 ਅਰਬ ਡਾਲਰ** ਦਾ ਸ਼ਾਰਟ ਟਰਮ ਵਿਦੇਸ਼ੀ ਲੋਨ 31 ਮਾਰਚ 2013 ਤਕ ਮੈਚਿਊਰ ਹੋ ਗਿਆ। ਜਿਸ ਨੂੰ ਸਾਲ ਦੇ ਅੰਦਰ -ਅੰਦਰ ਵਾਪਸ ਕਰਨਾ ਹੈ।

ਸਰੋਤ : ਆਰ.ਬੀ.ਆਈ. 2012-13 ਦੀ ਰਿਪੋਰਟ

**ਐਫ਼.ਆਈ.ਆਈ.** (ਸਟਾਕ ਮਾਰਕੀਟ ’ਚ ਵਿਦੇਸ਼ੀ ਨਿਵੇਸ਼)
**$ 2000 ਅਰਬ**
2011-12 ਤੋਂ 200 ਫ਼ੀਸਦੀ ਜ਼ਿਆਦਾ

**ਐਫ਼.ਡੀ.ਆਈ.** (ਸਟਾਕ ਮਾਰਕੀਟ ’ਚ ਵਿਦੇਸ਼ੀ ਨਿਵੇਸ਼)
**$ 22.42 ਅਰਬ**
2011-12 ਤੋਂ 200 ਫ਼ੀਸਦੀ ਘੱਟ

## ਤੇਲ-ਕੋਇਲਾ ਖ਼ਰੀਦਣ ’ਤੇ ਸਭ ਤੋਂ ਜ਼ਿਆਦਾ ਖ਼ਰਚ ਹੋਇਆ ਡਾਲਰ, ਕਿਉਂਕਿ



**ਐਫ਼.ਆਈ.ਆਈ. :** ਦੇਸ਼ ਵਿਚ ਕੱਚੇ ਤੇਲ ਅਤੇ ਕੁਦਰਤੀ ਗੈਸ ਦੇ ਉਤਪਾਦਨ ਨੇ ਦਸੰਬਰ 2010 ਤੋਂ ਗਿਰਾਵਟ ਦਰਜ ਕੀਤੀ ਹੈ। ਇਸ ਸਾਲ ਜੁਲਾਈ ਵਿਚ ਕੱਚੇ ਤੇਲ ਦਾ ਉਤਪਾਦਨ 15.1 ਫ਼ੀਸਦੀ ਦੀ ਦਰ ਨਾਲ ਡਿੱਗਿਆ ਹੈ। ਜਦਕਿ ਪਿਛਲੇ ਸਾਲ ਜੁਲਾਈ ਵਿਚ ਇਸ ਗਿਰਾਵਟ ਦੀ ਦਰ 13.5 ਫ਼ੀਸਦੀ ਸੀ। ਜੂਨ ਵਿਚ ਇਹ ਗ੍ਰੋਥ -16.7 ਫ਼ੀਸਦੀ ਸੀ।

**ਨਤੀਜਾ** : 2012-13 ਵਿਚ 155 ਅਰਬ ਡਾਲਰ ਦਾ ਕੱਚਾ ਤੇਲ ਆਯਾਤ ਕਰਨਾ ਪਿਆ

**ਕੋਲਾ :** ਇਸ ਸਾਲ ਮਈ ਅਤੇ ਜੂਨ ਵਿਚ ਕੋਲੇ ਦਾ ਖ਼ੁਦਾਈ ਘਟੀ, ਜਦਕਿ ਜੁਲਾਈ ਵਿਚ 1.2 ਫ਼ੀਸਦੀ ਵਧੀ। ਸੀਮਿੰਟ ਅਤੇ ਫਰਟੀਲਾਈਜ਼ਰ ਸੇਗਮੈਂਟ ਵਿਚ ਵੀ ਸਿਰਫ਼ 0.8 ਅਤੇ 0.4 ਫ਼ੀਸਦੀ ਦੀ ਗ੍ਰੋਥ ਰਹੀ, ਜੋ ਪਿਛਲੇ ਸਾਲ ਉਸੇ ਦੋ ਮਹੀਨਿਆਂ ਦੇ ਮੁਕਾਬਲੇ 3.2 ਫ਼ੀਸਦੀ ਅਤੇ -2.2 ਫ਼ੀਸਦੀ ਸੀ।

**ਨਤੀਜਾ :** ਦੇਸ਼ ਵਿਚ ਲੋੜੀਂਦਾ ਭੰਡਾਰ ਹੋਣ ਦੇ ਬਾਵਜੂਦ ਅਸੀਂ 17 ਅਰਬ ਡਾਲਰ ਦਾ ਕੋਲਾ ਖਰੀਦਿਆ

### ਦੇਸ਼, ਜਿਨ੍ਹਾਂ ਨੇ ਆਪਣੇ ਉਦਯੋਗਾਂ ਤੋਂ ਬਚਾਏ ਹੀ ਨਹੀਂ, ਕਮਾਏ ਕੀਮਤੀ ਡਾਲਰ

| | ਚੀਨ | ਸਿੰਗਾਪੁਰ | ਬ੍ਰਾਜ਼ੀਲ |
|---|---|---|---|
| ਆਯਾਤ | $ 1817.3 ਅਰਬ | $ 365.7 ਅਰਬ | $ 228.3 ਅਰਬ |
| ਨਿਰਯਾਤ | $ 2050.1 ਅਰਬ | $ 409.5 ਅਰਬ | $ 242.5 ਅਰਬ |
| ਫ਼ਾਇਦਾ | $ 232.8 ਅਰਬ | $ 43.8 ਅਰਬ | $ 14.2 ਅਰਬ |

**ਚੀਨ**
- 38.16 ਅਰਬ ਡਾਲਰ ਦੀ ਇਲੈਕਟ੍ਰੀਕਲ ਮਸ਼ੀਨਰੀ ਆਯਾਤ ਕਰ ਕੇ ਉਨ੍ਹਾਂ ਤੋਂ ਬਣੇ ਉਤਪਾਦ 487.5 ਅਰਬ ਡਾਲਰ ਵਿਚ ਵੇਚਦਾ ਹੈ। ਇਸੇ ਤਰ੍ਹਾਂ ਬੁਣੇ ਹੋਏ ਕੱਪੜੇ ਦੇ ਨਿਰਯਾਤ ਤੋਂ 376 ਅਰਬ ਡਾਲਰ ਕਮਾਉਂਦਾ ਹੈ।

**ਸਿੰਗਾਪੁਰ**
- ਟੈਲੀਕਾਮ ਯੰਤਰ ਖ਼ਰੀਦ ਕੇ ਉਸ ਦੇ ਉਤਪਾਦ ਵੇਚਣ ਤੋਂ 35.7 ਅਰਬ ਡਾਲਰ ਦੀ ਕਮਾਈ।
- ਕੱਚਾ ਤੇਲ ਆਯਾਤ ਅਤੇ ਪ੍ਰੈਟਰੋਲੀਅਮ ਪ੍ਰੋਡਕਟ ਨਿਰਯਾਤ ਘਾਟਾ 38.4 ਅਰਬ ਡਾਲਰ ਹੈ

**ਬ੍ਰਾਜ਼ੀਲ**
- ਆਯਾਤ ਸਭ ਤੋਂ ਜ਼ਿਆਦਾ ਕੱਚੇ ਤੇਲ ਦਾ (95.3 ਅਰਬ ਡਾਲਰ), ਜਦਕਿ ਦੂਜੇ ਨੰਬਰ ’ਤੇ ਨਿਰਯਾਤ ਪੈਟ੍ਰੋਲੀਅਮ ਪ੍ਰੋਡਕਟ (31.4 ਅਰਬ ਡਾਲਰ) ਦਾ।
- ਖਣਿਜਾਂ ਦਾ ਸਭ ਤੋਂ ਜ਼ਿਆਦਾ ਨਿਰਯਾਤ (33.2)।

ਸਰੋਤ : ਟਰੇਡ ਡਾਟ ਓ ਆਰ ਜੀ ’ਤੇ ਮੌਜੂਦ ਨਿਰਯਾਤ ਦੀ ਰਿਪੋਰਟ

### ਡਾਲਰ ਕਿਉਂ ਬਣਿਆ ਦੁਨੀਆ ਦੀ ਮਜਬੂਰੀ ?

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਦੋਂ ਦੁਨੀਆ ਵਿਚ ਫਿਰ ਤੋਂ ਕਾਰੋਬਾਰ ਸ਼ੁਰੂ ਤਾਂ ਇਕ ਕੌਮਾਂਤਰੀ ਮੁਦਰਾ ਬਣਾਉਣ ਦੀ ਯੋਜਨਾ ਬਣੀ। ਅਮਰੀਕਾ ਹੀ ਇਕ ਅਜਿਹਾ ਦੇਸ਼ ਸੀ, ਜਿਸ ’ਤੇ ਵਿਸ਼ਵ ਯੁੱਧ ਦਾ ਸਭ ਤੋਂ ਘੱਟ ਪ੍ਰਭਾਵ ਪਿਆ ਸੀ। ਅਤੇ ਉਥੋਂ ਦੀ ਮੁਦਰਾ ਸਭ ਤੋਂ ਸਥਾਈ ਰਹੀ। ਅਜਿਹੇ ਵਿਚ ਯੂਰਪੀ ਦੇਸ਼ਾਂ ਨੇ ਡਾਲਰ ਨੂੰ ਕੌਮਾਂਤਰੀ ਮੁਦਰਾ ਦੇ ਰੂਪ ਵਿਚ ਮਾਨਤਾ ਦਿੱਤੀ, ਤਾਂ ਹੌਲੀ-ਹੌਲੀ ਦੁਨੀਆ ਦੇ ਬਾਕੀ ਦੇਸ਼ ਵੀ ਇਸ ਨੂੰ ਅਪਣਾਉਣ ਲੱਗੇ।

### ਡਾਲਰ-ਸਿਸਟਮ ਤੋਂ ਮੁਕਤੀ ਦੇ ਇਹ ਤਿੰਨ ਉਪਾਅ ਸੰਭਵ

- ਰੂਸ ਅਤੇ ਚੀਨ ਦੀ ਤਰ੍ਹਾਂ ਅਸੀਂ ਵੀ ਅਜਿਹੀ ਅਰਥ ਵਿਵਸਥਾ ਅਪਣਾਈਏ, ਜਿਹੜੀ ਭੁਗਤਾਨ ਲਈ ਡਾਲਰ ’ਤੇ ਨਿਰਭਰ ਨਾ ਹੋਵੇ।
- ਚੀਨ ਦੇ ਨਾਲ ਦੁਵੱਲੇ ਵਪਾਰ ਵਿਚ ਅਸੀਂ ਭੁਗਤਾਨ ਡਾਲਰ ਵਿਚ ਕਰਦੇ ਹਾਂ। ਜਦਕਿ ਜੇਕਰ ਯੇਨ ਵਿਚ ਭੁਗਤਾਨ ਹੋਵੇ ਤਾਂ ਡਾਲਰ ਦੀ ਤੁਲਨਾ ਵਿਚ ਰੁਪਈਆ ਮਜ਼ਬੂਤ ਹੋਵੇਗਾ।
- ਅਮਰੀਕਾ ਦੇ ਦਬਾਅ ਵਿਚ ਸਾਊਦੀ ਅਰਬ ਨੇ ਦੁਨੀਆ ਦੇ ਸਾਰੇ ਦੇਸ਼ਾਂ ਤੋਂ ਕੱਚੇ ਤੇਲ ਦਾ ਭੁਗਤਾਨ ਡਾਲਰ ਵਿਚ ਲੈਣਾ ਸ਼ੁਰੂ ਕੀਤਾ। ਹਾਲਾਂਕਿ ਇਰਾਨ ਇਸ ਨੂੰ ਨਹੀਂ ਮੰਨਦਾ। ਅਸੀਂ ਜੇਕਰ ਇਰਾਨ ਤੋਂ ਤੇਲ ਆਯਾਤ ਕਰੀਏ ਤਾਂ ਡਾਲਰ ਬਚੇਗਾ

## ਰੁਪਏ ਦੀ ਬਰਬਾਦੀ ਦੀ ਕਹਾਣੀ

# 1925 ਵਿਚ 10 ਪੈਸੇ ਦਾ ਡਾਲਰ 65 ਰੁਪਏ ਤਕ ਆ ਪਹੁੰਚਿਆ

1925 ਵਿਚ ਡਾਲਰ ਸਿਰਫ਼ 10 ਪੈਸੇ ਦਾ ਸੀ। 1917 ਵਿਚ 7.5 ਪੈਸੇ ਦਾ। ਫਿਰ ਅਜਿਹਾ ਕੀ ਹੋਇਆ ਕਿ ਅੱਜ ਸਾਡੇ 65 ਰੁਪਏ 24 ਪੈਸੇ ਇਕ ਡਾਲਰ ਦੇ ਬਰਾਬਰ ਹੋ ਗਏ ? ਵਧਦੇ ਭੁਗਤਾਨ, ਅਸੰਤੁਲਨ, ਚਾਲੂ ਖਾਤਾ ਘਾਟੇ ਵਿਚ ਵਾਧਾ ਅਤੇ ਮਹਿੰਗਾਈ ਦੇ ਦਬਾਅ ਵਿਚ 66 ਸਾਲ ਵਿਚ ਡਾਲਰ ਦੇ ਮੁਕਾਬਲੇ ਰੁਪਈਆ 6,000 ਫ਼ੀਸਦੀ ਤਕ ਡਿੱਗ ਚੁੱਕਾ ਹੈ। 1947 ਵਿਚ ਜਦੋਂ ਅਸੀਂ ਆਜ਼ਾਦ ਹੋਏ, ਡਾਲਰ ਦੀ ਕੀਮਤ ਇਕ ਰੁਪਏ ਸੀ। ਸਾਡੀ ਅਰਥ ਵਿਵਸਥਾ ਬੁਨਿਆਦੀ ਜ਼ਰੂਰਤਾਂ ਦੇ ਲਿਹਾਜ਼ ਨਾਲ ਆਤਮ ਨਿਰਭਰ ਸੀ। ਲਗਜ਼ਰੀ ਪ੍ਰੋਡਕਟਸ ਵੀ ਬਾਹਰੋਂ ਮੰਗਵਾਏ ਜਾਂਦੇ ਸਨ ਪਰ ਅਰਥਵਿਵਸਥਾ ਵਿਚ ਇਨਾਂ ਦੀ ਹਿੱਸੇਦਾਰੀ ਨਾਂਹ ਦੇ ਬਰਾਬਰ ਸੀ।

ਜਿਵੇਂ ਜਿਵੇਂ ਦੇਸ਼ ਦਾ ਵਿਕਾਸ ਹੋਇਆ, ਰੁਪਇਆ ਕਮਜ਼ੋਰ ਹੁੰਦਾ ਗਿਆ ਅਤੇ ਅਸੀਂ ਕੌਮਾਂਤਰੀ ਬਾਜ਼ਾਰ ’ਤੇ ਨਿਰਭਰ ਹੁੰਦੇ ਗਏ। 1975 ਤੋਂ ਬਾਅਦ ਊਰਜਾ ਜ਼ਰੂਰਤਾਂ ਵਧੀਆਂ। 1980 ਤਕ ਦੇਸ਼ ਸੋਨੇ ਦਾ ਸਭ ਤੋਂ ਵੱਡਾ ਖਪਤਕਾਰ ਬਣ ਗਿਆ। ਦਰਾਮਦ ਅਤੇ ਬਰਾਮਦ ਵਿਚ ਫ਼ਰਕ ਤੇਜ਼ੀ ਨਾਲ ਵੱਧਣ ਲੱਗਾ। ਇਸ ਦੇ ਨਤੀਜੇ ਵਜੋਂ ਰੁਪਇਆ ਕਮਜ਼ੋਰ ਹੁੰਦਾ ਗਿਆ ਅਤੇ ਡਾਲਰ ਮਜ਼ਬੂਤ।





# ਗੋਆ ਦੀ ਆਜ਼ਾਦੀ ਦਾ ਸ਼ਹੀਦ ਮਾ. ਕਰਨੈਲ ਸਿੰਘ ਈਸੜੂ

ਗਿਆਨ ਸਿੰਘ ਬਿਲਗਾ
+1-661-397-7330



*ਉਨ੍ਹਾਂ ਦੀ ਸ਼ਹਾਦਤ ਦੇ ਅਸੀਂ ਸੱਚੇ ਗੁਆਹ ਬਣ ਕੇ*
*ਉਨ੍ਹਾਂ ਦੇ ਖ਼ੂਨ ਦੀ ਗਾਥਾ ਹੈ ਦੀਵਾਰ 'ਤੇ ਲਿਖਣੀ*

15 ਅਗਸਤ ਦਾ ਦਿਨ ਭਾਰਤੀ ਇਤਿਹਾਸ ਵਿਚ ਜ਼ਿਕਰਯੋਗ ਥਾਂ ਰੱਖਦਾ ਹੈ। ਇਸੇ ਦਿਨ ਸੰਨ 1947 ਵਿਚ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਜਿਸ ਦੇ ਰਾਜ ਵਿਚ ਸੂਰਜ ਨਹੀਂ ਛਿਪਦਾ ਸੀ, ਬੜੇ ਸਿਰੜ, ਲਹੂ-ਵੀਟਵੇਂ, ਲਗਾਤਾਰ ਸਾਲਾਂ ਬੱਧੀ ਸੰਘਰਸ਼ ਪਿਛੋਂ ਆਜ਼ਾਦੀ ਪ੍ਰਾਪਤੀ ਦਾ ਦਿਨ ਹੈ। ਇਸ ਦਿਨ ਲਾਲ ਕਿਲਾ ਦਿੱਲੀ 'ਤੇ ਤਿਰੰਗਾ ਲਹਿਰਾਉਣ ਪਿਛੋਂ ਦੇਸ਼ ਦਾ ਪ੍ਰਧਾਨ ਮੰਤਰੀ ਆਪਣੇ ਲੁਭਾਉਣੇ ਵਾਅਦਿਆਂ ਤੇ ਸਰਕਾਰ ਦੀਆਂ ਪ੍ਰਾਪਤੀਆਂ ਤੇ ਭਵਿੱਖੀ ਨਿਸ਼ਾਨੇ ਮਿਥਦਿਆਂ ਦੇਸ਼ ਦੀ ਜਨਤਾ ਨੂੰ ਮੁਖ਼ਾਤਬ ਹੁੰਦਾ ਹੈ। ਅਗਲੇਰੇ ਸਾਲ ਲਈ ਲੋਕਾਂ ਨੂੰ ਸੁਨਹਿਰੀ ਭਵਿੱਖ ਦੀਆਂ ਫੁਮਣੀਆਂ ਪਾਉਂਦੇ ਹਨ। ਇਸੇ ਤਰ੍ਹਾਂ ਰਾਜਾਂ ਦੀਆਂ ਰਾਜਧਾਨੀਆਂ ਜ਼ਿਲ੍ਹਾ ਕੇਂਦਰਾਂ ਆਦਿ 'ਤੇ ਵਜ਼ੀਰ ਝੰਡਾ ਲਹਿਰਾਉਂਦੇ, ਪੁਲੀਸ ਤੇ ਫ਼ੌਜੀ ਟੁਕੜੀਆਂ ਤੋਂ ਸਲਾਮੀ ਲੈਂਦੇ ਵਿਖਾਈ ਦਿੰਦੇ ਹਨ। ਕੌਮੀ ਸ਼ਹੀਦਾਂ ਨੂੰ ਯਾਦ ਕਰਨਾ ਵੀ ਨਹੀਂ ਭੁਲਦੇ। ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਪੂਰਨ ਰੂਪ ਵਿਚ ਸਰਗਰਮ ਨਜ਼ਰ ਆਉਂਦਾ ਹੈ।

ਯੂਨੀਅਨ ਜੈਕ ਅੰਗਰੇਜ਼ੀ ਝੰਡਾ ਲੱਥ ਚੁੱਕਾ ਸੀ, ਕੌਮੀ ਝੰਡਾ ਤਿਰੰਗਾ ਫਰਾਟੇ ਮਾਰ ਰਿਹਾ ਸੀ ਪਰ ਭਾਰਤ ਸਰਕਾਰ ਅੱਗੇ ਵਿਰਾਟ ਰੂਪ ਧਾਰਨ ਕੀਤੀਆਂ ਔਕੜਾਂ ਸਨਮੁਖ ਖੜੀਆਂ ਸਨ। ਦੇਸ਼ ਦੇ ਛੋਟੇ-ਛੋਟੇ ਟੁਕੜਿਆਂ ਗੋਆ, ਦਮਨ, ਦੇਵ ਅਤੇ ਨਗਰ ਹਵੇਲੀ 'ਤੇ ਹਾਲੇ ਵੀ ਪੁਰਤਗੇਜ਼ੀ ਸਾਮਰਾਜ ਆਪਣੇ ਪੈਰ ਪਸਾਰੀ ਬੈਠਾ ਸੀ। ਦੇਸੀ ਰਿਆਸਤਾਂ ਦੇ ਰਾਜੇ ਹੈਦਰਾਬਾਦ ਦੀ ਤਰ੍ਹਾਂ ਆਪਣਾ ਵੱਖਰਾ ਰਾਜ ਕਾਇਮ ਰੱਖਣ ਲਈ ਤਰਲੋ ਮੱਛੀ ਹੋ ਰਹੇ ਸਨ। ਕਿਸਾਨਾਂ 'ਤੇ ਜਗੀਰਦਾਰੀ ਛੱਟ ਲੱਦੀ ਰੱਖਣ ਦੇ ਆਹਰ ਵਿਚ ਸੀ। ਦੇਸ਼ ਦੀ ਫਿਰਕੂ ਵੰਡ ਪੰਜਾਬ ਤੇ ਬੰਗਾਲ ਹਿੰਦੂ ਹਿੰਦੂ ਸਿੱਖ-ਮੁਸਲਮ ਫ਼ਸਾਦ, ਜਾਇਦਾਦਾਂ ਦੀ ਸਾੜ ਫੂਕ, ਬਹੂ-ਬੇਟੀਆਂ ਦੀ ਬੇਪਤੀ, ਆਬਾਦੀ ਦਾ ਤਬਾਦਲਾ, ਲੋਕਾਂ ਦੇ ਮੁੜ ਵਸੇਬੇ ਤੇ ਰੁਜ਼ਗਾਰ ਵਰਗੀਆਂ ਸਮੱਸਿਆਵਾਂ ਤਤਕਾਲੀਨ ਹੱਲ ਮੰਗਦੀਆਂ ਸਨ।

ਦੇਸ਼ ਦੀਆਂ ਸਮੁੱਚੀਆਂ ਰਾਜਸੀ ਪਾਰਟੀਆਂ ਤੇ ਆਮ ਜਨਤਾ, ਉਸ ਵੇਲੇ ਦੀ ਨਹਿਰੂ ਸਰਕਾਰ ਤੋਂ ਗੋਆ, ਦਮਨ, ਦੇਵ ਤੇ ਨਗਰ ਹਵੇਲੀ ਦੇ ਪੁਰਤਗੇਜ਼ੀ ਇਲਾਕਿਆਂ ਨੂੰ ਆਜ਼ਾਦ ਕਰਵਾਉਣ ਲਈ ਜਨਤਕ ਦਬਾਅ ਬਣਾ ਰਹੀਆਂ ਸਨ। ਪੁਰਤਗੇਜ਼ੀ ਇਲਾਕੇ ਵਿਚ ਸਰਕਾਰੀ ਜਬਰ ਤੇ ਜ਼ੁਲਮ ਵੱਧ ਰਹੇ ਸਨ। ਕੇਂਦਰ ਦੀ ਜਵਾਹਰ ਲਾਲ ਨਹਿਰੂ ਦੀ ਕਾਂਗਰਸ ਸਰਕਾਰ ਕਿਤੇ ਇਹ ਕੌਮਾਂਤਰੀ ਸਮੱਸਿਆ ਨਾ ਬਣ ਜਾਵੇ। ਪੁਰਤਗੇਜ਼ੀ ਸਰਕਾਰ ਨਾਲ ਰਾਜਸੀ ਪੱਧਰ 'ਤੇ ਨਿਪਟਾਰਾ ਕਰਨ ਤੋਂ ਕੰਨੀ ਕਤਰਾ ਰਹੀ ਸੀ। ਅੱਠ ਸਾਲ ਦੀ ਲੰਮੀ ਉਡੀਕ ਪਿਛੋਂ ਸਮੁੱਚੇ ਦੇਸ਼ ਦੇ ਦੇਸ਼ ਭਗਤਾਂ ਨੇ ਵਲੰਟੀਅਰ ਭਰਤੀ ਕਰਨੇ ਸ਼ੁਰੂ ਕੀਤੇ ਤਾਂ ਜੋ ਪੁਰ ਅਮਨ ਰਹਿੰਦਿਆਂ ਜਮਹੂਰੀ ਜਦੋ-ਜ਼ਹਿਦ ਆਰੰਭੀ ਜਾਵੇ। ਗੋਆ ਦੀ ਸਰਹੱਦ ਪਾਰ ਕਰ ਕੇ ਫ਼ੌਜੀ ਝੰਡਾ ਗੱਡਿਆ ਜਾਵੇ। 15 ਅਗਸਤ 1955 ਈ. ਦਾ ਦਿਨ ਮਿਥਿਆ ਗਿਆ। ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਜਥੇ ਮਹਾਰਾਸ਼ਟਰ ਪੁੱਜਣ ਲੱਗੇ। ਪੰਜਾਬ ਦੇ ਜੱਥੇ ਦੀ ਅਗਵਾਈ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸਾਥੀ ਪੰਡਤ ਕਿਸ਼ੋਰੀ ਲਾਲ ਕਰ ਰਹੇ ਸਨ। ਕਰਨੈਲ ਸਿੰਘ ਈਸੜੂ ਟੀਚਰ ਦੀ ਨੌਕਰੀ ਤੇ ਜੇ.ਬੀ.ਟੀ. ਦੀ ਟ੍ਰੇਨਿੰਗ ਛੱਡ ਛਡਾ ਕੇ ਜਥੇ ਵਿਚ ਸ਼ਾਮਲ ਹੋ ਗਿਆ।

ਸੂਰਮੇ ਕਰਨੈਲ ਸਿੰਘ ਈਸੜੂ ਦਾ ਜਨਮ ਚੱਕ ਨੰਬਰ 50 ਜ਼ਿਲ੍ਹਾ ਲਾਇਲਪੁਰ ਸੰਨ 1930, ਅਕਤੂਬਰ ਮਹੀਨੇ ਮਾਤਾ ਹਰਨਾਮ ਕੌਰ ਦੀ ਸੁਲੱਖਣੀ ਕੁੱਖੋਂ ਪਿਤਾ ਸੁੰਦਰ ਸਿੰਘ ਦੇ ਘਰ ਹੋਇਆ। ਸੁੰਦਰ ਸਿੰਘ ਦੇ ਦੋ ਹੋਰ ਭਰਾ ਜਵਾਹਰ ਸਿੰਘ ਤੇ ਇੰਦਰ ਸਿੰਘ ਸਨ। ਘਰ ਦੀ ਗ਼ਰੀਬੀ ਦੂਰ ਕਰਨ ਲਈ ਪਿਤਾ ਸੁੰਦਰ ਸਿੰਘ ਘਰ ਦੱਸੇ ਤੋਂ ਬਿਨਾਂ ਫ਼ੌਜ ਵਿਚ ਭਰਤੀ ਹੋ ਗਿਆ। ਤਨਖ਼ਾਹ 7 ਰੁਪਏ ਮਹੀਨਾ, ਪੰਜ ਰੁਪਏ ਘਰ ਭੇਜ ਦਿੰਦਾ ਤੇ 2 ਰੁਪਏ ਜੇਬ ਖ਼ਰਚ ਲਈ ਰੱਖ ਲੈਂਦੇ। ਕਰਨੈਲ ਸਿੰਘ ਨੇ ਖੁਸ਼ਪੁਰ ਤੋਂ ਪੰਜ ਜਮਾਤਾਂ ਪਾਸ ਕਰ ਲਈਆਂ। ਉਹ ਛੇ ਭੈਣ ਭਰਾ ਸਨ। ਵੱਡਾ ਸਭ ਤੋਂ ਤਖ਼ਤ ਸਿੰਘ ਪ੍ਰਿੰਸੀਪਲ, ਪੰਜਾਬੀ ਭਾਸ਼ਾ ਦੇ ਪ੍ਰਸਿੱਧ ਗ਼ਜ਼ਲਗੋ ਹੋਏ ਹਨ। ਹਰਚੰਦ ਸਿੰਘ, ਕਰਨੈਲ ਸਿੰਘ, ਭੈਣ ਹਰਬੰਸ ਕੌਰ, ਭੈਣ ਸਵਰਨ ਕੌਰ, ਭੈਣ ਕਰਨੈਲ ਕੌਰ।

ਉਸ ਸਮੇਂ ਅੰਗਰੇਜ਼ ਸਰਕਾਰ ਬਾਰਾਂ ਆਬਾਦ ਕਰਨਾ ਚਾਹੁੰਦੀ ਸੀ, ਸਸਤੇ ਭਾਅ ਦੋ ਮੁਰੱਬੇ ਮੁੱਲ ਲੈ ਲਈ। ਪਰ ਚਾਚਾ ਇੰਦਰ ਸਿੰਘ ਨੇ ਕਾਗ਼ਜ਼ੀ ਘੁੱਤਰਾਂ ਰਾਹੀਂ ਜ਼ਮੀਨ ਆਪਣੇ ਨਾਉਂ ਕਰਵਾ ਲਈ। ਗ਼ਰੀਬੀ ਦੇ ਝੰਬੇ ਸੁੰਦਰ ਸਿੰਘ ਨੂੰ ਫਿਰ ਨੌਕਰੀ ਦਾ ਸਹਾਰਾ ਲੈਣਾ ਪਿਆ। ਸਰਫ਼ੇ ਨਾਲ ਪੈਸੇ ਜੋੜ ਕੇ ਮੰਝੀਬਾਰ ਖ਼ਾਲਸਪੁਰ ਜ਼ਿਲ੍ਹਾ ਮਿੰਟਗੁੰਮਰੀ ਵਿਚ ਮੁਰਬਾ ਜ਼ਮੀਨ ਖ਼ਰੀਦ ਲਈ, ਟੱਬਰ ਦਾ ਗੁਜ਼ਾਰਾ ਕੁਝ ਸੁਖਾਲਾ ਹੋਣ ਲੱਗਾ। ਪਰ ਪਾਕਿਸਤਾਨ ਬਣਨ ਕਰ ਕੇ ਸਭ ਕੁਝ ਛੱਡ ਛਡਾਅ ਕੇ ਕਾਫ਼ਲੇ ਰਾਹੀਂ ਪਿੰਡ ਈਸੜੂ ਜ਼ਿਲ੍ਹਾ ਲੁਧਿਆਣਾ ਆਪਣੇ ਜੱਦੀ ਪਿੰਡ ਵਿਚ ਆਣ ਡੇਰੇ ਲਾਏ।

ਈਸੜੂ ਨੇੜੇ ਕੰਮਾਘਰਾਲਾ ਪਿੰਡ ਵਿਚ ਕੱਟ ਕਟਾ ਕੇ 22 ਘੁਮਾ ਜ਼ਮੀਨ ਅਲਾਟ ਹੋਈ। ਇਕ ਘਰ ਵੀ, ਜੋ ਮੁਸਲਮਾਨ ਛੱਡ ਕੇ ਗਏ ਸਨ, ਅਲਾਟ ਹੋਇਆ। ਕਰਨੈਲ ਸਿੰਘ ਨੇ ਹਾਈ ਸਕੂਲ ਖੰਨਾ ਤੋਂ ਚੰਗੇ ਨੰਬਰ ਪ੍ਰਾਪਤ ਕਰਦਿਆਂ ਦਸਵੀਂ ਪਾਸ ਕਰ ਲਈ। ਕਿਤਾਬਾਂ ਪੜ੍ਹਨ ਦਾ ਸ਼ੌਕ ਮੁਢ ਤੋਂ ਹੀ ਸੀ। ਇਕ ਵਾਰੀ ਰਾਹ ਜਾਂਦਿਆਂ 7 ਰੁਪਏ ਲੱਭੇ, ਜਿਸ ਦੀਆਂ ਉਨ੍ਹਾਂ ਨੇ ਖੰਨੇ ਮੋਹਨ ਲਾਲ ਦੀ ਦੁਕਾਨ ਤੋਂ ਕਿਤਾਬਾਂ ਖ਼ਰੀਦ ਲਈਆਂ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਲੋਂ ਮਹੀਨੇ ਵਾਰ ਪ੍ਰਕਾਸ਼ਤ ਕੀਤੇ ਜਾਂਦੇ ਰਸਾਲੇ ਦੇ ਉਹ



ਪਾਠਕ ਸਨ, ਜਿਸ ਦੇ ਵਿਚਾਰਾਂ ਨੂੰ ਗ੍ਰਹਿਣ ਕਰ ਕੇ ਵਿਗਿਆਨਕ ਸੋਚ ਦੇ ਧਾਰਣੀ ਬਣੇ। ਮੁੱਢ ਤੋਂ ਹੀ ਵਹਿਮ ਪ੍ਰਸਤੀ ਤੋਂ ਕੋਹਾਂ ਦੂਰ ਰਹਿੰਦੇ ਸਨ। ਖ਼ਾਲਸਾ ਕਾਲਜ ਖੰਨਾ ਵਿਚ ਦਾਖ਼ਲਾ ਲੈਣ ਗਏ, ਪ੍ਰਿੰਸੀਪਲ ਗੁਰਦਿੱਤ ਸਿੰਘ ਕੋਲ ਵਿਦਿਆ ਪ੍ਰਾਪਤੀ ਲਈ ਉਤਸ਼ਾਹ ਤੇ ਘਰੇਲੂ ਤੰਗੀ ਦਾ ਜ਼ਿਕਰ ਕੀਤਾ। ਉਨ੍ਹਾਂ ਫ਼ੀਸ ਮੁਆਫ਼ੀ ਲਈ ਫ਼ਾਰਮ ਭਰ ਦੇਣ ਨੂੰ ਕਿਹਾ। ਉਨ੍ਹਾਂ ਨੇ ਸਾਫ਼ ਇਨਕਾਰ ਕਰਦਿਆਂ ਉਤਰ ਦਿੱਤਾ, 'ਮੇਰੀ ਫੀਸ ਤੁਸੀਂ ਭਰ ਦਿਆ ਕਰਨੀਂ, ਇਵਜ਼ ਵਿਚ ਤੁਹਾਡਾ ਘਰੇਲੂ ਕੰਮ ਕਰ ਦਿਆਂ ਕਰਾਂਗਾ।' ਲੈਣ ਦੇਣ ਦੇ ਹਿਸਾਬ ਵਿਚ ਇਥੋਂ ਤਕ ਸਾਫ਼ ਤੇ ਸਪਸ਼ਟ ਵੱਡੇ ਭਰਾ ਪ੍ਰਿੰਸੀਪਲ ਤਖ਼ਤ ਵਲੋਂ ਅਦਾ ਕੀਤੇ ਫ਼ੀਸ ਦੇ 60 ਰੁਪਏ ਅਨਟ੍ਰੇਂਡ ਟੀਚਰ ਲਗ ਕੇ ਪਹਿਲੀ ਤਨਖ਼ਾਹ ਭਰਾ ਨੂੰ ਦੇ ਦਿੱਤੀ। ਸਾਦਾ ਖਾਣਾ, ਸਾਦੀ ਪੁਸ਼ਾਕ ਬਿਨਾਂ ਕਿਸੇ ਲੱਗ ਲਬੇੜ ਦੇ ਨਿਖ਼ਾਰ ਕੇ ਗੱਲ ਕਰਨੀਂ, ਉਚਾ ਤੇ ਸੁੱਚਾ ਇਖ਼ਲਾਕ ਕਾਇਮ ਰੱਖਣ ਵਰਗੇ ਚੰਗੇ ਸਦਾਚਾਰਕ ਗੁਣ ਸ਼ਹੀਦੀ ਸਮੇਂ ਤਕ ਉਨ੍ਹਾਂ ਦੇ ਅੰਗ ਸੰਗ ਰਹੇ। ਦੇਸ਼ ਭਗਤੀ, ਕਿਸਾਨਾਂ ਮਜ਼ਦੂਰਾਂ ਲਈ ਦਰਦ ਉਨ੍ਹਾਂ ਦੇ ਮਨ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਤਰਾਸ਼ਣ, ਸੁਆਰਣ ਤੇ ਨਿਖਾਰਣ ਵਿਚ ਆਜ਼ਾਦ ਸਿੰਘ ਖਟੜਾ, ਕਾਮਰੇਡ ਭੀਨ ਸਿੰਘ, ਭਰਤ ਪ੍ਰਕਾਸ਼ ਹੋਰਾਂ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਵਿਦਿਆਰਥੀਆਂ, ਕਿਸਾਨਾਂ ਮਜ਼ਦੂਰਾਂ ਨੂੰ ਜਥੇਬੰਦ ਕਰਨ ਹਿਤ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਖ਼ਾਲਸਾ ਕਾਲਜ ਖੰਨਾ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਦੀਆਂ ਫੀਸਾਂ ਦੁਗਣੀਆਂ ਕਰ ਦਿੱਤੀਆਂ। ਏ.ਐਸ. ਸਕੂਲ ਖੰਨਾ ਦੀ ਗਰਾਊਂਡ ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਬਹੁਤ ਵੱਡਾ ਜਲਸਾ ਹੋਇਆ। ਉਨ੍ਹਾਂ ਵਲੋਂ ਪੜ੍ਹੀ ਗਈ ਕਵਿਤਾ ਦੀਆਂ ਪਹਿਲੀਆਂ ਸਤਰਾਂ ਸਨ, "ਹੋ ਕੇ ਰਹੇਗੀ ਧਰਤੀ ਸਾਡੀ, ਦੇਸ਼ ਅਸਾਡਾ ਹੋ ਕੇ ਰਹੇਗਾ।" ਰਾਮ ਸਿੰਘ ਕਿਰਤੀ ਦਾ ਉਨ੍ਹਾਂ ਨੂੰ ਸਹਿਯੋਗ ਨਿਰੰਤਰ ਮਿਲਦਾ ਰਿਹਾ। ਉਨ੍ਹਾਂ ਦੀ ਅਗਵਾਈ ਵਿਚ ਵਿਦਿਆਰਥੀਆਂ ਦੀ ਜਿੱਤ ਹੋਈ। ਇਹ ਉਨ੍ਹਾਂ ਦੀ ਪਹਿਲੀ ਜਥੇਬੰਦਕ ਜਿੱਤ ਸੀ।

ਪਿੰਡ ਚੀਮਾਂ ਦੇ ਦੇਸ਼ ਭਗਤ ਕਾਮਰੇਡ ਕਰਤਾਰ ਸਿੰਘ ਦੀਆਂ ਲੋਕ ਪੱਖੀ ਸਰਗਰਮੀਆਂ ਕਰ ਕੇ ਜ਼ਿਲ੍ਹੇ ਭਰ ਦੀ ਪੁਲੀਸ ਪਿੰਡ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਸੀ। ਦਿਨ ਨੀਯਤ ਕਰ ਕੇ ਇਲਾਕੇ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਵਿਦਿਆਰਥੀਆਂ ਦਾ ਸਾਂਝਾ ਜਲਸਾ ਤੇ ਮਾਰਚ ਜਥੇਬੰਦ ਕੀਤਾ, ਜਿਸ ਦੀ ਅਗਵਾਈ ਕਰਦਿਆਂ ਉਨ੍ਹਾਂ ਨੇ ਪੁਲੀਸ ਨੂੰ ਚਿਤਾਵਨੀ ਦਿੱਤੀ, ਜੇ ਗ਼ੈਰ ਜਮਹੂਰੀ ਢੰਗ ਵਰਤ ਕੇ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨੋ ਨਾ ਹਟੇ ਤਾਂ ਅਸੀਂ ਜਥੇਬੰਦ ਹੋ ਕੇ ਇਸ ਦਾ ਟਾਕਰਾ ਕਰਨੋ ਨਹੀਂ ਝਿਜਕਾਂਗੇ। ਇਸ ਪਿਛੋਂ ਪੁਲੀਸ ਨੂੰ ਪਿੰਡ ਘੇਰਨ ਦਾ ਹੌਸਲਾ ਨਾ ਪਿਆ। ਕਵਿਤਾ ਲਿਖਣ 'ਤੇ ਪੜ੍ਹਨ ਦਾ ਬਚਪਨ ਤੋਂ ਸ਼ੌਕ ਸੀ।

ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਉਹ ਗੌ. ਪ੍ਰਾ. ਸਕੂਲ ਬੰਬੀ (ਲੁਧਿਆਣਾ) ਵਿਖੇ ਅਨਟ੍ਰੇਂਡ ਅਧਿਆਪਕ ਦੇ ਤੌਰ 'ਤੇ ਨਿਯੁਕਤ ਹੋ ਗਏ ਅਤੇ ਟੀਚਰਜ਼ ਟ੍ਰੇਨਿੰਗ ਸੈਂਟਰ ਜਗਰਾਉਂ ਵਿਖੇ ਐਮਰਜੈਂਸੀ ਟੀਚਰਜ਼ ਟ੍ਰੇਨਿੰਗ ਵਿਚ ਵੀ ਦਾਖ਼ਲਾ ਹਾਸਲ ਕਰ ਲਿਆ। ਸਰਕਾਰ ਗਰਮੀਆਂ ਦੀਆਂ ਛੁੱਟੀਆਂ ਵਿਚ ਹਰ ਸਾਲ ਤਿੰਨ ਮਹੀਨੇ ਟੀਚਰ ਸਿਖਿਆਰਥੀਆਂ ਨੂੰ ਟ੍ਰੇਨਿੰਗ ਦਿਆ ਕਰਦੀ ਸੀ। ਤਿੰਨ ਸਾਲ ਵਿਚ ਕੋਰਸ ਪੂਰਾ ਹੋਣ 'ਤੇ ਪੱਕੇ ਹੋਣ ਤੇ ਟ੍ਰੇਂਡ ਅਧਿਆਪਕ ਦਾ ਨਿਯੁਕਤੀ ਪੱਤਰ ਦਿੱਤਾ ਜਾਂਦਾ ਸੀ। ਕਰਨੈਲ ਸਿੰਘ ਟ੍ਰੇਨਿੰਗ ਦੇ ਸਾਲ 1954, 1955, 1956 ਸਨ। ਇਹੀ ਸਾਲ ਸਨ ਜਦੋਂ ਮੇਰਾ ਕਰਨੈਲ ਸਿੰਘ ਈਸੜੂ ਨਾਲ ਸੰਪਰਕ ਹੋਇਆ। 1955 ਈ. ਮੈਂ ਨੈਸ਼ਨਲ ਹਾਈ ਸਕੂਲ ਬਿਲਗਾ ਤੋਂ ਦਸਵੀਂ ਪਾਸ ਕਰ ਕੇ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ ਸੈਂਟਰ ਜਗਰਾਉਂ ਦਾਖ਼ਲਾ ਲੈਣ ਹਿਤ ਗਿਆ ਤਾਂ ਕਰਨੈਲ ਸਿੰਘ ਨੇ ਮੇਰੇ ਪਿੰਡ ਬਾਰੇ ਪੁੱਛਿਆ। ਬਿਲਗਾ ਦੱਸਣ 'ਤੇ ਕਹਿਣ ਲੱਗਾ ਇਹ ਤਾਂ ਦੇਸ਼ ਭਗਤ ਆਜ਼ਾਦੀ ਸੰਗਰਾਮੀਆਂ ਦਾ ਪਿੰਡ ਹੈ। ਮੈਨੂੰ ਦਾਖ਼ਲਾ ਫ਼ਾਰਮ ਦਫ਼ਤਰ ਤੋਂ ਲੈ ਕੇ ਦਿੱਤਾ ਅਤੇ ਗੌ. ਟ੍ਰੇਨਿੰਗ ਸੈਂਟਰ ਫ਼ਿਰੋਜ਼ਪੁਰ ਵਿਚ ਵੀ ਅਰਜ਼ੀ ਭੇਜਣ ਦੀ ਸਲਾਹ ਦਿੱਤੀ। ਕਰਨੈਲ ਸਿੰਘ ਈਸੜੂ ਦੀਆਂ ਕਹੀਆਂ ਗੱਲਾਂ ਦੀ ਸਮਝ ਉਸ ਸਮੇਂ ਤਾਂ ਨਹੀਂ ਪਈ ਸੀ ਪਰ ਅਗਲੇਰੇ ਜੀਵਨ ਵਿਚ ਉਨ੍ਹਾਂ ਦੀ ਸਾਰਥਕਤਾ ਬਾਰੇ ਗਿਆਨ ਹੋ ਗਿਆ। ਜਮਾਤੀ ਤੌਰ 'ਤੇ ਲੋਕਾਂ ਦੇ ਵਿਸਤ੍ਰਿਤ ਜਨ ਸਮੂਹ ਦੀ ਜਥੇਬੰਦ ਹੋ ਕੇ ਸਮਾਜ ਵਿਚ ਸਾਰਥਕ ਤਬਦੀਲੀ ਲਿਆ ਸਕਦੇ ਤੇ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ। ਅਧੂਰੀ ਆਜ਼ਾਦੀ ਨੂੰ ਪੂਰਨ ਰੂਪ ਵਿਚ ਹਾਸਲ ਕਰਨ ਲਈ ਕੇਵਲ ਰਾਜਨੀਤਕ ਪਰਿਵਰਤਨ ਹੀ ਨਹੀਂ ਸਗੋਂ ਸਮਾਜਕ ਤੇ ਆਰਥਕ ਆਜ਼ਾਦੀ ਹਾਸਲ ਕਰਨ ਲਈ ਹੋਰ ਲੜਨਾ ਹੋਵੇਗਾ। ਇਹ ਆਜ਼ਾਦੀ ਲੰਗੜੀ ਤੇ ਅਧੂਰੀ ਹੈ। ਲੋਕ ਜਮਹੂਰੀ ਇਨਕਲਾਬ ਦੀ ਲੜਾਈ ਬੜੀ ਕਠਨ ਤੇ ਕੁਰਬਾਨੀਆਂ ਭਰਪੂਰ ਹੋਵੇਗੀ। ਇਸ ਲਈ ਸੀਸ ਤਲੀ 'ਤੇ ਰਖਣਾ ਪਵੇਗਾ। ਵਿਦਿਆ ਦੇ ਚਾਨਣ ਤੋਂ ਬਿਨਾਂ ਲੋਕਾਂ ਵਿਚ ਫੈਲਿਆ ਅੰਧਕਾਰ ਦੂਰ ਨਹੀਂ ਹੋ ਸਕਦਾ।

ਸੰਨ 1955, ਅਗਸਤ ਮਹੀਨਾ, ਮਿਤੀ ਤਾਂ ਭੁੱਲ ਗਿਆਂ ਹਾਂ। ਮੈਨੂੰ ਤੇ ਮਾ. ਅਮਰਜੀਤ ਸਿੰਘ ਜੋ ਸੇਵਾ ਮੁਕਤ ਹੋਣ ਪਿਛੋਂ ਬੇਕਰਜ਼ ਫ਼ੀਲਡ ਕੈਲੇਫ਼ੋਰਨੀਆ ਆ ਵਸੇ ਸਨ, ਨੂੰ ਲੁਧਿਆਣੇ ਸਟੇਸ਼ਨ 'ਤੇ ਕਰਨੈਲ ਸਿੰਘ ਨੇ ਮਿਲਣ ਦਾ ਸਮਾਂ ਦਿੱਤਾ। ਮਿਲਣ 'ਤੇ ਦੱਸਿਆ ਕਿ ਮੈਂ ਤਾਂ ਗੋਆ ਆਜ਼ਾਦ ਕਰਵਾਉਣ ਵਾਲੇ ਜਥੇ, ਜਿਸ ਦੀ ਅਗਵਾਈ ਪੰਡਤ ਕਿਸ਼ੋਰੀ ਲਾਲ ਸ਼ਹੀਦ ਭਗਤ ਸਿੰਘ ਦੇ ਸਾਥੀ ਕਰ ਰਹੇ ਹਨ, ਵਿਚ ਸ਼ਾਮਲ ਹੋਣ ਜਾ ਰਿਹਾ ਹਾਂ। ਪੰਡਤ ਕਿਸ਼ੋਰੀ ਲਾਲ ਨੇ ਬੜਾ ਸਮਝਾਇਆ ਕਿ ਇਸ ਵਿਚ ਸਰਕਾਰੀ ਮੁਲਾਜ਼ਮ ਸ਼ਾਮਲ ਨਹੀਂ ਹੋਣਗੇ, ਉਹ ਤਾਂ ਜਥੇ ਵਿਚ ਸ਼ਾਮਲ ਹੋਣ ਦਾ ਪੱਕਾ ਮਨ ਬਣਾ ਕੇ ਆਇਆ ਸੀ। ਪੰਡਤ ਕਿਸ਼ੋਰੀ ਲਾਲ ਜੀ ਨੂੰ ਕਹਿਣ ਲੱਗਾ, ਪੰਡਤ ਜੀ ਜਾਣ ਦਾ ਕਿਰਾਇਆ, ਮੈਂ ਸਾਈਕਲ ਵੇਚ ਕੇ ਬਣਾ ਲਿਆ ਹੈ ਤੇ ਟਿਕਟ ਲੈ ਲਈ ਹੈ। ਆਉਣ ਦਾ ਪ੍ਰਬੰਧ ਜਿਸ ਹਾਲ ਵਿਚ ਵੀ ਹੋਵਾਂ, ਤੁਹਾਨੂੰ ਕਰਨਾ ਪਵੇਗਾ।" ਉਹ ਦਿੱਲੀ ਜਾਣ ਵਾਲੀ ਗੱਡੀ ਵਿਚ ਜਾ ਸਵਾਰ ਹੋਇਆ।

ਇਥੇ ਇਹ ਲਿਖਣਾ ਕੁਥਾ ਨਹੀਂ ਹੋਵੇਗਾ ਕਿ ਸ਼ਹੀਦ ਕਰਨੈਲ ਸਿੰਘ ਈਸੜੂ ਦਾ ਵਿਆਹ ਚਰਨਜੀਤ ਕੌਰ, ਜੋ ਉਸ ਦੇ ਵੱਡੇ ਭਰਾ ਹਰਚੰਦ ਸਿੰਘ ਦੀ ਪਤਨੀ ਦੀ ਸਕੀ ਭੈਣ ਸੀ, ਬੜੌਲਾ ਜ਼ਿਲ੍ਹਾ ਰੋਪੜ ਨਾਲ ਹੋ ਚੁੱਕਾ ਸੀ ਪਰ ਹਾਲੇ ਮੁਕਲਾਵਾ ਨਹੀਂ ਦਿੱਤਾ ਗਿਆ ਸੀ। ਕਰਨੈਲ ਸਿੰਘ ਤਾਂ ਆਪਣੇ ਆਪ ਨੂੰ ਉਚੇਰੇ ਸਮਾਜਕ ਤੇ ਰਾਜਨੀਤਕ ਕਾਰਜਾਂ ਨੂੰ ਸਮਰਪਤ ਕਰ ਚੁੱਕਾ ਸੀ ਤੇ ਵਿਆਹ ਦੇ ਬੰਧਨ ਵਿਚ ਨਹੀਂ ਪੈਣਾ ਚਾਹੁੰਦਾ ਸੀ। ਵਿਆਹ ਤੋਂ ਟਾਲਾ ਵੱਟਣ ਲਈ ਰੁੱਸ ਕੇ ਮੇਰਠ (ਉੱਤਰ ਪ੍ਰਦੇਸ਼) ਆਪਣੇ ਚਾਚੇ ਦੀ ਧੀ ਭੈਣ ਕ੍ਰਿਪਾਲ ਕੌਰ ਕੋਲ ਚਲਾ ਗਿਆ। ਉਹੀ ਉਸ ਨੂੰ ਮਨਾ ਕੇ ਈਸੜੂ ਲਿਆਈ ਸੀ। ਉਸ ਦੀ ਸ਼ਹੀਦੀ ਦੇ ਆਖ਼ਰੀ ਦਿਨਾਂ ਬਾਰੇ ਵਿਸਥਾਰ, ਉਸ ਦੀਆਂ ਆਪਣੀਆਂ ਚਿੱਠੀਆਂ ਜੋ ਉਸ ਨੇ ਦਿੱਲੀ ਤੋਂ ਅਗਲੇਰੇ ਪੂਨਾ, ਬੈਲਗਾਓਂ ਤਕ ਦੇ ਸਫ਼ਰ ਬਾਰੇ ਆਪਣੇ ਦੋਸਤਾਂ ਤੇ ਭੈਣ ਕਰਨੈਲ ਕੌਰ ਜੋ ਅੱਜਕਲ੍ਹ ਬੇਕਰਜ਼ਫ਼ੀਲਡ ਕੈਲੇਫੋਰਨੀਆ ਵਿਖੇ ਆਪਣੀ ਧੀ ਕੋਲ ਰਹਿੰਦੇ ਹਨ, ਨੂੰ ਲਿਖੀਆਂ ਹਨ, ਦਾ ਪਤਾ ਲਗਦਾ ਹੈ ਜਾਂ ਪੰਜਾਬ ਦੇ ਜਥੇ ਦੇ ਆਗੂ ਪੰਡਤ ਕਿਸ਼ੋਰੀ ਲਾਲ ਜੀ ਵਲੋਂ ਨਵਾਂ ਜ਼ਮਾਨਾ ਅਖ਼ਬਾਰ ਦੇ 16 ਅਗਸਤ 1958 ਅੰਕ ਵਿਚ ਲਿਖਿਆ, ਇਕ ਆਰਟੀਕਲ ਪੂਰਨ ਰੂਪ ਵਿਚ ਚਾਨਣ ਪਾਉਂਦਾ ਹੈ। 'ਗੁਰਮੁਖ ਮਾਰਗ' ਮਾਸਕ ਰਸਾਲੇ ਦੇ ਅਗਸਤ 2004 ਅਤੇ ਜੁਲਾਈ 2006 ਦੇ ਅੰਕਾਂ ਵਿਚ ਬੀਬੀ ਕਰਨੈਲ ਕੌਰ ਸ਼ਹੀਦ ਕਰਨੈਲ ਸਿੰਘ ਦੀ ਭੈਣ ਜੋ ਪਿਛੋਂ ਜਲਾਜਣ (ਲੁਧਿਆਣਾ) ਵਿਆਹੀ ਗਈ ਸੀ, ਵਲੋਂ ਲਿਖੇ ਲੇਖ, ਆਪਣੇ ਭਰਾ ਦੇ ਸੁਭਾਅ ਦੇ ਦੇਸ਼ ਭਗਤੀ ਤੇ ਆਪਾ ਵਾਰੂ ਰੁਚੀਆਂ ਬਾਰੇ ਉਲੇਖ ਕਰਦੇ ਹਨ। ਭੈਣ ਕਰਨੈਲ ਕੌਰ 10 ਸਾਲ ਪਿੰਡ ਜਲਾਜਣ ਦੀ ਸਰਪੰਚ ਵੀ ਰਹੀ ਹੈ, ਉਸ ਨੂੰ ਆਪਣੇ ਭਰਾ ਦੀ ਸ਼ਹਾਦਤ 'ਤੇ ਕਿੰਨਾ ਫ਼ਖ਼ਰ ਹੈ, ਉਨ੍ਹਾਂ ਵਲੋਂ ਲਿਖੀ ਖੁੱਲ੍ਹੀ ਕਵਿਤਾ ਇਸ ਦੀ ਤਰਜ਼ਮਾਨੀ ਕਰਦੀ ਹੈ। ਪੰਡਤ ਕਿਸ਼ੋਰੀ ਲਾਲ ਆਪਣੇ ਲੇਖ ਵਿਚ ਲਿਖਦੇ ਹਨ, ਕਲਿਆਣ ਬੰਬਈ ਜਾ ਰਹੀ ਗੱਡੀ ਜਿਸ ਨੇ ਅੱਗੇ ਪੂਨੇ ਬੈਲਗਾਓਂ ਤਕ ਜਾਣਾ ਸੀ, ਵਿਚ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਜੁੜੇ ਵਲੰਟੀਅਰ ਆਪਣੀ-ਆਪਣੀ ਭਾਸ਼ਾ ਵਿਚ ਦੇਸ਼ ਭਗਤੀ ਦੇ ਗੀਤ ਗਾ ਕੇ ਦੇਸ਼ ਭਗਤੀ ਦਾ ਮਾਹੌਲ ਸਿਰਜ ਰਹੇ ਸਨ। ਪੰਜਾਬ ਦੇ ਜਥੇ ਦੀ ਸ਼ਾਨ ਹੀ ਨਿਰਾਲੀ ਸੀ। ਦੇਸ਼ ਭਗਤੀ ਦੇ ਭੰਗੜੇ ਤੇ ਬੋਲੀਆਂ ਨੇ ਸਭ ਦਾ ਮਨੋਰੰਜਨ ਕੀਤਾ।

☛ *ਬਾਕੀ ਸਫ਼ਾ 41 'ਤੇ*

ਸ਼ਹੀਦ ਕਰਨੈਲ ਸਿੰਘ ਈਸੜੂ ਦੀ ਭੈਣ ਬੀਬੀ ਕਰਨੈਲ ਕੌਰ ਅੱਜਕਲ੍ਹ ਆਪਣੀ ਧੀ ਨਾਲ ਬੇਕਰਜ਼ ਫ਼ੀਲਡ ਕੈਲੇਫ਼ੋਰਨੀਆ ਅਮਰੀਕਾ ਵਿਚ ਰਹਿੰਦੇ ਹਨ। ਜਿਥੇ ਵੀ ਕਿਤੇ ਭਾਰਤੀ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਸਮਾਗਮ ਕਰਦੇ ਹਨ, ਉਹ ਭੈਣ ਕਰਨੈਲ ਕੌਰ ਨੂੰ ਸਨਮਾਨਤ ਕਰਨ ਤੋਂ ਨਹੀਂ ਖੁੰਝਦੇ। ਉਨ੍ਹਾਂ ਨੂੰ ਆਪਣੇ ਵੀਰ ਕਰਨੈਲ ਸਿੰਘ ਦੀ ਸ਼ਹੀਦੀ 'ਤੇ ਬੜਾ ਫ਼ਖ਼ਰ ਹੈ। ਭਾਵੇਂ ਉਹ ਘੱਟ ਪੜ੍ਹੇ ਲਿਖੇ ਹਨ ਪਰ ਹੇਠਲੀ ਖੁੱਲ੍ਹੀ ਕਵਿਤਾ ਉਨ੍ਹਾਂ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਦੀ ਹੈ। ਜਿਸ ਰਾਹੀਂ ਉਨ੍ਹਾਂ ਆਪਣੇ ਵੀਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਜਦੋਂ ਜ਼ੁਲਮ ਦੀ ਹੱਦ ਅਨੰਤ ਹੁੰਦੀ
ਝਖੜ ਜ਼ੁਲਮ ਦਾ ਘੱਟਾ ਹੈ ਪਸਰ ਜਾਂਦਾ
ਹਰ ਪਾਸੇ ਹੀ ਜ਼ੁਲਮ ਹੈ ਪਸਰ ਜਾਂਦਾ
ਸੂਰਜ ਅਮਨ ਦਾ ਡਰ ਅਲੋਪ ਹੁੰਦਾ
ਐਸੇ ਹਨੇਰੇ ਨੂੰ ਜੱਗ ਤੋਂ ਕਢਣੇ ਲਈ
ਉਦੋਂ ਖ਼ੂਨ ਸ਼ਹੀਦਾਂ ਦਾ ਡੁਲ੍ਹਦਾ ਹੈ
ਹਨੇਰੀ ਜ਼ੁਲਮ ਦੀ ਹੈ ਅਲੋਪ ਹੁੰਦੀ
ਬੂਟਾ ਆਜ਼ਾਦੀ ਵਾਲਾ ਫਲਦਾ ਫੁਲਦਾ ਹੈ
ਪੁਰਤਗੇਜ਼ੀਆ ਜ਼ੁਲਮ ਅਨੰਤ ਕੀਤੇ
ਗੋਆ ਤਾਈ ਗ਼ੁਲਾਮ ਹੀ ਰੱਖਣੇ ਲਈ
ਭਰਤੀ ਕੌਮੀ ਪ੍ਰਵਾਨਿਆਂ ਦੀ ਹੋਣ ਲੱਗੀ
ਸੁਣ ਸੁਣ ਕੇ ਜ਼ੁਲਮ ਬੇਦੋਸ਼ਿਆਂ 'ਤੇ
ਗਰਮੀ ਉਨ੍ਹਾਂ ਦੇ ਹੱਡਾਂ 'ਚੋਂ ਚੋਣ ਲੱਗੀ
ਗੋਆ ਛੱਡ ਦਿਉ ਇਹ ਹੈ ਅੰਗ ਸਾਡਾ
ਉਚੀ ਨਾਅਰਾ ਸੀ ਉਨ੍ਹਾਂ ਗਜਾ ਦਿੱਤਾ
15 ਅਗਸਤ ਨੂੰ ਗੋਆ ਦੀ ਧਰਤ ਅੰਦਰ
ਉਨ੍ਹਾਂ ਆਪਣਾ ਕਦਮ ਵਧਾ ਦਿੱਤਾ
ਲਿਖਾਂ ਸਿਫ਼ਤ ਕੀ ਮੈਂ ਕਰਨੈਲ ਸਿੰਘ ਦੀ
ਜੀਹਨੇ ਜ਼ਿੰਦਗੀ ਘੋਲ ਘੁਮਾ ਦਿੱਤੀ
ਛਾਤੀ ਵਿਚ ਗੋਲੀ ਖਾ ਕੇ ਵੈਰੀਆਂ ਦੀ
ਕਰਜ਼ਾ ਕਰਨੈਲ ਨੇ ਦੇਸ਼ ਤੋਂ ਲਾਹ ਦਿੱਤਾ
ਕੀਤਾ ਜੱਗ ਦੇ ਵਿਚ ਹੈ ਨਾਮ ਰੌਸ਼ਨ
ਮੇਰੇ ਦੇਸ਼ ਦੇ ਸੋਹਣੇ ਸਿਤਾਰਿਆ ਓਏ
ਗੋਆ ਤਾਈ ਆਜ਼ਾਦ ਕਰਵਾਉਣ ਖ਼ਾਤਰ
ਆਪਾ ਵਾਂਗ ਪਤੰਗੇ ਦੇ ਵਾਰਿਆ ਓਏ।
ਤੇਰਾ ਨਾਮ ਜਹਾਨ 'ਤੇ ਰਹੂ ਰੌਸ਼ਨ
ਮੇਰੇ ਵੀਰ ਕਰਨੈਲ ਪਿਆਰਿਆ ਓਏ।

ਆਪਣੇ ਵੀਰ ਕਰਨੈਲ ਸਿੰਘ ਦੇ ਨਾਲ ਹੋਰ ਸ਼ਹੀਦਾਂ ਨੂੰ ਵੀ ਪ੍ਰਣਾਮ ਕਰਦੀ ਹਾਂ।

*ਕਰਨੈਲ ਕੌਰ ਈਸੜੂ*

# ਜਾਸੂਸਾਂ ਦੀ ਖ਼ੁਫ਼ੀਆ ਜ਼ਿੰਦਗੀ



ਹੈਪੀ ਪੰਡਵਾਲਾ
+91-95019-50700

ਭਾਰਤ-ਪਾਕਿਸਤਾਨ ਵਿਚਾਲੇ ਹੁਣ ਤਕ 1965, 1971 ਅਤੇ 1999 ਵਿਚ ਤਿੰਨ ਜੰਗਾਂ ਹੋਈਆਂ ਹਨ। ਪਰ ਇੱਕ ਅਣਐਲਾਨੀ ਸ਼ੀਤ ਜੰਗ ਦੋਵਾਂ ਦੇਸ਼ਾਂ ਵਿਚਾਲੇ 1947 ਤੋਂ ਲਗਾਤਾਰ, ਹਰ ਰੋਜ਼, ਹਰ ਪਲ ਚੱਲਦੀ ਰਹਿੰਦੀ ਹੈ, ਜਿਸ ਨੇ ਦੋਵਾਂ ਦੇਸ਼ਾਂ ਦੇ ਹਜ਼ਾਰਾਂ ਘਰਾਂ ਨੂੰ ਉਜਾੜਿਆ ਹੈ ਤੇ ਦੋਵਾਂ ਦੇਸ਼ਾਂ ਦੇ ਲੋਕ ਮਨਾਂ ਵਿਚ ਨਫ਼ਰਤ ਦੇ ਡੂੰਘੇ ਬੀਜ ਬੀਜਣ ਦਾ ਕੰਮ ਕੀਤਾ ਹੈ। ਇਸ ਜੰਗ ਵਿਚ ਮਹੱਤਵਪੂਰਨ ਭੂਮਿਕਾ ਜਾਸੂਸਾਂ ਦੀ ਹੈ। ਇਕ-ਦੂਜੇ ਦੇਸ਼ ਦੀਆਂ ਸੂਚਨਾਵਾਂ ਅਤੇ ਹੋਰ ਅਹਿਮ ਜਾਣਕਾਰੀਆਂ ਹਾਸਲ ਕਰਨ ਲਈ ਦੋਵਾਂ ਦੇਸ਼ਾਂ ਵਲੋਂ ਇੱਕ ਦੂਜੇ ਵੱਲ 'ਜਾਸੂਸ' ਭੇਜੇ ਜਾਂਦੇ ਹਨ, ਪਰ ਜਦੋਂ ਇਹ ਜਾਸੂਸ ਫੜੇ ਜਾਂਦੇ ਹਨ ਤਾਂ ਇਨ੍ਹਾਂ ਦਾ ਕੋਈ ਵਾਲੀ-ਵਾਰਸ ਨਹੀਂ ਬਣਦਾ। ਜਾਸੂਸੀ ਦੇ ਕਦੇ ਨਾ ਮੁੱਕਣ ਵਾਲੇ ਅਤੇ ਨਿਤ ਦਿਨ ਹੋਣ ਵਾਲੇ ਯੁੱਧ ਵਿਚ ਭਾਰਤ ਦੀ ਖ਼ੁਫ਼ੀਆ ਏਜੰਸੀ 'ਰਾਅ' ਅਤੇ ਪਾਕਿਸਤਾਨ ਦੀ 'ਆਈ.ਐਸ.ਆਈ.' ਸਰਗਰਮ ਹਨ।

ਪਿਛਲੇ ਦਿਨੀਂ ਪਾਕਿਸਤਾਨ ਦੀ ਜੇਲ੍ਹ ਵਿਚ ਫ਼ਾਂਸੀਯਾਫ਼ਤਾ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਹੋਈ ਸਾਜ਼ਿਸ਼ੀ ਮੌਤ ਤੋਂ ਬਾਅਦ ਦੂਜੇ ਦੇਸ਼ ਦੀ ਧਰਤੀ 'ਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਜਾਸੂਸੀ ਕਰਨ ਲਈ ਭੇਜੇ ਜਾਂਦੇ ਭੋਲੇ-ਭਾਲੇ ਅਤੇ ਗ਼ਰੀਬ ਭਾਰਤੀ ਨਾਗਰਿਕਾਂ ਦੀ ਘੋਰ ਵਿਡੰਬਣਾ ਸਾਹਮਣੇ ਆ ਗਈ ਹੈ। ਸਰਬਜੀਤ ਭਾਵੇਂ ਸ਼ੁਰੂ ਤੋਂ ਇਹ ਦਾਅਵਾ ਕਰਦਾ ਰਿਹਾ ਹੈ ਕਿ ਉਹ ਸਰਹੱਦੀ ਕਸਬੇ ਭਿੱਖੀਵਿੰਡ ਦਾ ਰਹਿਣ ਵਾਲਾ ਹੋਣ ਕਰ ਕੇ ਖੇਤਾਂ ਵਿਚ ਕੰਮ ਕਰਦਿਆਂ ਸ਼ਰਾਬ ਦੇ ਨਸ਼ੇ ਵਿਚ ਗਲਤੀ ਨਾਲ ਪਾਕਿਸਤਾਨ ਵਿਚ ਦਾਖ਼ਲ ਹੋ ਗਿਆ ਸੀ ਪਰ ਪਾਕਿਸਤਾਨ ਸਰਕਾਰ ਨੇ ਉਸ ਨੂੰ 1990 ਵਿਚ ਜਾਸੂਸੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ ਤੇ ਫ਼ਿਰ ਉਸ ਨੂੰ ਲਾਹੌਰ ਵਿਚ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਦੋਸ਼ 'ਚ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸਰਬਜੀਤ ਦੀ ਮੌਤ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਉਸ ਦੇ ਪਰਿਵਾਰ ਨੂੰ 25 ਲੱਖ ਰੁਪਏ ਦੀ ਸਹਾਇਤਾ ਅਤੇ ਪੰਜਾਬ ਸਰਕਾਰ ਨੇ ਉਸ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਤੇ ਦੋਵਾਂ ਧੀਆਂ ਨੂੰ ਸਰਕਾਰੀ ਨੌਕਰੀ ਦੇਣ ਅਤੇ ਸਰਬਜੀਤ ਨੂੰ 'ਕੌਮੀ ਸ਼ਹੀਦ' ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ, ਜਿਸ ਤੋਂ ਬਾਅਦ ਅਜਿਹੇ ਅਨੇਕਾਂ ਹੋਰ ਸਾਬਕਾ ਜਾਸੂਸ ਸਾਹਮਣੇ ਆ ਗਏ ਹਨ, ਜਿਹੜੇ ਜਾਨਾਂ ਤਲੀ 'ਤੇ ਧਰ ਕੇ ਭਾਰਤ ਲਈ ਜਾਸੂਸੀ ਕਰਦੇ ਰਹੇ ਅਤੇ ਲੰਬਾ ਸਮਾਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਨਰਕ ਭੋਗ ਕੇ ਪਰਤੇ ਹਨ ਅਤੇ ਹੁਣ ਆਪਣੇ ਦੇਸ਼ ਵਿਚ ਗ਼ਰੀਬੀ ਭੋਗ ਰਹੇ ਹਨ। ਉਨ੍ਹਾਂ ਦੀ ਕਦੇ ਵੀ ਭਾਰਤ ਸਰਕਾਰ ਨੇ ਸਾਰ ਨਹੀਂ ਲਈ।

ਪੰਜਾਬ, ਜੰਮੂ-ਕਸ਼ਮੀਰ ਅਤੇ ਰਾਜਸਥਾਨ ਦੇ ਨਾਲ ਲੱਗਦੀ ਭਾਰਤ-ਪਾਕਿ ਸਰਹੱਦ ਨੇੜਲੇ ਸੈਂਕੜੇ ਪਿੰਡ ਹਨ, ਜਿਥੋਂ ਅਨੇਕਾਂ 'ਸਰਬਜੀਤ' ਪਾਕਿਸਤਾਨ ਵਿਚ ਜਾਸੂਸੀ ਕਰਨ ਜਾਂਦੇ ਰਹੇ ਅਤੇ ਉੱਥੇ ਅਸਹਿ ਤਸੀਹੇ ਝੱਲਦਿਆਂ ਦਹਾਕਿਆਂ ਬੱਧੀ ਕਾਲ-ਕੋਠੜੀਆਂ ਦੀਆਂ ਸਜ਼ਾਵਾਂ ਭੁਗਤ ਕੇ ਪਰਤੇ ਹਨ, ਜਾਂ ਭੁਗਤ ਰਹੇ ਹਨ। ਸਰਬਜੀਤ ਵਾਂਗ ਕ੍ਰਿਪਾਲ ਸਿੰਘ ਅਤੇ ਜਤਿੰਦਰ ਸਿੰਘ ਨੂੰ ਵੀ ਜਾਸੂਸੀ ਦੇ ਦੋਸ਼ 'ਚ ਪਾਕਿਸਤਾਨ ਨੇ ਫ਼ਾਂਸੀ ਦੀ ਸਜ਼ਾ ਸੁਣਾਈ ਹੋਈ ਹੈ, ਜਿਹੜੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹਾਲੇ ਵੀ ਬੰਦ ਹਨ। ਪਾਕਿਸਤਾਨ 'ਚ ਜਾਸੂਸੀ ਕਰਨ ਦੇ ਦੋਸ਼ 'ਚ 35 ਸਾਲ ਸਜ਼ਾ ਭੁਗਤ ਕੇ ਪਿਛਲੇ ਸਾਲ ਜੂਨ ਮਹੀਨੇ ਰਿਹਾਅ ਹੋ ਕੇ ਪਰਤੇ ਸੁਰਜੀਤ ਸਿੰਘ ਨੇ ਅਟਾਰੀ ਸਰਹੱਦ ਪਾਰ ਕਰਦਿਆਂ ਹੀ ਇਹ ਖ਼ੁਲਾਸਾ ਕਰਕੇ ਤਰਥੱਲੀ ਮਚਾ ਦਿੱਤੀ ਸੀ ਕਿ ਉਸ ਨੂੰ ਭਾਰਤੀ ਖ਼ੁਫ਼ੀਆ ਏਜੰਸੀ ਨੇ ਆਪਣਾ ਨਿੱਜੀ ਏਜੰਟ ਬਣਾ ਕੇ ਪਾਕਿਸਤਾਨ ਭੇਜਿਆ ਸੀ। ਸੁਰਜੀਤ ਸਿੰਘ ਦੇਸ਼ ਦੀ ਸਰਕਾਰ 'ਤੇ ਰੰਜ਼ ਪ੍ਰਗਟ ਕਰਦਾ ਆਖਦਾ ਹੈ, "ਮੈਂ ਦੇਸ਼ ਦੀ ਸੇਵਾ ਕਰਨ ਲਈ ਪਾਕਿਸਤਾਨ ਗਿਆ ਸੀ, ਪਰ ਮੇਰੇ ਮਗਰੋਂ ਮੇਰੇ ਪਰਿਵਾਰ ਦੀ ਸਰਕਾਰ ਨੇ ਕੋਈ ਬਾਤ ਨਹੀਂ ਪੁੱਛੀ। ਮੇਰੀ ਪਤਨੀ ਨੇ ਪਰਿਵਾਰ ਚਲਾਉਣ ਲਈ ਲੱਖਾਂ ਤੰਗੀਆਂ-ਤੁਰਸ਼ੀਆਂ ਝੱਲੀਆਂ ਅਤੇ ਮੇਰੀ ਢਾਈ ਏਕੜ ਜੱਦੀ ਜ਼ਮੀਨ ਵੀ ਵਿਕ ਗਈ। ਸਾਡੇ ਘਰ ਬਿਜਲੀ ਦਾ ਕੁਨੈਕਸ਼ਨ ਤਕ ਨਹੀਂ ਲੱਗਿਆ। ਮੇਰੀਆਂ ਲੱਖਾਂ ਫ਼ਰਿਆਦਾਂ ਤੋਂ ਬਾਅਦ ਹੁਣ ਮੇਰੇ ਪੁੱਤਰ ਨੂੰ ਨੌਕਰੀ ਮਿਲੀ ਅਤੇ ਸਰਕਾਰ ਨੇ ਕੁਝ ਮਾਲੀ ਇਮਦਾਦ ਕੀਤੀ।"

ਇਸ ਤੋਂ ਪਹਿਲਾਂ ਮਾਰਚ 2008 ਵਿਚ ਕਸ਼ਮੀਰ ਸਿੰਘ ਨਾਂਅ ਦਾ ਭਾਰਤੀ ਨਾਗਰਿਕ ਜਾਸੂਸੀ ਦੇ ਦੋਸ਼ਾਂ ਹੇਠ 35 ਸਾਲ ਪਾਕਿਸਤਾਨ ਦੀ ਜੇਲ੍ਹ ਵਿਚ ਸਜ਼ਾ ਕੱਟ ਕੇ ਪਰਤਿਆ ਸੀ। ਇੰਨਾ ਲੰਬਾ ਸਮਾਂ ਕਾਲ-ਕੋਠੜੀ 'ਚ ਬੰਦ ਰਹੇ ਕਸ਼ਮੀਰ ਨੂੰ ਜਦੋਂ ਪਾਕਿਸਤਾਨੀ ਰੇਂਜਰਾਂ ਨੇ ਅਟਾਰੀ ਸਰਹੱਦ 'ਤੇ ਆਜ਼ਾਦ ਕੀਤਾ ਤਾਂ ਉਹ ਇੰਨੇ ਦਹਾਕਿਆਂ ਬਾਅਦ ਬਦਲੇ ਜ਼ਿੰਦਗੀ ਦੇ ਤੌਰ-ਤਰੀਕਿਆਂ ਅਤੇ ਵਾਤਾਵਰਣ ਨੂੰ ਕਿੰਨਾ ਚਿਰ ਡੌਰ-ਭੌਰ ਹੋਇਆ ਨਿਹਾਰਦਾ ਰਿਹਾ ਸੀ। ਕਸ਼ਮੀਰ ਸਿੰਘ ਨੇ ਦੱਸਿਆ ਸੀ ਕਿ ਕਾਲ-ਕੋਠੜੀ ਅੰਦਰ ਬੰਦ ਉਸ ਨੂੰ ਕਈ ਵਰ੍ਹੇ ਸੂਰਜ ਦੇਖਣਾ ਵੀ ਨਸੀਬ ਨਹੀਂ ਹੋਇਆ ਸੀ।

## ਸਰਹੱਦੀ ਪਿੰਡਾਂ ਦੇ ਵਾਸੀਆਂ ਨੂੰ ਬਣਾਇਆ ਜਾਂਦਾ ਹੈ ਜਾਸੂਸ

ਭਾਰਤ-ਪਾਕਿਸਤਾਨ ਦੀਆਂ ਖ਼ੁਫ਼ੀਆ ਏਜੰਸੀਆਂ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਨਾਗਰਿਕਾਂ ਨੂੰ ਹੀ ਜਾਸੂਸੀ ਦੀ ਲੜਾਈ ਲਈ ਹਥਿਆਰ ਕਿਉਂ ਬਣਾਉਂਦੀਆਂ ਹਨ? ਅਸਲ ਵਿੱਚ ਇਸਦਾ ਕਾਰਨ ਇਹ ਹੈ ਕਿ ਸਰਹੱਦ ਦੇ ਨਾਲ-ਨਾਲ ਰਹਿਣ ਵਾਲੇ ਲੋਕਾਂ ਦਾ ਰਹਿਣ-ਸਹਿਣ, ਖਾਣਾ-ਪੀਣਾ, ਪਹਿਰਾਵਾ, ਬੋਲੀ ਅਤੇ ਜੀਵਨ-ਜਾਚ ਬਿਲਕੁਲ ਇਕੋ-ਜਿਹੀ ਹੈ। ਸਰਹੱਦੀ ਖੇਤਰਾਂ ਵਿਚ ਖ਼ੁਫ਼ੀਆ ਏਜੰਸੀਆਂ ਦਾ ਵੱਡਾ ਨੈਟਵਰਕ ਹੈ, ਜਿਹੜਾ ਲਗਾਤਾਰ ਅਜਿਹੇ ਗ਼ਰੀਬ ਅਤੇ ਲਾਚਾਰ ਲੋਕਾਂ 'ਤੇ ਨਜ਼ਰ ਰੱਖਦਾ ਹੈ, ਜਿਨ੍ਹਾਂ ਨੂੰ ਆਪਣਾ ਸ਼ਿਕਾਰ ਬਣਾ ਕੇ ਸਰਹੱਦੋਂ ਪਾਰ 'ਖ਼ੁਫ਼ੀਆ ਮਿਸ਼ਨਾਂ' ਲਈ ਭੇਜਿਆ ਜਾ ਸਕੇ। ਸਰਹੱਦ ਦੀਆਂ ਭੂਗੋਲਿਕ ਸਮੱਸਿਆਵਾਂ ਨਾਲ ਜੂਝ ਰਹੇ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਤੋਂ ਸੱਖਣੇ ਲੋਕ ਕੁਝ ਕੁ ਰੁਪਇਆਂ ਬਦਲੇ ਹੀ 'ਮੌਤ ਨਾਲ ਖੇਡਣ' ਲਈ ਮਜਬੂਰ ਹੋ ਜਾਂਦੇ ਹਨ। ਏਜੰਸੀਆਂ ਵਲੋਂ ਜਾਸੂਸ ਭਰਤੀ ਕਰਨ ਲਈ ਬੜਾ ਖ਼ਤਰਨਾਕ ਅਤੇ ਸਾਜ਼ਸ਼ੀ ਤਰੀਕਾ ਅਪਣਾਇਆ ਜਾਂਦਾ ਹੈ, ਜਿਸ ਤੋਂ ਬਚ ਸਕਣਾ ਔਖਾ ਹੀ ਨਹੀਂ, ਸਗੋਂ ਅਸੰਭਵ ਹੁੰਦਾ ਹੈ। ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ ਹਨ ਕਿ ਉਨ੍ਹਾਂ ਨੇ ਜੇਕਰ ਦਿੱਤੇ ਮਿਸ਼ਨ ਨੂੰ ਪੂਰਾ ਕਰ ਲਿਆ ਤਾਂ ਪੱਕੀ ਨੌਕਰੀ ਦਿੱਤੀ ਜਾਵੇਗੀ ਅਤੇ ਜੇਕਰ ਉਹ ਪਾਕਿਸਤਾਨ ਵਿਚ ਫੜੇ ਵੀ ਜਾਣਗੇ ਤਾਂ ਉਨ੍ਹਾਂ ਦੇ ਪਰਿਵਾਰਾਂ ਦੀ ਪੂਰੀ ਸਹਾਇਤਾ ਕੀਤੀ ਜਾਵੇਗੀ ਅਤੇ ਉਨ੍ਹਾਂ ਦੀਆਂ ਜ਼ਿੰਦਗੀ ਦੀਆਂ ਤਮਾਮ ਲੋੜਾਂ ਨੂੰ ਸਰਕਾਰ ਵਲੋਂ ਪੂਰਿਆ ਜਾਵੇਗਾ। ਉਨ੍ਹਾਂ ਨੂੰ ਰਿਹਾਅ ਕਰਵਾਉਣ ਦਾ ਵੀ ਭਰੋਸਾ ਦਿੱਤਾ ਜਾਂਦਾ ਹੈ।

ਜੇਕਰ ਇਸ ਤਰ੍ਹਾਂ ਵੀ 'ਸ਼ਿਕਾਰ' ਏਜੰਸੀਆਂ ਦੇ ਸ਼ਿਕੰਜੇ 'ਚ ਨਾ ਆਵੇ ਤਾਂ ਉਹ ਆਖ਼ਰੀ ਦਾਅ ਖੇਡਦੀਆਂ ਹਨ। ਦੇਸ਼ ਸੇਵਾ ਦੇ ਨਾਂਅ 'ਤੇ ਸੋਚੀਆਂ-ਸਮਝੀਆਂ ਜਜ਼ਬਾਤੀ ਗੱਲਾਂ ਰਾਹੀਂ ਉਸ ਨੂੰ ਗੁੰਮਰਾਹ ਕਰ ਲਿਆ ਜਾਂਦਾ ਹੈ। 95 ਫ਼ੀਸਦੀ ਲੋਕ ਤਾਂ ਏਜੰਸੀਆਂ ਦੇ ਇਨ੍ਹਾਂ ਹਰਬਿਆਂ ਨਾਲ ਹੀ ਉਨ੍ਹਾਂ ਦੇ ਸ਼ਿਕੰਜੇ 'ਚ ਆ ਜਾਂਦੇ ਹਨ ਪਰ ਜਿਹੜੇ 5 ਫ਼ੀਸਦੀ ਏਜੰਸੀਆਂ ਲਈ ਕੰਮ ਕਰਨ ਤੋਂ ਨਾਂਹ ਕਰ ਦੇਣ ਤਾਂ ਉਨ੍ਹਾਂ ਨੂੰ ਏਜੰਸੀਆਂ ਆਰਾਮ ਨਾਲ ਘਰ ਨਹੀਂ ਬੈਠਣ ਦਿੰਦੀਆਂ।

ਸਰਹੱਦੀ ਖੇਤਰਾਂ 'ਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੀ ਅਣਹੋਂਦ ਵਰਗੀਆਂ ਸਮੱਸਿਆਵਾਂ ਕਾਰਨ ਹੀ ਇੱਥੋਂ ਦੇ ਲੋਕ ਖ਼ੁਫ਼ੀਆ ਏਜੰਸੀਆਂ ਦੇ ਹੱਥੇ ਚੜ੍ਹਦੇ ਹਨ। ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਇਲਾਕਿਆਂ ਦੇ ਜ਼ਿਆਦਾਤਰ ਗਰੀਬ ਲੋਕ ਨਸ਼ਿਆਂ ਦੀ ਤਸਕਰੀ ਦੇ ਕੰਮ 'ਚ ਲੱਗੇ ਹੋਏ ਹਨ। ਦੇਸੀ ਸ਼ਰਾਬ ਤੋਂ ਲੈ ਕੇ ਤਰ੍ਹਾਂ-ਤਰ੍ਹਾਂ ਦੇ ਰਸਾਇਣਿਕ ਨਸ਼ਿਆਂ ਦੀ ਸਰਹੱਦ ਪਾਰ ਲੈਣ-ਦੇਣ ਹੁੰਦਾ ਹੈ। ਸਰਹੱਦ 'ਤੇ ਤਾਇਨਾਤ ਸੁਰੱਖਿਆ ਬਲ ਅਜਿਹੇ ਅਨਸਰਾਂ 'ਤੇ ਖ਼ਾਸ ਨਜ਼ਰ ਰੱਖਦੇ ਹਨ ਤੇ ਇਸਦੀ ਜਾਣਕਾਰੀ ਖ਼ੁਫ਼ੀਆਂ ਏਜੰਸੀਆਂ ਨੂੰ ਦਿੰਦੇ ਹਨ, ਅੱਗੇ ਖ਼ੁਫ਼ੀਆ ਏਜੰਸੀਆਂ ਇਨ੍ਹਾਂ ਨੂੰ ਆਪਣੇ ਨਾਲ ਜੋੜ ਲੈਂਦੀਆਂ ਹਨ। ਜਾਸੂਸਾਂ ਨੂੰ ਭਰਤੀ ਕਰਨ ਤੋਂ ਬਾਅਦ ਦੋ-ਤਿੰਨ ਮਹੀਨਿਆਂ ਦੀ ਰਵਾਇਤੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਦੁਸ਼ਮਣ ਦੇਸ਼ ਦੀ ਬੋਲੀ, ਧਾਰਮਕ ਰਵਾਇਤਾਂ ਦੀ ਮੁੱਢਲੀ ਜਾਣਕਾਰੀ ਦੇਣ ਤੋਂ ਇਲਾਵਾ ਉਨ੍ਹਾਂ ਦੇ ਨਾਂਅ ਅਤੇ ਪਤੇ ਵੀ ਬਦਲ ਦਿੱਤੇ ਜਾਂਦੇ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਫ਼ਿੱਡੇ ਪਿੰਡ ਦਾ ਰਹਿਣ ਵਾਲਾ ਸਾਬਕਾ ਜਾਸੂਸ ਸੁਰਜੀਤ ਸਿੰਘ ਦੱਸਦਾ ਹੈ, "ਰਾਅ ਨੇ ਮੇਰਾ ਨਾਂਅ ਅਨਵਰ ਰੱਖ ਕੇ ਪਾਕਿਸਤਾਨ ਭੇਜਿਆ ਸੀ ਅਤੇ ਮੇਰਾ ਇਸ ਨਾਂਅ 'ਤੇ ਪਾਕਿਸਤਾਨ ਵਿਚਲੇ ਪਤੇ ਦਾ ਪਛਾਣ ਪੱਤਰ ਵੀ ਬਣਾ ਕੇ ਦਿੱਤਾ ਸੀ।"

ਸਮੇਂ-ਸਮੇਂ ਜਾਸੂਸਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਂਦੀ ਹੈ। ਦੁਸ਼ਮਣ ਦੇਸ਼ ਬਾਰੇ ਨਵੀਆਂ ਜਾਣਕਾਰੀਆਂ, ਉਥੋਂ ਦੀ ਫ਼ੌਜ ਅਤੇ ਭੂਗੋਲਿਕ ਨਕਸ਼ਿਆਂ ਸਬੰਧੀ ਸਮੇਂ-ਸਮੇਂ 'ਤੇ ਜਾਣੂ ਕਰਵਾਇਆ ਜਾਂਦਾ ਹੈ। ਜਾਸੂਸਾਂ ਦਾ ਕੰਮ ਦੁਸ਼ਮਣ ਦੇਸ਼ ਦੇ ਫ਼ੌਜੀ ਟਿਕਾਣਿਆਂ, ਫ਼ੌਜੀ ਹਵਾਈ ਅੱਡਿਆਂ, ਫ਼ੌਜੀ ਗਤੀਵਿਧੀਆਂ, ਹਥਿਆਰਾਂ, ਪੁਲਾਂ ਅਤੇ ਹੋਰ ਮਹੱਤਵਪੂਰਨ ਨਕਸ਼ਿਆਂ ਦੀ ਜਾਣਕਾਰੀ ਆਪਣੇ ਦੇਸ਼ ਦੀਆਂ ਏਜੰਸੀਆਂ ਨੂੰ ਮੁਹੱਈਆ ਕਰਵਾਉਣ ਤੋਂ ਇਲਾਵਾ ਦੁਸ਼ਮਣ ਦੇਸ਼ ਦੇ ਅਜਿਹੇ ਨਾਗਰਿਕਾਂ ਦੀ ਭਾਲ ਕਰਨਾ ਹੁੰਦਾ ਹੈ, ਜਿਨ੍ਹਾਂ ਦੀ ਮਿਸ਼ਨ ਨੂੰ ਪੂਰਾ ਵਿੱਚ ਸਹਾਇਤਾ ਲਈ ਜਾ ਸਕੇ।

## ਤਿੰਨ ਸ਼੍ਰੇਣੀਆਂ ਦੇ ਹੁੰਦੇ ਹਨ ਜਾਸੂਸ



ਸਿਖਲਾਈ ਪੂਰੀ ਹੋਣ ਤੋਂ ਬਾਅਦ ਇਨ੍ਹਾਂ ਜਾਸੂਸਾਂ ਨੂੰ ਤਿੰਨ ਹਿੱਸਿਆਂ 'ਚ ਵੰਡਿਆ ਜਾਂਦਾ ਹੈ। ਪਹਿਲੇ ਵਰਗ 'ਚ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਲੰਬੇ ਸਮੇਂ ਤੱਕ ਮੁਕੰਮਲ ਸਿਖ਼ਲਾਈ ਦੇਣ ਤੋਂ ਬਾਅਦ ਦੁਸ਼ਮਣ ਦੇਸ਼ ਦੇ ਫ਼ਰਜ਼ੀ ਨਾਗਰਿਕ ਬਣਾ ਕੇ ਪੱਕੇ ਤੌਰ 'ਤੇ ਭੇਜਿਆ ਜਾਂਦਾ ਹੈ। ਇਨ੍ਹਾਂ ਨੂੰ 'ਰੈਜੀਡੈਂਟ ਏਜੰਟ' ਆਖਿਆ ਜਾਂਦਾ ਹੈ। ਅਜਿਹਾ ਹੀ ਇਕ ਭਾਰਤੀ ਏਜੰਸੀਆਂ ਦਾ ਏਜੰਟ ਰਾਜਸਥਾਨ ਦੇ ਗੰਗਾਨਗਰ ਦਾ ਵਸਨੀਕ ਰਵਿੰਦਰ ਕੌਸ਼ਿਕ ਸੀ, ਜਿਸ ਨੂੰ ਰਾਅ ਨੇ 1973 'ਚ ਏਜੰਟ ਬਣਾਇਆ ਸੀ ਅਤੇ ਕੁਝ ਸਾਲਾਂ ਬਾਅਦ ਉਸ ਨੂੰ 'ਰੈਜੀਡੈਂਟ ਏਜੰਟ' ਬਣਾ ਕੇ ਪਾਕਿਸਤਾਨ ਭੇਜ ਦਿੱਤਾ ਸੀ।

BLITZ AUTO CANADA

3207-97 Street, Edmonton, Alberta, T6N 1B7, Canada

Full Maintenance Service

- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER

Phone:780 463 2886

ਉਸ ਨੇ ਆਪਣਾ ਨਾਂਅ ਨਬੀ ਅਹਿਮਦ ਰੱਖ ਲਿਆ ਸੀ ਅਤੇ ਪਾਕਿਸਤਾਨ ਵਿਚ ਜਾ ਕੇ ਇਕ ਕਾਲਜ 'ਚ ਦਾਖ਼ਲਾ ਲਿਆ ਅਤੇ ਉੱਥੇ ਹੀ ਐਲ. ਐਲ.ਬੀ. ਦੀ ਡਿਗਰੀ ਕਰਨ ਤੋਂ ਬਾਅਦ ਪਾਕਿ ਫ਼ੌਜ 'ਚ ਕਲਰਕ ਭਰਤੀ ਹੋ ਗਿਆ। ਰਵਿੰਦਰ ਕੌਸ਼ਿਕ ਇੰਨਾ ਤੇਜ਼-ਤਰਾਰ ਭਾਰਤੀ ਜਾਸੂਸ ਸੀ ਕਿ ਉਸ ਨੇ ਵੱਡੇ-ਵੱਡੇ ਹੈਰਾਨੀਜਨਕ ਅਤੇ ਜ਼ੋਖ਼ਮ ਭਰਪੂਰ ਕਾਰਨਾਮੇ ਕੀਤੇ, ਜਿਸ ਕਾਰਨ ਭਾਰਤੀ ਖ਼ੁਫ਼ੀਆ ਏਜੰਸੀਆਂ ਵੱਲੋਂ ਉਸ ਨੂੰ 'ਬਲੈਕ ਟਾਈਗਰ' ਦਾ ਨਾਂਅ ਦਿੱਤਾ ਗਿਆ। ਇਹ ਉਹੀ 'ਬਲੈਕ ਟਾਈਗਰ' ਸੀ, ਜਿਸ ਦੇ ਜੀਵਨ 'ਤੇ ਆਧਾਰਤ ਹੀ ਪਿਛਲੇ ਵਰ੍ਹੇ ਸਲਮਾਨ ਖ਼ਾਨ ਦੀ ਐਕਸ਼ਨ ਭਰਪੂਰ ਫ਼ਿਲਮ 'ਏਕ ਥਾ ਟਾਈਗਰ' ਬਣੀ ਸੀ। ਉਸ ਨੇ 15 ਸਾਲ ਤਕ ਲਗਾਤਾਰ ਪਾਕਿਸਤਾਨੀ ਫ਼ੌਜ ਵਿਚ ਨੌਕਰੀ ਕੀਤੀ, ਉਥੋਂ ਦੇ ਵੱਡੇ ਫ਼ੌਜੀ ਅਫ਼ਸਰ ਦੀ ਕੁੜੀ ਨਾਲ ਵਿਆਹ ਵੀ ਕਰਵਾਇਆ ਪਰ ਕਿਸੇ ਨੂੰ ਇਹ ਭਿਣਕ ਤਕ ਨਾ ਲੱਗੀ ਕਿ ਉਹ ਅਸਲ ਵਿਚ ਭਾਰਤੀ ਨਾਗਰਿਕ ਅਤੇ ਭਾਰਤੀ ਜਾਸੂਸ ਹੈ। ਫੜੇ ਜਾਣ ਤੋਂ ਬਾਅਦ ਉਹ 18 ਸਾਲ ਤਕ ਲਗਾਤਾਰ ਪਾਕਿਸਤਾਨ ਦੀ ਜੇਲ੍ਹ ਵਿਚ ਨਜ਼ਰਬੰਦ ਰਿਹਾ ਅਤੇ ਉੱਥੇ ਹੀ ਉਸ ਦੀ ਬਿਮਾਰੀ ਕਾਰਨ ਸਾਲ 2001 ਦੌਰਾਨ ਉਸ ਦੀ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਨੂੰ ਵੀ ਆਪਣੇ ਵਤਨ ਦੀ ਮਿੱਟੀ ਨਸੀਬ ਨਾ ਹੋਈ। ਹੁਣ ਉਸ ਦਾ ਪਰਿਵਾਰ ਰਾਜਸਥਾਨ ਦੇ ਮਾਰੂਥਲ ਵਿਚ ਮਾੜੇ ਹਾਲੀਂ ਜ਼ਿੰਦਗੀ ਜੀਅ ਰਿਹਾ ਹੈ।

ਦੂਜੇ ਵਰਗ ਦੇ ਜਾਸੂਸ ਉਹ ਹੁੰਦੇ ਹਨ, ਜਿਨ੍ਹਾਂ ਦਾ ਕੰਮ 'ਰੈਜ਼ੀਡੈਂਟ ਏਜੰਟਾਂ' ਨੂੰ ਵਿੱਤੀ ਮਦਦ ਪਹੁੰਚਾਉਣਾ ਅਤੇ ਉਨ੍ਹਾਂ ਕੋਲੋਂ ਖ਼ੁਫ਼ੀਆ ਜਾਣਕਾਰੀਆਂ ਹਾਸਲ ਕਰ ਕੇ ਏਜੰਸੀਆਂ ਤਕ ਪਹੁੰਚਾਉਣਾ ਹੁੰਦਾ ਹੈ। ਅਜਿਹੇ ਲੋਕ ਸਰਹੱਦ ਪਾਰ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਆਉਂਦੇ-ਜਾਂਦੇ ਰਹਿੰਦੇ ਹਨ। ਤੀਜੀ ਕਿਸਮ ਦੇ ਜਾਸੂਸਾਂ ਨੂੰ 'ਗਾਈਡ' ਆਖਿਆ ਜਾਂਦਾ ਹੈ। ਇਨ੍ਹਾਂ ਦਾ ਕੰਮ ਜਾਸੂਸਾਂ ਨੂੰ ਸਰਹੱਦ ਪਾਰ ਕਰਵਾਉਣਾ ਹੁੰਦਾ ਹੈ। ਦੁਖਾਂਤ ਇਹ ਹੈ ਕਿ ਜਾਸੂਸਾਂ ਨੂੰ ਮਿਹਨਤਾਨਾ ਵੀ ਕੋਈ ਸੌਖਿਆਂ ਨਹੀਂ ਮਿਲਦਾ। ਕਈ ਜਾਸੂਸਾਂ ਨੂੰ ਹਰ ਮਹੀਨੇ ਨੀਯਤ ਰਕਮ ਦਿੱਤੀ ਜਾਂਦੀ ਹੈ, ਕਈਆਂ ਨੂੰ ਸਰਹੱਦ ਪਾਰ ਹਰ 'ਮਿਸ਼ਨ' ਨੂੰ ਪੂਰਾ ਕਰਨ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਹਨ। ਸਾਬਕਾ ਭਾਰਤੀ ਜਾਸੂਸ ਦੱਸਦੇ ਹਨ ਕਿ ਖ਼ੁਫ਼ੀਆ ਏਜੰਸੀਆਂ 'ਚ ਵੀ ਭ੍ਰਿਸ਼ਟਾਚਾਰ ਅਤੇ ਹਫ਼ਤਾ ਵਸੂਲੀ ਵਰਗੀਆਂ ਅਲਾਮਤਾਂ ਹਨ। ਕਈ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀ ਤਾਂ ਜਾਸੂਸਾਂ ਕੋਲੋਂ ਵੀ ਮਿਹਨਤਾਨੇ ਵਿਚੋਂ ਕਮਿਸ਼ਨ ਦੀ ਮੰਗ ਕਰਨ ਲੱਗ ਜਾਂਦੇ ਹਨ। ਜਾਸੂਸ ਦੀ ਇਕੋ ਇਕ ਅਜਿਹੀ ਨੌਕਰੀ ਹੈ, ਜਿਸ ਸਬੰਧੀ ਕੋਈ ਲਿਖਤ-ਪੜ੍ਹਤ ਨਹੀਂ ਕੀਤੀ ਜਾਂਦੀ। ਸਾਰਾ ਕੰਮ ਜ਼ੁਬਾਨੀ ਹੀ ਚੱਲਦਾ ਹੈ।

# ਖ਼ੁਫ਼ੀਆ ਏਜੰਸੀਆਂ ਦਾ ਜਾਸੂਸਾਂ ਪ੍ਰਤੀ ਅਣਮਨੁੱਖੀ ਰਵੱਈਆ

ਕਿਸੇ ਏਜੰਟ ਨੂੰ ਕੋਈ ਵੀ ਖ਼ੁਫ਼ੀਆ ਏਜੰਸੀ ਬਹੁਤੀ ਦੇਰ ਆਪਣੇ ਨਾਲ ਨਹੀਂ ਰੱਖਦੀ, ਸਗੋਂ ਮਿਸ਼ਨ ਪੂਰਾ ਹੋਣ ਤੋਂ ਬਾਅਦ ਦੂਜੀ ਏਜੰਸੀ ਕੋਲ ਭੇਜ ਦਿੱਤਾ ਜਾਂਦਾ ਹੈ ਅਤੇ ਫ਼ਿਰ ਅੱਗੋਂ ਤੀਜੀ ਏਜੰਸੀ ਕੋਲ। ਅਜਿਹਾ ਇਸ ਕਰ ਕੇ ਹੁੰਦਾ ਹੈ ਤਾਂ ਜੋ ਕੋਈ ਜਾਸੂਸ ਪੱਕੀ ਨੌਕਰੀ ਦਾ ਦਾਅਵਾ ਨਾ ਕਰ ਸਕੇ। ਆਪਣੀਆਂ ਹੀ ਏਜੰਸੀਆਂ ਦਾ ਜਾਸੂਸ ਜਦੋਂ ਗੁਆਂਢੀ ਦੇਸ਼ ਵਿਚ ਫੜਿਆ ਜਾਵੇ ਤਾਂ ਉਸ ਦੀ ਕੋਈ ਸਹਾਇਤਾ ਕਰਨੀ ਤਾਂ ਦੂਰ, ਸਗੋਂ ਜੇਕਰ ਉਹ ਖ਼ੁਸ਼ਕਿਸਮਤੀ ਨਾਲ ਉਥੇ ਸਜ਼ਾ ਪੂਰੀ ਕਰ ਕੇ ਪਰਤ ਆਉਂਦਾ ਹੈ ਤਾਂ ਉਸ 'ਤੇ ਫ਼ਿਰ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਅਸਲ ਵਿਚ ਜਾਸੂਸੀ ਦਾ ਖੇਤਰ ਇੰਨਾ ਮੱਕਾਰੀ ਭਰਿਆ, ਧੋਖੇ ਅਤੇ ਬੇਵਿਸ਼ਵਾਸੀ ਦੀ ਡੂੰਘੀ ਦਲਦਲ ਹੈ ਕਿ ਦੁਸ਼ਮਣ ਦੇਸ਼ ਦੇ ਫੜੇ ਗਏ ਜਾਸੂਸ 'ਤੇ ਜੇਲ੍ਹ ਵਿਚ ਅੰਨ੍ਹੇਵਾਹ ਤਸ਼ੱਦਦ ਕਰ ਕੇ ਮੁੜ ਆਪਣੇ ਲਈ ਜਾਸੂਸੀ ਕਰਨ ਵਾਸਤੇ ਰਾਜ਼ੀ ਕਰ ਲਿਆ ਜਾਂਦਾ ਹੈ। ਰਿਹਾਅ ਕਰਨ ਦਾ ਲਾਲਚ ਵੀ ਦਿੱਤਾ ਜਾਂਦਾ ਹੈ। ਜਾਸੂਸੀ ਦੀ ਭਾਸ਼ਾ ਵਿਚ ਅਜਿਹੇ ਲੋਕਾਂ ਨੂੰ 'ਡਬਲ ਏਜੰਟ' ਆਖਿਆ ਜਾਂਦਾ ਹੈ। ਡਬਲ ਏਜੰਟ ਬਣਨ ਦੀ ਪ੍ਰਕਿਰਿਆ ਕਿੰਨੀ ਫ਼ਿਲਮੀ ਅਤੇ ਨਾਟਕੀ ਹੁੰਦੀ ਹੈ, ਇਸ ਦਾ ਜ਼ਿਕਰ ਭਾਰਤੀ ਖ਼ੁਫ਼ੀਆ ਏਜੰਸੀਆਂ ਲਈ ਲੰਬਾ ਸਮਾਂ ਪਾਕਿਸਤਾਨ 'ਚ ਜਾਸੂਸੀ ਦੇ ਦੋਸ਼ ਹੇਠ 18 ਸਾਲ ਕੈਦ ਕੱਟਣ ਵਾਲੇ ਮੋਹਨ ਲਾਲ ਭਾਸਕਰ ਆਪਣੀ ਸਵੈ ਜੀਵਨੀ 'ਮੈਂ ਸਾਂ ਪਾਕਿਸਤਾਨ 'ਚ ਭਾਰਤ ਦਾ ਜਾਸੂਸ' ਵਿਚ ਕਰਦਿਆਂ ਲਿਖਦੇ ਹਨ - ਮੈਨੂੰ ਦੁਸ਼ਮਣ ਦੇਸ਼ ਦਾ ਅਧਿਕਾਰੀ ਬੋਲਿਆ, "ਦੇਖ, ਬੇਵਕੂਫ਼ੀ ਵਾਲੀ ਗੱਲ ਨਾ ਕਰ, ਅਸੀਂ ਤੈਨੂੰ ਇਕ ਮੌਕਾ ਦੇ ਰਹੇ ਹਾਂ। ਭਾਰਤ ਵਾਲਿਆਂ ਨੇ ਤੁਹਾਡੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਜੇਕਰ ਤੂੰ 10-15 ਸਾਲ ਬਾਅਦ ਪਰਤ ਵੀ ਗਿਆ ਤਾਂ ਉਹੀ ਤੈਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਗੇ। ਜਿਹੜੇ ਅਫ਼ਸਰਾਂ ਨੇ ਤੈਨੂੰ ਭੇਜਿਆ, ਉਹ ਹੀ ਤੈਨੂੰ ਪਛਾਣਨ ਤੋਂ ਨਾਂਹ ਕਰ ਦੇਣਗੇ। ਆਪਣੀ ਮਾਂ, ਪਤਨੀ ਅਤੇ ਬੱਚਿਆਂ ਬਾਰੇ ਸੋਚ, ਜਿਹੜੇ ਉੱਥੇ ਮਰ-ਮਰ ਕੇ ਜੀਅ ਰਹੇ ਹੋਣਗੇ। ਅਸੀਂ ਜੇਲ੍ਹ ਤੋਂ ਤੇਰੇ ਫ਼ਰਾਰ ਹੋਣ ਦਾ ਨਾਟਕ ਰਚਾਂਗੇ। ਤੇਰੀ ਫ਼ਰਾਰੀ ਦੀ ਖ਼ਬਰ ਅਖ਼ਬਾਰਾਂ ਅਤੇ ਰੇਡੀਓ 'ਚ ਦੇਵਾਂਗੇ... ਤੂੰ ਸਿਰਫ਼ ਇੰਨਾ ਹੀ ਕਰਨਾ ਹੈ ਕਿ ਜਾਂ ਤਾਂ ਕਿਸੇ ਤਰ੍ਹਾਂ ਖ਼ਤ ਲਿਖ ਕੇ ਆਪਣੇ ਮਾਂ-ਪਿਓ ਨੂੰ ਇੱਥੇ ਬੁਲਾ ਲੈ ਜਾਂ ਆਪਣੀ ਪਤਨੀ ਜਾਂ ਭੈਣ ਨੂੰ। ਉਹ ਜ਼ਮਾਨਤ ਦੇ ਤੌਰ 'ਤੇ ਸਾਡੇ ਕੋਲ ਰਹਿਣਗੇ। ਅਸੀਂ ਉਨ੍ਹਾਂ ਨੂੰ ਮਹਿਮਾਨਾਂ ਵਾਂਗ ਰੱਖਾਂਗੇ। ਜਦੋਂ ਤੂੰ ਪੰਜ ਸਾਲ ਤਕ ਸਾਡੇ ਲਈ ਕੰਮ ਕਰ ਚੁੱਕਾ ਹੋਵੇਂਗਾ ਤਾਂ ਅਸੀਂ ਉਨ੍ਹਾਂ ਨੂੰ ਵਾਪਸ ਭੇਜ ਦੇਵਾਂਗੇ।"

ਮਹੱਤਵਪੂਰਨ ਗੱਲ ਹੈ ਕਿ ਖ਼ੁਫ਼ੀਆ ਏਜੰਸੀਆਂ ਜਾਸੂਸ ਨੂੰ ਭਰਤੀ ਕਰਨ ਵੇਲੇ ਸਿਖਲਾਈ ਦਿੰਦਿਆਂ ਹੀ ਪੱਕਾ ਕਰ ਦਿੰਦੀਆਂ ਹਨ ਕਿ ਉਸ ਦੇ 'ਮਿਸ਼ਨ' ਬਾਰੇ ਕਿਸੇ ਨੂੰ ਵੀ ਪਤਾ ਨਹੀਂ ਲੱਗਣਾ ਚਾਹੀਦਾ, ਇੱਥੋਂ ਤਕ ਕੇ ਪਤਨੀ, ਬੱਚਿਆਂ ਅਤੇ ਪਰਿਵਾਰ ਨੂੰ ਵੀ। ਕਰਾਮਾਤ ਰਾਹੀ ਨਾਂ ਦਾ ਸਾਬਕਾ ਜਾਸੂਸ ਦੱਸਦਾ ਹੈ ਕਿ, "ਮੈਂ ਕਈ ਸਾਲ ਭਾਰਤੀ ਏਜੰਸੀਆਂ ਲਈ ਜਾਸੂਸੀ ਕਰਦਾ ਰਿਹਾ ਪਰ ਮੇਰੀ ਪਤਨੀ ਤਕ ਨੂੰ ਪਤਾ ਨਹੀਂ ਸੀ ਕਿ ਮੈਂ ਜਾਸੂਸ ਹਾਂ।" ਇਸੇ ਕਾਰਨ ਹੀ ਬਹੁਤ ਸਾਰੇ ਪਾਕਿਸਤਾਨ ਵਿਚ ਫੜੇ ਗਏ ਜਾਸੂਸਾਂ ਬਾਰੇ ਉਨ੍ਹਾਂ ਦੇ ਘਰਦਿਆਂ ਨੂੰ ਕਈ-ਕਈ ਸਾਲਾਂ ਤਕ ਪਤਾ ਨਹੀਂ ਲੱਗਦਾ। ਜਦੋਂ ਕਿਤੇ ਕੋਈ ਕੈਦੀ ਸਜ਼ਾ ਪੂਰੀ ਕਰ ਕੇ ਵਤਨ ਆਉਂਦਾ ਤਾਂ ਉਹ ਉੱਥੇ ਨਾਲ ਦੇ ਕੈਦੀਆਂ ਦੇ ਸੁਨੇਹੇ-ਪਤੇ ਉਨ੍ਹਾਂ ਦੇ ਘਰਦਿਆਂ ਨੂੰ ਦਿੰਦਾ ਹੈ, ਜਿਸ ਤੋਂ ਬਾਅਦ ਉਨ੍ਹਾਂ ਦੇ ਵਾਰਸਾਂ ਨੂੰ ਪਤਾ ਲੱਗਦਾ ਹੈ ਕਿ ਉਹ ਪਾਕਿਸਤਾਨ ਦੀ ਜੇਲ੍ਹ ਵਿਚ ਹਨ। ਪਿਛਲੇ ਸਾਲ 31 ਵਰ੍ਹਿਆਂ ਬਾਅਦ ਰਿਹਾਅ ਹੋ ਕੇ ਆਇਆ ਸੁਰਜੀਤ ਸਿੰਘ ਸੰਨ 1982 'ਚ ਪਾਕਿਸਤਾਨ 'ਚ ਜਾਸੂਸੀ ਕਰਨ ਦੇ ਦੋਸ਼ 'ਚ ਫੜਿਆ ਗਿਆ ਸੀ। ਉਸ ਦੇ ਘਰ ਵਾਲਿਆਂ ਨੂੰ ਉਸ ਬਾਰੇ 23 ਸਾਲਾਂ ਬਾਅਦ ਉਦੋਂ ਪਤਾ ਲੱਗਾ ਜਦੋਂ ਪਾਕਿਸਤਾਨ ਤੋਂ ਇਕ ਭਾਰਤੀ ਕੈਦੀ ਰਿਹਾਅ ਹੋ ਕੇ ਆਇਆ ਤਾਂ ਉਸ ਨੇ ਸੁਰਜੀਤ ਦੀ ਪਤਨੀ ਨੂੰ ਉਸ ਦੀ ਲਿਖੀ ਚਿੱਠੀ ਸੌਂਪੀ। ਸੁਰਜੀਤ ਦੀ ਪਤਨੀ ਨੂੰ ਕਿੰਨਾ ਚਿਰ ਤਾਂ ਇਸ ਚਿੱਠੀ 'ਤੇ ਯਕੀਨ ਨਹੀਂ ਸੀ ਆਇਆ। ਸੁਰਜੀਤ ਹੀ ਨਹੀਂ, ਸੈਂਕੜੇ ਅਜਿਹੇ ਭਾਰਤੀ ਕੈਦੀ ਹਨ, ਜਿਹੜੇ 'ਜਾਸੂਸੀ' ਕਰਨ ਦੇ ਦੋਸ਼ਾਂ 'ਚ ਪਾਕਿਸਤਾਨੀ ਜੇਲ੍ਹਾਂ ਵਿਚ ਬੰਦ ਹਨ ਪਰ ਉਨ੍ਹਾਂ ਦੇ ਵਾਰਸਾਂ ਨੂੰ ਦਹਾਕਿਆਂ ਬਾਅਦ ਉਨ੍ਹਾਂ ਦਾ ਪਤਾ ਲੱਗਦਾ ਹੈ। ਇਸੇ ਤਰ੍ਹਾਂ ਭਾਰਤੀ ਜੇਲ੍ਹਾਂ ਵਿਚ ਵੀ ਇਹੋ-ਜਿਹੀ ਹਾਲਤ 'ਚ ਪਾਕਿਸਤਾਨੀ ਕੈਦੀ ਜੀਅ ਰਹੇ ਹਨ।

ਸਰਬਜੀਤ ਸਿੰਘ ਦੇ ਜਿਊਂਦੇ ਜੀਅ ਤੇ ਨਹੀਂ, ਮਰਨ ਤੋਂ ਬਾਅਦ 'ਰਾਅ' ਦੇ ਇਕ ਸਾਬਕਾ ਅਧਿਕਾਰੀ ਨੇ ਮੀਡੀਆ 'ਚ ਖ਼ੁਲਾਸਾ ਕੀਤਾ ਹੈ ਕਿ ਸਰਬਜੀਤ 'ਰਾਅ' ਦਾ ਹੀ ਏਜੰਟ ਸੀ ਅਤੇ ਉਸ ਨੂੰ ਇਕ ਖ਼ਾਸ ਤੇ ਜ਼ੋਖ਼ਮ ਭਰਪੂਰ ਮਿਸ਼ਨ ਪੂਰਾ ਕਰਨ ਲਈ ਪਾਕਿਸਤਾਨ ਭੇਜਿਆ ਗਿਆ ਸੀ, ਜਿਸ ਨੂੰ ਪੂਰਾ ਕਰਨ ਤੋਂ ਬਾਅਦ ਉਹ ਫ਼ੜਿਆ ਗਿਆ। ਲਿਹਾਜ਼ਾ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਵੀ ਸਰਬਜੀਤ ਦੇ ਪਰਿਵਾਰ ਨੂੰ ਵੱਡੀ ਆਰਥਕ ਮਦਦ ਦੇਣ ਦਾ ਸਿਧਾਂਤਕ ਕਾਰਨ ਇਹੀ ਹੋ ਸਕਦਾ ਹੈ ਕਿ ਸਰਬਜੀਤ ਨੇ ਦੇਸ਼ ਦੀ ਖ਼ੁਫ਼ੀਆ ਏਜੰਸੀ ਲਈ ਕੰਮ ਕਰਦਿਆਂ ਆਪਣੀ ਜਾਨ ਵਾਰ ਦਿੱਤੀ ਹੈ। ਇਸੇ ਦੌਰਾਨ ਪਿਛਲੇ ਦਹਾਕਿਆਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਲੰਬੀਆਂ ਸਜ਼ਾਵਾਂ ਭੁਗਤ ਕੇ ਪਰਤੇ ਸਾਬਕਾ ਜਾਸੂਸਾਂ ਨੇ ਵੀ ਅੱਗੇ ਆਉਂਦਿਆਂ ਜਿੱਥੇ ਹੁਣ ਤਕ ਸਰਕਾਰਾਂ ਅਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਕੋਈ ਵੀ ਸਹਾਇਤਾ ਨਾ ਕਰਨ ਅਤੇ ਬੇਰੁਖ਼ੀ ਅਪਣਾਉਣ ਦੇ ਦੋਸ਼ ਲਗਾਏ ਹਨ, ਉੱਥੇ ਸਰਕਾਰ ਕੋਲੋਂ ਇਹ ਮੰਗ ਵੀ ਕੀਤੀ ਹੈ ਕਿ ਉਨ੍ਹਾਂ ਸਾਰਿਆਂ ਦੇ ਮੁੜ-ਵਸੇਬੇ ਲਈ ਢੁੱਕਵੀਂ ਆਰਥਕ ਮਦਦ ਦਿੱਤੀ ਜਾਵੇ। ਇਹ ਮੰਗ ਜਾਇਜ਼ ਵੀ ਹੈ ਕਿਉਂਕਿ ਅਜਿਹੇ ਸਾਬਕਾ ਜਾਸੂਸਾਂ ਨੇ ਦੇਸ਼ ਦੀਆਂ ਖ਼ੁਫ਼ੀਆ ਏਜੰਸੀਆਂ ਵੱਲੋਂ ਦੇਸ਼ ਭਗਤੀ ਦੇ ਜਜ਼ਬਾਤੀ ਪਾਠ ਪੜ੍ਹਾਉਣ ਕਾਰਨ ਹੀ ਆਪਣੇ ਪਰਿਵਾਰਾਂ ਦੇ ਹਸ਼ਰ ਦੀ ਪ੍ਰਵਾਹ ਕੀਤੇ ਬਗੈਰ ਆਪਣੀਆਂ ਜਾਨਾਂ 'ਤੇ ਪਹਾੜਾਂ ਜਿੱਡੇ ਲੰਬੇ ਕਸ਼ਟ ਝੱਲੇ ਹਨ। ਜਦੋਂ ਅਜਿਹੇ ਸਾਬਕਾ ਜਾਸੂਸ ਸਜ਼ਾਵਾਂ ਭੁਗਤ ਕੇ ਪਰਤਦੇ ਹਨ ਤਾਂ ਜਿਹੜੀਆਂ ਏਜੰਸੀਆਂ ਉਨ੍ਹਾਂ ਨੂੰ ਏਜੰਟ ਬਣਾਉਣ ਲਈ ਪੱਕੀਆਂ ਨੌਕਰੀਆਂ ਅਤੇ ਪਰਿਵਾਰਾਂ ਨੂੰ ਪਾਲਣ ਦੇ ਵਾਅਦੇ ਕਰਦੀਆਂ ਹਨ, ਉਹ ਮੁੜ ਪਛਾਣਨ ਤੋਂ ਵੀ ਇਨਕਾਰ ਕਰ ਦਿੰਦੀਆਂ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੀ ਖਾਈ ਫ਼ੇਮੇ ਕੀ ਦਾ ਗੁਰਬਖ਼ਸ਼ ਰਾਮ 1988 'ਚ ਉਸ ਵੇਲੇ ਖ਼ੁਫ਼ੀਆ ਏਜੰਸੀਆਂ ਦੇ ਚੁੰਗਲ 'ਚ ਫ਼ਸ ਗਿਆ ਸੀ, ਜਦੋਂ ਉਸ ਨੇ ਆਈ.ਟੀ.ਆਈ. ਕਰਨ ਤੋਂ ਬਾਅਦ ਜ਼ਿੰਦਗੀ ਨੂੰ ਪੈਰਾਂ ਸਿਰ ਖੜ੍ਹੇ ਕਰਨ ਦੇ ਸੁਪਨੇ ਪੂਰੇ ਕਰਨੇ ਸਨ। ਉਸ ਦੇ ਸਹਿਪਾਠੀ ਅੱਜ ਚੰਗੀਆਂ ਸਰਕਾਰੀ ਨੌਕਰੀਆਂ 'ਤੇ ਲੱਗੇ ਹੋਏ ਹਨ ਤੇ ਉਹ 2006 'ਚ ਪਾਕਿਸਤਾਨ ਤੋਂ ਰਿਹਾਅ ਹੋਣ ਤੋਂ ਬਾਅਦ ਅੱਜ-ਕੱਲ੍ਹ ਗੁਦਾਮਾਂ 'ਚ ਦਿਹਾੜੀ-ਦੱਪੇ ਕਰ ਕੇ ਢਿੱਡ ਦੀ ਅੱਗ ਬੁਝਾ ਰਿਹਾ ਹੈ। ਭਾਰਤ ਦੀ ਪ੍ਰਮੁੱਖ ਖ਼ੁਫ਼ੀਆ ਏਜੰਸੀ ਰਾਅ ਲਈ ਕੰਮ ਕਰ ਚੁੱਕੇ ਸਾਬਕਾ ਜਾਸੂਸ ਕਰਾਮਤ ਰਾਹੀ ਜਾਸੂਸਾਂ ਦੇ ਹਸ਼ਰ ਬਾਰੇ ਆਪਣੀ ਜ਼ਿੰਦਗੀ ਦੇ ਤਜ਼ਰਬੇ ਨੂੰ ਦੇਖਦਿਆਂ ਦੱਸਦੇ ਹਨ, "ਸਾਨੂੰ ਹੁਣ ਲੱਗਦਾ ਹੈ ਕਿ ਭਾਰਤ ਸਰਕਾਰ ਅਤੇ ਉਸ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਸਾਨੂੰ ਨੈਪਕਿਨ ਵਾਂਗ ਵਰਤ ਕੇ ਸੁੱਟ ਦਿੱਤਾ ਹੈ।"

ਭਾਰਤੀ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀ ਦੱਸਦੇ ਹਨ ਕਿ ਜਾਸੂਸੀ ਦੇ ਸਾਰੇ ਮਿਸ਼ਨ ਅਹਿਮ ਨਹੀਂ ਹੁੰਦੇ, ਸਗੋਂ ਕਈ ਮਿਸ਼ਨ ਤਾਂ ਖ਼ੁਫ਼ੀਆ ਅਧਿਕਾਰੀਆਂ ਦੀ ਸ਼ੇਖ਼ੀ ਜਾਂ ਬੇਵਕੂਫ਼ੀ ਦਾ ਕਾਰਨ ਹੁੰਦੇ ਹਨ, ਪਰ ਇਸ ਨਾਲ ਅਨੇਕਾਂ ਜਾਸੂਸਾਂ ਦੇ ਘਰ ਉੱਜੜ ਜਾਂਦੇ ਹਨ। ਖ਼ੁਫ਼ੀਆ ਏਜੰਸੀਆਂ ਨੇ ਹਾਲੇ ਤਕ ਦੁਸ਼ਮਣ ਦੇਸ਼ ਵਿਚ ਫੜੇ ਜਾਣ ਵਾਲੇ ਜਾਸੂਸਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਕੋਈ ਨੀਤੀ ਨਹੀਂ ਬਣਾਈ। ਇਕ ਪਾਸੇ ਦੁਸ਼ਮਣ ਦੇਸ਼ ਅੰਦਰ ਦਹਾਕਿਆਂ ਲੰਬੀ, ਮੌਤ ਨਾਲੋਂ ਬੁਰੀ ਸਜ਼ਾ ਭੁਗਤ ਕੇ ਪਰਤੇ ਤੇ ਦੂਜੇ ਪਾਸੇ ਆਪਣੇ ਦੇਸ਼ ਦੀ ਹਕੂਮਤ ਦੀ ਅਣਦੇਖੀ ਤੇ ਬੇਰੁਖ਼ੀ ਦੇ ਸ਼ਿਕਾਰ ਪੰਜਾਬ ਦੇ ਸਾਬਕਾ ਜਾਸੂਸਾਂ ਨੇ ਹੁਣ ਇਕ ਮੰਚ 'ਤੇ ਇਕੱਤਰ ਹੋ ਕੇ ਸਰਕਾਰ ਤਕ ਆਪਣੇ ਦੁੱਖ ਪਹੁੰਚਾਉਣ ਲਈ 'ਐਸਪਾਇਨੇਜ਼ ਵਿਕਟਿਮਜ਼ ਐਸੋਸੀਏਸ਼ਨ' (ਜਾਸੂਸੀ ਪੀੜਤ ਐਸੋਸੀਏਸ਼ਨ) ਨਾਂਅ ਦੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ ਹੈ।

## ਜਾਸੂਸਾਂ ਦਾ ਪਿੰਡ ਡਡਵਾਂ

ਗੁਰਦਾਸਪੁਰ ਜ਼ਿਲ੍ਹੇ ਦੇ ਜਾਸੂਸਾਂ ਦੇ ਪਿੰਡ ਵਜੋਂ ਜਾਣੇ ਜਾਂਦੇ ਡਡਵਾਂ ਦਾ ਕੋਈ ਘਰ ਅਜਿਹਾ ਨਹੀਂ ਹੈ, ਜਿਸ ਦਾ ਕੋਈ ਜੀਅ ਪਾਕਿਸਤਾਨ ਵਿਚ ਜਾਸੂਸੀ ਕਰਨ ਲਈ ਨਾ ਗਿਆ ਹੋਵੇ। ਇੱਥੋਂ ਦੇ ਗ਼ਰੀਬ ਅਤੇ ਪੱਛੜੇ ਵਰਗ ਦੇ ਲੋਕਾਂ ਦਾ ਕਿਸੇ ਸਮੇਂ ਰੁਜ਼ਗਾਰ ਦਾ ਵਸੀਲਾ ਹੀ ਜਾਸੂਸੀ ਸੀ। ਸੈਂਕੜੇ ਲੋਕ ਤਾਂ ਪਰਬਤਾਂ ਵਰਗੀਆਂ ਮੁਸੀਬਤਾਂ ਝੱਲਦਿਆਂ ਤੇ ਲੰਬੀਆਂ ਸਜ਼ਾਵਾਂ ਭੁਗਤ ਕੇ ਪਰਤ ਆਏ ਅਤੇ ਦਰਜਨਾਂ ਹਾਲੇ ਵੀ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਵਿਚੋਂ ਕਈਆਂ ਦੇ ਮਾਪਿਆਂ ਨੂੰ ਤਾਂ ਇਸ ਗੱਲ ਦਾ ਥਹੁ-ਪਤਾ ਵੀ ਨਹੀਂ ਹੈ।

ਇਸੇ ਪਿੰਡ ਦੇ 40 ਸਾਲਾ ਗੁਰਫ਼ਾਨ ਨੇ 1994 ਤੋਂ 1997 ਤਕ ਖ਼ੁਫ਼ੀਆ ਏਜੰਸੀਆਂ ਲਈ ਕੰਮ ਕੀਤਾ ਸੀ। ਕੁੱਝ ਸਮੇਂ ਬਾਅਦ ਜਦੋਂ ਗੁਰਫ਼ਾਨ ਨੂੰ ਜਾਸੂਸਾਂ ਦਾ ਆਪਣੇ ਦੇਸ਼ ਵੱਲੋਂ ਹੀ ਕੀਤੇ ਜਾਂਦੇ ਹਸ਼ਰ ਦਾ ਪਤਾ ਲੱਗਾ ਤਾਂ ਉਸ ਨੇ ਇਹ ਕੰਮ ਛੱਡਣ ਦਾ ਮਨ ਬਣਾ ਲਿਆ। ਗੁਰਫ਼ਾਨ ਦੱਸਦਾ ਹੈ, "ਜਦੋਂ ਮੈਂ ਜਾਸੂਸੀ ਛੱਡਣ ਬਾਰੇ ਅਫ਼ਸਰਾਂ ਨੂੰ ਦੱਸਿਆ ਤਾਂ ਉਨ੍ਹਾਂ ਬਹੁਤ ਜ਼ੋਰ ਲਗਾਇਆ ਕਿ ਮੈਂ ਉਨ੍ਹਾਂ ਲਈ ਕੰਮ ਕਰਦਾ ਰਹਾਂ। ਜਦੋਂ ਸਾਰੇ ਲਾਲਚ ਅਤੇ ਵਸੀਲੇ ਨਾ ਚੱਲੇ ਤਾਂ ਆਖ਼ਰ ਮੈਨੂੰ ਥੋੜ੍ਹੇ ਸਮੇਂ ਬਾਅਦ ਹੀ ਪਠਾਨਕੋਟ ਵਿਚ ਧਮਾਕਾ ਕਰਨ ਦੇ ਝੂਠੇ ਕੇਸ 'ਚ ਗ੍ਰਿਫ਼ਤਾਰ ਕਰਵਾ ਦਿੱਤਾ ਗਿਆ।" ਜਦੋਂ ਅਦਾਲਤ ਨੇ ਉਸ ਨੂੰ ਇਸ ਕੇਸ ਵਿਚੋਂ ਬਰੀ ਕੀਤਾ ਤਾਂ ਖ਼ੁਫ਼ੀਆ ਏਜੰਸੀਆਂ ਨੇ ਉਸ ਨੂੰ ਪਾਕਿਸਤਾਨ ਲਈ ਭਾਰਤ 'ਚ ਜਾਸੂਸੀ ਕਰਨ ਦਾ ਕੇਸ ਬਣਾ ਕੇ ਫ਼ਸਾ ਦਿੱਤਾ। ਲੰਬਾ ਸਮਾਂ ਜੇਲ੍ਹ 'ਚ ਰਹਿਣ ਤੋਂ ਬਾਅਦ ਗੁਰਫ਼ਾਨ ਜ਼ਮਾਨਤ 'ਤੇ ਰਿਹਾਅ ਹੋਇਆ। ਗੁਰਫ਼ਾਨ ਦੱਸਦਾ ਹੈ, "ਭਾਰਤੀ ਏਜੰਸੀਆਂ ਵਾਲੇ ਹਾਲੇ ਵੀ ਮੈਨੂੰ ਆਖਦੇ ਹਨ ਕਿ ਪਾਕਿਸਤਾਨ 'ਚ ਜਾਸੂਸੀ ਲਈ ਜਾਣ ਵਾਸਤੇ ਤਿਆਰ ਹੋ ਜਾ, ਤੇਰੇ ਖ਼ਿਲਾਫ਼ ਕੇਸ ਬੰਦ ਕਰਵਾ ਦਿਆਂਗੇ।"

## ਕੰਮ ਪੂਰਾ ਹੋਣ 'ਤੇ ਖ਼ੁਦ ਫ਼ਸਾ ਦਿੰਦੀਆਂ ਨੇ ਏਜੰਸੀਆਂ

ਗੁਰਦਾਸਪੁਰ ਦੇ ਭੈਣੀ ਮੀਆਂ ਖਾਂ ਦਾ ਵਸਨੀਕ ਗੋਪਾਲ ਦਾਸ ਦਸਵੀਂ ਪਾਸ ਕਰਨ ਤੋਂ ਬਾਅਦ 1978 ਦੌਰਾਨ 'ਰਾਅ' ਦੇ ਸੰਪਰਕ 'ਚ ਆ ਗਿਆ ਸੀ। ਉਸ ਨੂੰ 175 ਰੁਪਏ ਮਹੀਨਾ ਤਨਖ਼ਾਹ 'ਤੇ ਜਾਸੂਸੀ ਕਰਨ ਲਈ ਪਾਕਿਸਤਾਨ ਭੇਜ ਦਿੱਤਾ ਗਿਆ। 26 ਜੁਲਾਈ 1984 ਨੂੰ ਗੋਪਾਲ ਦਾਸ ਆਮ ਵਾਂਗ ਏਜੰਸੀ ਅਤੇ ਬੀ.ਐਸ.ਐਫ਼. ਵਾਲਿਆਂ ਦੀ ਮਦਦ ਨਾਲ ਸਰਹੱਦ ਪਾਰ ਕਰ ਕੇ ਪਾਕਿਸਤਾਨ ਦੀ ਧਰਤੀ 'ਤੇ ਦਾਖ਼ਲ ਹੋਇਆ ਤਾਂ ਉੱਥੇ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਪਹਿਲਾਂ ਹੀ ਉਡੀਕ ਰਹੇ ਫ਼ੀਲਡ ਇੰਟੈਲੀਜੈਂਸ ਯੂਨਿਟ ਦੇ ਅਧਿਕਾਰੀਆਂ ਨੇ ਉਸ ਨੂੰ ਫੜ ਲਿਆ। ਉਸ ਨੇ ਜਦੋਂ ਕੋਈ ਵੀ ਭੇਤ ਨਾ ਦਿੱਤਾ ਤਾਂ ਉਸ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ 'ਰਾਅ' ਦੇ ਇਕ ਅਫ਼ਸਰ ਦਾ ਨਾਂਅ ਲੈ ਕੇ ਦੱਸ ਦਿੱਤਾ ਕਿ ਸਾਨੂੰ 'ਮਨਕੋਟੀਏ' ਨੇ ਤੇਰੇ ਬਾਰੇ ਸਾਰਾ ਕੁੱਝ ਦੱਸ ਦਿੱਤਾ ਹੈ। ਗੋਪਾਲ ਦਾਸ ਦੱਸਦਾ ਹੈ, "ਦੁਨੀਆ ਦਾ ਕੋਈ ਵੀ ਅਜਿਹਾ ਘਟੀਆ ਅਤੇ ਘਿਨਾਉਣਾ ਤਸ਼ੱਦਦ ਨਹੀਂ ਹੋਵੇਗਾ, ਜਿਸ ਨੂੰ ਪਾਕਿਸਤਾਨੀ ਫ਼ੌਜ ਨੇ ਮੇਰੇ 'ਤੇ ਨਾ ਅਜ਼ਮਾਇਆ ਹੋਵੇ। ਪੰਦਰਾਂ ਦਿਨਾਂ ਤਕ ਅੰਨ ਦਾ ਇਕ ਦਾਣਾ ਵੀ ਖਾਣ ਨੂੰ ਨਹੀਂ ਮਿਲਿਆ। ਪਾਣੀ ਮਿਲਦਾ ਤਾਂ ਉਹ ਵੀ ਜੀਭ ਗਿੱਲੀ ਕਰਨ ਜੋਗਾ ਹੀ। ਨਹੁੰਆਂ ਨੂੰ ਖਿੱਚਣ, ਗੁਪਤ ਅੰਗਾਂ 'ਤੇ ਮਿਰਚ ਪਾਊਡਰ ਲਾਉਣ, ਜ਼ਖ਼ਮਾਂ ਉਪਰ ਨਮਕ ਰਗੜਨ ਤੋਂ ਇਲਾਵਾ ਜੋ ਕੁੱਝ ਵੀ ਉਹ ਕਰ ਸਕਦੇ ਸੀ, ਤਸ਼ੱਦਦ ਵਜੋਂ ਕੀਤਾ।" ਵੀਹ ਸਾਲਾਂ ਬਾਅਦ ਗੋਪਾਲ ਦਾਸ ਦੇ ਘਰਦਿਆਂ ਨੂੰ ਪਤਾ ਲੱਗਿਆ ਕਿ ਉਹ ਕਿੱਥੇ ਹੈ। ਪਾਕਿਸਤਾਨ 'ਚ 25 ਸਾਲ ਕੈਦ ਭੁਗਤਣ ਤੋਂ ਬਾਅਦ ਭਾਰਤੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਮਾਰਕੰਡੇ ਕਾਟਜੂ ਵਲੋਂ ਗੋਪਾਲ ਦਾਸ ਦੇ ਪਰਿਵਾਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪਾਕਿ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੂੰ ਆਖਣ ਤੋਂ ਬਾਅਦ ਉਸ ਦੀ ਰਿਹਾਈ ਹੋਈ। 52 ਸਾਲ ਦੀ ਉਮਰ 'ਚ ਉਸ ਨੇ ਵਿਆਹ ਕੀਤਾ। ਪਰਿਵਾਰ ਚਲਾਉਣ ਲਈ ਗੋਪਾਲ ਦਾਸ ਸ਼ਿਮਲਾ 'ਚ ਟੈਕਸੀ ਚਲਾਉਂਦਾ ਹੈ।

## ਮੌਤੋਂ ਬੁਰਾ ਤਸ਼ੱਦਦ

ਜਾਸੂਸਾਂ ਦੇ ਦੁਸ਼ਮਣ ਦੇਸ਼ 'ਚ ਫੜੇ ਜਾਣ 'ਤੇ ਜਿਸ ਤਰ੍ਹਾਂ ਦਾ ਤਸ਼ੱਦਦ ਅਤੇ ਪੁੱਛਗਿੱਛ ਕੀਤੀ ਜਾਂਦੀ ਹੈ, ਉਹ ਦਿਲ ਦਹਿਲਾਉਣ ਵਾਲੀ ਅਤੇ ਮੌਤ ਤੋਂ ਵੀ ਭਿਆਨਕ ਹੁੰਦੀ ਹੈ। ਫੜੇ ਜਾਣ ਤੋਂ ਬਾਅਦ ਜਾਸੂਸਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਉਨ੍ਹਾਂ ਨੂੰ ਸੁਰੱਖਿਆ ਏਜੰਸੀਆਂ ਦੇ ਇੰਟੈਰੋਗੇਸ਼ਨ ਸੈਂਟਰ 'ਚ ਛੋਟੀ ਜਿਹੀ ਅਤੇ ਰੌਸ਼ਨੀ ਤੋਂ ਰਹਿਤ, ਸਿਰਫ਼ ਸਾਹ ਲੈਣ ਜੋਗੀ ਹਵਾ ਵਾਲੀ ਕੋਠੜੀ 'ਚ ਰੱਖਿਆ ਜਾਂਦਾ ਹੈ। ਦੁਨੀਆ ਭਰ ਦਾ ਹਰ ਘਿਨਾਉਣਾ ਤਸ਼ੱਦਦ ਕੀਤਾ ਜਾਂਦਾ ਹੈ। ਕਈ ਸਾਬਕਾ ਜਾਸੂਸ ਦੱਸਦੇ ਹਨ ਕਿ, ਇਹ ਘੋਰ ਤਸ਼ੱਦਦ ਦਾ ਅਜਿਹਾ ਸਮਾਂ ਹੁੰਦਾ ਹੈ ਕਿ ਬੰਦਾ ਸੋਚਦੈ ਕਿ ਕੋਈ ਆਵੇ ਤੇ ਮੈਨੂੰ ਗੋਲੀ ਹੀ ਮਾਰ ਦੇਵੇ। ਇਹ ਤਸ਼ੱਦਦ ਦੀ ਪ੍ਰਕਿਰਿਆ ਫੜੇ ਜਾਣ ਤੋਂ ਲੈ ਕੇ ਅਗਲੇ ਤਿੰਨ ਸਾਲਾਂ ਤੋਂ ਪੰਜ ਸਾਲਾਂ ਤਕ ਚੱਲਦੀ ਹੈ। ਫੜੇ ਜਾਣ ਤੋਂ ਬਾਅਦ ਸਾਰੇ ਜਾਸੂਸਾਂ ਨੂੰ ਇਸ ਪੜਾਅ ਵਿਚੋਂ ਲੰਘਣਾ ਪੈਂਦਾ ਹੈ। ਬਹੁਤ ਸਾਰੇ ਜਾਸੂਸ ਤਾਂ ਇਸ ਦੌਰਾਨ ਤਸ਼ੱਦਦ ਨਾ ਸਹਾਰਦਿਆਂ ਮਰ ਜਾਂਦੇ ਹਨ, ਜਿਹੜੇ ਬਚ ਜਾਣ ਉਨ੍ਹਾਂ 'ਤੇ ਅਦਾਲਤੀ ਮਾਮਲਾ ਚਲਾਇਆ ਜਾਂਦਾ ਹੈ। ਸਾਰੀਆਂ ਜਾਣਕਾਰੀਆਂ ਹਾਸਲ ਕਰਨ ਤੋਂ ਬਾਅਦ ਦੁਸ਼ਮਣ ਦੇਸ਼ ਵੱਲੋਂ ਜਾਸੂਸ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਇਸ ਦੌਰਾਨ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਦੂਜੇ ਦੇਸ਼ ਦੇ ਜਾਸੂਸ ਨੂੰ ਇੰਨਾ ਜ਼ਿਆਦਾ ਮਾਨਸਿਕ ਅਤੇ ਸਰੀਰਕ ਰੂਪ 'ਚ ਤੰਗ ਕੀਤਾ ਜਾਵੇ ਕਿ ਉਹ ਸਿਰਫ਼ ਜਿਊਂਦੀ ਲੋਥ ਹੀ ਰਹਿ ਜਾਵੇ। ਜਦੋਂ ਅਦਾਲਤ ਸਜ਼ਾ ਦਾ ਐਲਾਨ ਕਰ ਦੇਵੇ ਤਾਂ ਜਾ ਕੇ ਜਾਸੂਸ ਦੀ ਜਾਨ 'ਚ ਜਾਨ ਆਉਂਦੀ। ਹਰ ਜਾਸੂਸ ਚਾਹੁੰਦਾ ਹੈ ਕਿ ਉਸ ਨੂੰ ਜਲਦੀ ਸਜ਼ਾ ਹੋ ਜਾਵੇ ਕਿਉਂਕਿ ਇਸ ਤੋਂ ਬਾਅਦ ਹੀ ਉਸ ਦੇ ਜ਼ਿੰਦਾ ਬਚਣ ਦੀ ਉਮੀਦ ਬਣਦੀ ਹੈ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 40

# ਸਹੁਰੇ ਨੇ ਮਾਰੀ ਸੀ ਬੋਲੀ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

ਪਿਛਲੇ ਦਿਨੀਂ ਮੈਂ ਗੜ੍ਹਸ਼ੰਕਰ ਨੇੜੇ ਪਿੰਡ ਬਹਿਰਾਮਪੁਰ ਵਿਚ ਲੋਕ-ਗੀਤ ਇਕੱਠੇ ਕਰਨ ਦੇ ਮੰਤਵ ਨਾਲ ਗਿਆ। ਮੈਨੂੰ ਹੈਰਾਨੀ ਹੋਈ ਕਿ ਜਿਨ੍ਹਾਂ ਔਰਤਾਂ ਤੋਂ ਮੈਂ ਗੀਤ ਸੁਣ ਰਿਹਾ ਸਾਂ, ਉਨ੍ਹਾਂ ਵਿਚ ਅੱਸੀ ਸਾਲ ਦੀ ਬਜ਼ੁਰਗ ਔਰਤ ਵੀ ਸੀ, ਪਰ ਉਹ ਮੁੰਡੇ ਦੇ ਜੰਮਣ 'ਤੇ ਗਾਈਆਂ ਜਾਂਦੀਆਂ ਬ੍ਹਿਆਈਆਂ ਵਿਚੋਂ ਇਕ ਵੀ ਬ੍ਹਿਆਈ ਨਹੀਂ ਸੁਣਾ ਸਕੀਆਂ। ਇੱਥੇ ਮੈਂ ਇਹ ਮਹਿਸੂਸ ਕੀਤਾ ਕਿ ਲੋਕ-ਕਾਵਿ ਦਾ ਇਹ ਰੂਪ ਤਕਰੀਬਨ ਖ਼ਤਮ ਹੀ ਹੋ ਰਿਹਾ ਹੈ।

ਇਸ ਕਾਵਿ-ਰੂਪ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਕ ਪਾਸੇ ਇਹ ਮੁੰਡੇ-ਕੁੜੀ ਵਿਚ ਕੀਤੇ ਜਾਂਦੇ ਅੰਤਰ ਦਾ ਪਤਾ ਦਿੰਦਾ ਹੈ ਕਿਉਂਕਿ ਬ੍ਹਿਆਈਆਂ ਕੇਵਲ ਮੁੰਡੇ ਦੇ ਜੰਮਣ 'ਤੇ ਹੀ ਗਾਈਆਂ ਜਾਂਦੀਆਂ ਹਨ। ਕੁੜੀ ਦੇ ਜੰਮਣ 'ਤੇ ਤਾਂ ਸੋਗ ਗੀਤ ਵੀ ਨਹੀਂ ਗਾਏ ਜਾਂਦੇ। ਫਿਰ ਵੀ ਬ੍ਹਿਆਈਆਂ ਦਾ ਆਪਣਾ ਸੁਹਜ ਵੀ ਹੈ। ਇਹ ਸੁਹਜ ਪੈਦਾ ਹੁੰਦਾ ਹੈ ਔਰਤ ਨੂੰ ਮਾਨਤਾ ਪ੍ਰਾਪਤ ਹੋਣ ਤੋਂ। ਉਸ ਨੇ ਘਰ ਨੂੰ ਵਾਰਿਸ ਦਿੱਤਾ ਹੈ, ਇਸ ਲਈ ਉਹ 'ਸ਼ੇਰ' ਵੀ ਬਣ ਜਾਂਦੀ ਹੈ। ਉਹ ਅਸੰਭਵ ਵਸਤਾਂ ਦੀ ਮੰਗ ਕਰਦੀ ਹੈ। ਇਨ੍ਹਾਂ ਬ੍ਹਿਆਈਆਂ ਵਿਚ ਬੱਚਾ ਨਾ ਹੋਣ ਦੇ ਦਰਦ ਤੇ ਸ਼ਰੀਕਾਂ ਨਾਲ ਸਾੜੇ ਦਾ ਜ਼ਿਕਰ ਹੈ। ਪ੍ਰਸੂਤ ਹੋਈ ਇਸਤਰੀ ਦੀ ਨੌਂ ਮਹੀਨੇ ਦੀ ਗਰਭ ਵਿਕਸਤ ਹੋਣ ਦੀ ਪ੍ਰਕਿਰਿਆ ਤੇ ਗਰਭਵਤੀ ਦੇ ਬਦਲੇ ਸੁਆਦਾਂ ਦੀ ਵਿਸਤ੍ਰਿਤ ਚਰਚਾ ਇਨ੍ਹਾਂ ਗੀਤਾਂ ਵਿਚ ਹਾਸ-ਰਸ ਵੀ ਪੈਦਾ ਕਰਦੀ ਹੈ। ਮੁੰਡਾ ਕ੍ਰਿਸ਼ਨ ਮੁਰਾਰ ਹੈ ਜਾਂ ਮੁਨਸ਼ੀ ਜਾਂ ਫਿਰ ਜਸਪਤ ਰਾਇ। ਮੁੰਡਾ ਜੰਮਣ ਤੋਂ ਬਾਅਦ ਨਿਭਾਈਆਂ ਜਾਂਦੀਆਂ ਅਨੇਕਾਂ ਗੀਤਾਂ ਦਾ ਉਲੇਖ ਵੀ ਇਨ੍ਹਾਂ ਗੀਤਾਂ ਵਿਚ ਮਿਲਦਾ ਹੈ। ਪਹਿਲੇ ਬੱਚੇ ਦਾ ਜਨਮ ਨਾਨਕਿਆਂ ਘਰ ਹੁੰਦਾ ਹੈ। ਇਸ ਲਈ ਨਾਨਕਿਆਂ ਵੱਲੋਂ ਗਾਏ ਜਾਂਦੇ ਗੀਤਾਂ ਵਿਚ ਦਾਦਕਿਆਂ 'ਤੇ ਵਿਅੰਗ ਕੱਸੇ ਜਾਂਦੇ ਹਨ। ਸਿੱਠਣੀਆਂ ਦੇ ਰੂਪ ਵਿਚ।

ਬਾਗ਼ੀਂ ਮੋਰ ਬੋਲੇ, ਗੀਗੇ ਜਨਮ ਲਿਆ।
ਦਾਦੀ ਨਿਕਲ ਗਈਉ, ਬਾਬਾ ਲੱਭਦਾ ਰਿਹਾ।
ਬਾਗ਼ੀਂ ਮੋਰ ਬੋਲੇ ਗੀਗੇ ਜਨਮ ਲਿਆ,
ਨਾਨੀ ਸ਼ਗਨ ਮਨਾਵੇ, ਨਾਨਾ ਰਮਿਆ ਰਿਹਾ।

ਜਦੋਂ ਮੁੰਡਾ ਦਾਦਕਿਆਂ ਦੇ ਪਹੁੰਚਦਾ ਹੈ ਤਾਂ ਇਹ ਕ੍ਰਮ ਬਦਲ ਜਾਂਦਾ ਹੈ। ਸਿੱਠਣੀਆਂ ਦਾ ਸ਼ਿਕਾਰ ਨਾਨਕੇ ਹੋ ਜਾਂਦੇ ਹਨ।

ਬ੍ਹਿਆਈਆਂ ਵਿਚ ਅਨੇਕ ਲੰਬੇ ਗੀਤ (ਗਾਉਣ) ਵੀ ਹਨ। ਜਿਨ੍ਹਾਂ ਦਾ ਆਪਣਾ ਵੱਖਰਾ ਮਹੱਤਵ ਤੇ ਸੁਹਜ ਹੈ। ਇਨ੍ਹਾਂ ਵਿਚੋਂ ਇੱਥੇ ਮੈਂ ਇਕ ਦਾ ਜ਼ਿਕਰ ਕਰ ਰਿਹਾ ਹਾਂ, ਜੋ ਵਿਕਾਸ ਦੇ ਨਾਲ-ਨਾਲ ਬਿਰਤਾਂਤ ਦੇ ਨਵੇਂ ਵੇਰਵੇ ਸਿਰਜਦਾ ਹੈ। ਮਾਹੌਲ ਉੱਪਰ ਦੱਸਿਆ ਹੀ ਹੈ। ਇਹ ਗੀਤ ਮੈਂ ਆਪਣੀ ਨਾਨੀ ਲਾਭੀ ਤੋਂ ਸੁਣਿਆ। ਇਸ ਵਿਚ, ਗਾਉਂਦਿਆਂ ਕਈ ਉਤਰਾਅ ਚੜ੍ਹਾਅ ਆਉਂਦੇ ਹਨ, ਜਿਨ੍ਹਾਂ ਦਾ ਪਤਾ ਤਾਂ ਗਾਏ ਗਏ ਗੀਤ ਨੂੰ ਸੁਣਨ ਨਾਲ ਹੀ ਹੋ ਸਕਦਾ ਹੈ, ਪਰ ਗੀਤ ਦੇ ਪਾਠ ਦਾ ਆਪਣਾ ਹੀ ਮਹੱਤਵ ਹੈ। ਗੀਤ ਦੇ ਸ਼ੁਰੂ ਦੇ ਬੋਲ ਹਨ।

ਨੱਥ ਕਰਾ ਦੇ ਵੇ ਸੌਰਿਆ ਸਾਨੂੰ ਨੱਥ ਕਰਾ ਦੇ
ਵਿਚ ਪੁਆ ਦੇ ਵੇ, ਵਿਚ ਪੁਆ ਦੇ ਵੇ ਚੀਨੀਆਂ।

ਔਰਤ ਨੇ ਮੁੰਡਾ ਜੰਮ ਕੇ 'ਨੱਥ' ਦੀ ਮੰਗ ਕੀਤੀ ਹੈ ਜਿਸ ਨੂੰ ਉਹ ਆਪਣੀ ਇੱਜ਼ਤ ਨਾਲ ਜੋੜਦੀ ਹੈ। ਕਈ ਵਾਰ ਅਤਿ ਉਤਸ਼ਾਹੀ ਪ੍ਰਗਤੀਵਾਦੀ/ਨਾਰੀਵਾਦੀ ਇਨ੍ਹਾਂ ਨੱਕ, ਪੈਰਾਂ ਤੇ ਗਲ ਦੇ ਗਹਿਣਿਆਂ ਨੂੰ ਨਾਰੀ ਦੀ ਗ਼ੁਲਾਮੀ ਦਾ ਚਿੰਨ੍ਹ ਮੰਨਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਔਰਤ ਤਾਂ ਉਦੋਂ ਤੋਂ ਹੀ ਸ਼ਿੰਗਾਰ ਕਰਦੀ ਆ ਰਹੀ ਹੈ, ਜਦੋਂ ਅਜੇ ਮਾਤਾ-ਪ੍ਰਧਾਨ ਸਮਾਜ ਹੋਂਦ ਵਿਚ ਸੀ। ਘਰੇਲੂ ਕੰਮ ਕਰਦਿਆਂ ਵਿਚਲੇ ਸਮੇਂ ਉਹ ਅਜਿਹਾ ਸ਼ਿੰਗਾਰ ਫੁੱਲਾਂ ਆਦਿ ਨਾਲ ਕਰਦੀ ਸੀ। ਬਾਅਦ ਵਿਚ ਪੱਥਰਾਂ, ਕਉਡੀਆਂ, ਹਾਥੀ ਦੰਦ ਤੇ ਧਾਤ ਦੀ ਖੋਜ ਨਾਲ ਚਾਂਦੀ ਸੋਨੇ ਦੇ ਗਹਿਣਿਆਂ ਨਾਲ ਉਸ ਨੇ ਆਪਣੇ ਆਪ ਨੂੰ ਸ਼ਿੰਗਾਰਨਾ ਸ਼ੁਰੂ ਕੀਤਾ। ਪਰ ਪਿਤਾ-ਪ੍ਰਧਾਨ ਸਮਾਜ ਵਿਚ ਇਨ੍ਹਾਂ ਲਈ ਉਸ ਨੂੰ ਇਸ ਮਹਿੰਗੇ ਸ਼ਿੰਗਾਰ ਲਈ ਮਰਦ ਦੇ ਹੱਥਾਂ ਵੱਲ ਦੇਖਣਾ ਪਿਆ ਤੇ ਅੱਜ ਤਕ ਵੀ ਦੇਖਣਾ ਪੈਂਦਾ ਹੈ। ਆਪ ਕਮਾਉਂਦੀ ਔਰਤ ਨੂੰ ਵੀ ਮਰਦ ਦੀ ਸਹਿਮਤੀ ਲੈਣੀ ਪੈਂਦੀ ਹੈ। ਖ਼ੈਰ ਔਰਤ ਨੇ ਨੱਥ ਮੰਗੀ ਹੈ ਪਰ ਨਗ (ਚੀਨੀ) ਵਾਲੀ। ਮੰਗੀ ਸਹੁਰੇ ਤੋਂ ਪਰ ਸਹੁਰਾ ਕੀ ਜਵਾਬ ਦਿੰਦਾ ਹੈ?

ਨੱਥ ਤਾਂ ਤੇਰੀ ਨੀ ਨੋਹੇਂ ਤੇਰਾ ਬਾਪ ਲਿਆਵੇ,
ਬਾਪ ਲਿਆਵੇ
ਅਜੇ ਤਾਂ ਪਿੰਡਾਂ ਦੇ,
ਪਿੰਡਾਂ ਦੇ ਮਾਮਲੇ ਜੀ ਰਹਿੰਦੇ।

ਸਹੁਰੇ ਨੇ ਆਪਣੀਆਂ ਆਰਥਕ ਮਜਬੂਰੀਆਂ ਦੱਸ ਕੇ ਇਨਕਾਰ ਕਰ ਦਿੱਤਾ ਹੈ ਤੇ ਨਾਲ ਹੀ ਇਸ ਨੂੰ ਲਿਆਉਣ ਲਈ ਜੱਚਾ ਦੇ ਮਾਪਿਆਂ ਵੱਲ ਇਸ਼ਾਰਾ ਕਰ ਦਿੱਤਾ ਹੈ। ਇਹ ਇਸ਼ਾਰਾ ਐਵੇਂ ਹੀ ਨਹੀਂ ਹੈ। ਸਦੀਆਂ ਤੋਂ ਮਰਦ-ਪ੍ਰਧਾਨ ਸਮਾਜ ਦੀ ਰੀਤ ਹੈ ਕਿ ਅਜਿਹਾ ਸਾਰਾ ਖਰਚਾ ਧੀ ਦੇ ਮਾਪੇ ਕਰਨਗੇ। ਵਿਆਹ 'ਤੇ ਬੈਠਣ ਸਮੇਂ ਲਾੜੇ ਦੇ ਕੱਪੜੇ ਤਕ ਧੀ ਦੇ ਮਾਪੇ ਦਿੰਦੇ ਹਨ। ਇੱਥੋਂ ਤਕ ਕਿ ਧੀ ਦੀ ਮੌਤ ਹੋਣ ਦੀ ਸੂਰਤ ਵਿਚ ਸਸਕਾਰ ਦੀਆਂ ਲੱਕੜੀਆਂ ਤਕ ਦਾ ਖਰਚਾ ਮਾਪਿਆਂ ਨੂੰ ਦੇਣਾ ਪੈਂਦਾ ਹੈ। ਮਾਪੇ ਧੀ ਦੇ ਘਰ ਦਾ ਦਾਣਾ ਵੀ ਮੂੰਹ 'ਚ ਨਹੀਂ ਪਾਉਂਦੇ। ਅੱਜ ਵੀ ਸਮਾਜ ਦੇ ਕਈ ਹਿੱਸਿਆਂ ਵਿਚ ਇਹ ਰਸਮਾਂ ਨਿਭਾਈਆਂ ਜਾਂਦੀਆਂ ਹਨ। ਅਜੋਕੇ ਸੰਪ੍ਰਦਾਇਕ ਤੱਤ ਵੀ ਅਜਿਹੇ ਸਮਾਜ ਨੂੰ ਹੀ ਆਦਰਸ਼ਿਆ ਕੇ ਪੇਸ਼ ਕਰਦੇ ਹਨ। ਗੀਤ ਵਿਚ ਆਰਥਕਤਾ ਨੂੰ ਢਾਲ ਵਜੋਂ ਜਾਂ ਟਾਲ ਵਜੋਂ ਵਰਤਿਆ ਗਿਆ ਹੈ। ਇਹ ਇਨਕਾਰ ਗੀਤ ਦੀ ਅਗਲੀ ਰਚਨਾ ਵਿਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਸ ਇਨਕਾਰ ਤੋਂ ਜੱਚਾ ਰੁੱਸ ਜਾਂਦੀ ਹੈ। ਇਹ ਰੁਸੇਵਾਂ ਸਹੁਰਿਆਂ ਦੀ ਹਰ ਚੀਜ਼ ਤੋਂ ਇਨਕਾਰੀ ਹੋਣ ਵਿਚ ਜ਼ਾਹਰ ਹੁੰਦਾ ਹੈ। ਗੀਤ ਵਿਚ ਸਿੱਧੇ-ਸਿੱਧੇ ਇਸ ਗੱਲ ਦਾ ਜ਼ਿਕਰ ਨਹੀਂ ਹੈ। ਇਹ ਤਾਂ ਸਰੋਤੇ/ਪਾਠਕ ਨੂੰ ਕਲਪਿਤ ਕਰਨਾ ਪੈਂਦਾ ਹੈ। ਗੀਤ ਦੀਆਂ ਅਗਲੀਆਂ ਪੰਗਤੀਆਂ ਇਸ ਨੂੰ ਸਪਸ਼ਟ ਕਰ ਦਿੰਦੀਆਂ ਹਨ।

ਸੁੰਢ ਪੰਜੀਰੀ ਨੀ ਨੋਹੇਂ ਤੇਰੀ ਸੱਸ ਲਿਆਈ।
ਸੱਸ ਲਿਆਈ,
ਉੱਠ ਨੋਹੇਂ ਨੀ ਤੂੰ ਖਾ ਲੈ।
ਸੱਸ ਕਰੇ ਤੇਰੀਆਂ ਜੀ ਮਿੰਨਤਾਂ
ਸੁੰਢ ਪੰਜੀਰੀ ਨੀ ਸੱਸੂ ਤੇਰੀ ਕਦੇ ਵੀ ਨਾ ਖਾਵਾਂ
ਹੱਥ ਨਾ ਲਾਵਾਂ
ਸਹੁਰੇ ਨੇ ਮਾਰੀ ਸੀ ਬੋਲੀ
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਸੁੰਢ ਪੰਜੀਰੀ ਕੇਵਲ ਜੱਚਾ ਦੀ ਖੁਰਾਕ ਨਾ ਰਹਿ ਕੇ ਸਭਿਆਚਾਰ ਦਾ ਮਹੱਤਵਪੂਰਨ ਵੇਰਵਾ ਬਣ ਜਾਂਦੀ ਹੈ। ਇਸ ਪੰਜੀਰੀ ਵਿਚ ਕੀ ਪੈਣਾ ਹੈ ਤੇ ਕੀ ਨਹੀਂ ਇਸ ਦਾ ਨਿਰਣਾ ਤਾਂ ਬਣਾਉਣ ਵਾਲੇ ਬਜ਼ੁਰਗ ਨੂੰ ਕਰਨਾ ਪੈਂਦਾ ਹੈ, ਪਰ ਇਹ ਪੰਜੀਰੀ ਕਿਸ ਨੇ ਲਿਆਉਣੀ ਹੈ, ਜੇ ਨਹੀਂ ਲਿਆਂਦੀ ਗਈ ਤਾਂ ਉਸ ਨੂੰ ਕੀ ਕੁੱਝ ਸੁਣਨਾ ਪਵੇਗਾ ਤੇ ਇਹ ਪੰਜੀਰੀ ਕਿਸ ਨੂੰ ਖਾਣ ਲਈ ਦਿੱਤੀ ਜਾਵੇਗੀ ਤੇ ਕਿਸ ਨੂੰ ਨਹੀਂ ਇਸ ਦਾ ਨਿਰਣਾ ਭਾਈਚਾਰੇ ਤੇ ਪਰਿਵਾਰ ਨੇ ਕਰਨਾ ਹੈ। ਇਸ ਲਈ ਪੰਜੀਰੀ ਦੇ ਸਭਿਆਚਾਰਕ ਅਰਥ ਵਿਸਤ੍ਰਿਤ ਹੋ ਜਾਂਦੇ ਹਨ। ਇਕ ਵੇਰਵਾ ਹੋਰ ਬੜਾ ਮਨੋਰੰਜਕ ਹੈ। 'ਸੱਸ ਕਰੇ ਤੇਰੀਆਂ ਜੀ ਮਿੰਨਤਾਂ।' ਯਥਾਰਥ ਵਿਚ ਇਹ ਸੰਭਵ ਨਹੀਂ ਹੈ, ਪਰ ਜੋ ਯਥਾਰਥ ਵਿਚ ਸੰਭਵ ਨਹੀਂ, ਉਹ ਕਲਪਿਤ ਗੀਤ ਵਿਚ ਐਨ ਸੰਭਵ ਦਿਖਾਇਆ ਗਿਆ ਹੈ, ਇਸ ਲਈ ਕਿਉਂਕਿ ਅਜਿਹੀ ਔਰਤ ਦੀ ਇੱਛਾ ਹੈ ਤੇ ਔਰਤ ਆਪ ਹੀ ਗੀਤ ਦੀ ਸਿਰਜਣਾ ਕਰ ਰਹੀ ਹੈ। ਸੱਸ ਤੋਂ ਬਾਅਦ ਵਾਰੀ ਆਈ ਨਣਦ ਦੀ।

ਹਰੀ ਹਰੀ ਦੁੱਭ ਨੀ ਭਾਬੋ ਤੇਰੀ ਨਣਦ ਲਿਆਈ,
ਨਣਦ ਲਿਆਈ,
ਉੱਠ ਭਾਬੋ ਨੀ ਤੂੰ ਲੈ,
ਨਣਦ ਕਰੇ ਤੇਰੀਆਂ ਜੀ ਮਿੰਨਤਾਂ,
ਹਰੀ ਹਰੀ ਦੁੱਭ ਨੀ ਨਣਦੇ ਮੈਂ ਕਦੀਉ ਨਾ ਲਾਵਾਂ,
ਮੈਂ ਹੱਥ ਨਾ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਇਹ ਇਕ ਰਸਮ ਹੈ ਕਿ ਜੱਚਾ ਦੀਆਂ ਛਾਤੀਆਂ ਬੱਚੇ ਨੂੰ ਦੁੱਧ ਪਿਆਉਣ ਤੋਂ ਪਹਿਲਾਂ ਦੁੱਭ ਨੂੰ ਪਾਣੀ ਵਿਚ ਭਿਉਂ ਕੇ ਧੋਤੀਆਂ ਜਾਂਦੀਆਂ ਹਨ। ਇਸ ਦਾ ਕਾਰਨ ਦੁੱਭ ਘਾਹ (ਖੱਬਲ) ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਨਾਲ ਛਾਤੀਆਂ ਧੋਣ ਨਾਲ ਬਾਹਰੀ ਚੀਜ਼ਾਂ ਦੇ ਪ੍ਰਭਾਵ ਖ਼ਤਮ ਹੋ ਜਾਂਦੇ ਹਨ ਤੇ ਬੱਚਾ ਤੰਦਰੁਸਤ ਰਹਿੰਦਾ ਹੈ। ਘਾਹ ਨੂੰ ਪਵਿੱਤਰ ਮੰਨਣ ਦੀ ਪ੍ਰਥਾ ਹਜ਼ਾਰਾਂ ਸਾਲ ਪੁਰਾਣੀ ਹੈ। ਕਦੇ ਜਣੇਪਾ ਜ਼ਮੀਨ 'ਤੇ ਘਾਹ ਵਿਛਾ ਕਰਵਾ ਕੇ ਕਰਵਾਇਆ ਜਾਂਦਾ ਸੀ। ਮਰਨ ਵੇਲੇ ਵੀ ਬੰਦੇ ਨੂੰ ਘਾਹ ਉਪਰ ਹੀ ਲਿਟਾਇਆ ਜਾਂਦਾ ਸੀ। ਮਰੇ ਬੰਦੇ ਨੂੰ ਭੁੰਜੇ ਲਾਹੁਣ ਦੀ ਰਸਮ ਅੱਜ ਵੀ ਪੰਜਾਬ, ਵਿਸ਼ੇਸ਼ ਤੌਰ 'ਤੇ, ਮਾਲਵੇ ਵਿਚ ਬਚੀ ਹੋਈ ਹੈ। ਵਣਜਾਰਾ ਬੇਦੀ ਨੇ ਹਰੀ ਦੁੱਭ ਨਾਲ ਜੁੜੀ ਇਕ ਦੰਤ ਕਥਾ ਦਾ ਵੀ ਜ਼ਿਕਰ ਕੀਤਾ ਹੈ, ਜਿਸ ਅਨੁਸਾਰ ਸੁੱਕੀ-ਤਿੱਖੀ ਘਾਹ ਨੂੰ ਰੋਡੇ ਸ਼ਾਹ ਫ਼ਕੀਰ (ਜਲਾਲੀ ਦੇ ਪ੍ਰੇਮੀ) ਨੇ ਸਦਾ ਹਰੀ ਰਹਿਣ ਦਾ ਵਰਦਾਨ ਦਿੱਤਾ ਸੀ ਜਿਸ ਕਾਰਨ ਇਹ ਹੁਣ ਤਕ ਹਰੀ ਮੰਨੀ ਜਾਂਦੀ ਹੈ। ਮੋਟੀ ਗੱਲ ਕਿ ਦੁੱਭ ਸਾਡੇ ਵਿਸ਼ਵਾਸਾਂ ਨਾਲ ਜੁੜੀ ਹੋਈ ਹੈ ਜੋ ਪਵਿੱਤਰ ਹੈ। ਜੱਚਾ ਨੇ ਨਣਾਨ ਵੱਲੋਂ ਲਿਆਂਦੀ ਦੁੱਭ ਨੂੰ ਆਪਣੀਆਂ ਛਾਤੀਆਂ ਨਾਲ ਲਾਉਣ ਤੋਂ ਇਨਕਾਰ ਕਰ ਦਿੱਤਾ ਜੋ ਕਿ ਰੀਤੀ ਅਨੁਸਾਰ ਧੀ ਧਿਆਣੀ ਦਾ ਅਧਿਕਾਰ ਸੀ। ਸਹੁਰੇ ਨਾਲ ਨਾਰਾਜ਼ਗੀ ਹੈ, ਉਹ ਤਾਂ ਆਵੇਗਾ ਹੀ ਨਹੀਂ, ਪਰ ਉਸ ਦਾ ਇਨਕਾਰ ਸਾਰੇ ਗੀਤ ਉੱਪਰ ਫੈਲਿਆ ਹੋਇਆ ਹੈ। ਹੁਣ ਰਹਿ ਗਿਆ ਪਤੀ ਦੇਖੀਏ ਉਸ ਨਾਲ ਕੀ ਸਲੂਕ ਹੁੰਦਾ ਹੈ।

ਗਹਿਣਿਆਂ ਦਾ ਡੱਬਾ ਨੀ
ਨਾਜੋ ਤੇਰਾ ਕੌਂਤ ਲਿਆਇਆ,
ਕੌਂਤ ਲਿਆਇਆ
ਉੱਠ ਨਾਜੋ ਨੀ ਤੂੰ ਪਾ ਲੈ,
ਕੌਂਤ ਕਰੇ ਤੇਰੀਆਂ ਜੀ ਮਿੰਨਤਾਂ।
ਗਹਿਣਿਆਂ ਦਾ ਡੱਬਾ ਵੇ, ਕੌਂਤਾ ਮੈਂ ਕਦੀਉ ਨਾ ਪਾਵਾਂ,
ਮੈਂ ਹੱਥ ਨਾ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਗਹਿਣੇ ਔਰਤ ਨੂੰ ਬਹੁਤ ਪਿਆਰੇ ਮੰਨੇ ਗਏ ਹਨ, ਪਰ ਗੁੱਸਾ ਏਨਾ ਜ਼ਿਆਦਾ ਹੈ ਕਿ ਉਨ੍ਹਾਂ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਹੈ। ਹੁਣ ਸ਼ੁਰੂ ਹੁੰਦਾ ਹੈ ਗੀਤ ਦਾ ਉਤਾਰਾ।

ਸ਼ਿੰਗਾਰ ਭਰੀ ਨੱਥ ਨੀ ਭੈਣੇ ਤੇਰਾ ਵੀਰ ਲਿਆਇਆ।
ਤੇਰਾ ਵੀਰ ਲਿਆਇਆ।
ਉੱਠ ਭੈਣੇ ਨੀ ਤੂੰ ਪਾ ਲੈ,
ਵੀਰ ਕਰੇ ਤੇਰੀਆਂ ਜੀ ਮਿੰਨਤਾਂ।
ਸ਼ਿੰਗਾਰ ਭਰੀ ਨੱਥ ਵੇ ਵੀਰਾ,
ਮੈਂ ਨੱਕ ਵੀ ਪਾਵਾਂ, ਮੈਂ ਹੱਥ ਵੀ ਲਾਵਾਂ,
ਸਹੁਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ ਬਾਬਲ ਤੇ।

ਜਿਨ੍ਹਾਂ ਬਾਰੇ, ਯਾਨੀ ਮਾਪਿਆਂ ਬਾਰੇ ਬੋਲੀ ਮਾਰੀ ਗਈ ਸੀ ਕਿਉਂਕਿ ਨੱਥ ਉਨ੍ਹਾਂ ਵੱਲੋਂ ਹੀ ਆ ਗਈ ਹੈ, ਇਸ ਲਈ ਮਨੇਂਵਾ ਹੋ ਗਿਆ ਹੈ। ਪਰ ਗੀਤ ਤੋਂ ਬਾਹਰ ਤਾਂ ਇਹ ਬੋਲੀ ਸਾਰੀ ਉਮਰ ਰੜਕਦੀ ਰਹੇਗੀ। ਜਦੋਂ ਨਾਨੀ ਲਾਭੀ ਇਹ ਗੀਤ ਸੁਣਾ ਰਹੀ ਸੀ ਤਾਂ ਉਸ ਦਾ ਆਪਣਾ ਹਾਸਾ ਵੀ ਵਾਰ-ਵਾਰ ਛਣਕਦਾ ਰਿਹਾ ਸੀ। ਛਣਕੇ ਵੀ ਕਿਉਂ ਨਾ ਗੀਤ ਉਸ ਦੀਆਂ ਆਪਣੀਆਂ ਭਾਵਨਾਵਾਂ ਦੀ ਹੀ ਤਾਂ ਤਰਜਮਾਨੀ ਕਰ ਰਿਹਾ ਸੀ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
GHI
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU TO MAKE INFORMED DECISIONS
Cell: 416 839 3436 ▲ Ph: 905 479 5807

# ਸਰੋਦੀ ਵੇਗ ਦੀ ਸਹਿਜ ਕਵਿਤਰੀ ਜਗਦੀਪ ਕੌਰ ਬਰਾੜ



ਜਗਦੀਪ ਕੌਰ ਬਰਾੜ
+91-1637-264243

ਜਗਦੀਪ ਕੌਰ ਬਰਾੜ ਪੰਜਾਬੀ ਦੀ ਅਸਲੋਂ ਨਵੀਂ ਸ਼ਾਇਰਾ ਹੈ। ਉਹਦੇ ਕਾਵਿ ਸੰਗ੍ਰਹਿ 'ਸੂਰਜ ਦੀ ਚਿੱਪਰ' ਵਿਚਲੀਆਂ ਸਮੁੱਚੀਆਂ ਕਵਿਤਾਵਾਂ ਨੇ ਉਹਨੂੰ ਬੇਹੱਦ ਸੰਵੇਦਨਸ਼ੀਲ ਕਵਿਤਰੀ ਵਜੋਂ ਪ੍ਰਮਾਣਿਤ ਕਰ ਦਿੱਤਾ ਹੈ। ਕਵਿਤਾਵਾਂ ਵਿਚ ਜਗਦੀਪ ਦੇ ਸੁਭਾਵਿਕ ਕਾਵਿ ਅਹਿਸਾਸ ਦਰਜ ਨੇ। ਹਰ ਕਵਿਤਾ ਉਸ ਦੇ ਜਜ਼ਬਿਆਂ ਦੇ ਸਰੋਦੀ ਵੇਗ ਦੀ ਸਹਿਜ ਪੈਦਾਵਾਰ ਹੈ। ਜਗਦੀਪ ਦੀਆਂ ਕਵਿਤਾਵਾਂ ਵਿਚ ਦਰਦ ਦੀ ਹੂਕ ਹੈ। ਇਨ੍ਹਾਂ ਵਿਚਲੇ ਨਿੱਜੀ ਦੁਖ-ਸੁੱਖ ਹਰ ਸਧਾਰਨ ਔਰਤ ਦੇ ਆਪਣੇ ਨੇ। ਇਹਦੀਆਂ ਕਵਿਤਾਵਾਂ ਵਿਚ ਬੇਚੈਨ ਕਰਨ ਵਾਲੇ ਸਮਾਜਕ ਵਰਤਾਰਿਆਂ ਦੀ ਵੀ ਕਾਵਿਮਈ ਪੇਸ਼ਕਾਰੀ ਕੀਤੀ ਹੈ। ਜਗਦੀਪ ਕੌਰ ਬਰਾੜ ਨੇ ਪੰਜਾਬੀ ਦੀ ਛੰਦ ਬੰਦ ਅਤੇ ਛੰਦ ਮੁਕਤ ਦੋਵੇਂ ਰਚੀ ਹੈ। ਇਹਦੀਆਂ ਕਵਿਤਾਵਾਂ ਵਿਚ ਮੌਜੂਦਾ ਦੌਰ ਵਿਚ ਰਿਸ਼ਤਿਆਂ ਦੀ ਟੁੱਟ ਭੱਜ, ਬਾਜ਼ਾਰ ਦੀ ਹਿੰਸਾ ਅਤੇ ਨਿੱਜ ਦੀ ਥਾਂ ਸਮੂਹਕਤਾ ਵਿਦਮਾਨ ਹੈ। ਕਵਿਤਾ ਦੇ ਖੇਤਰ ਵਿਚ ਜਗਦੀਪ ਕੌਰ ਬਰਾੜ ਦੀ ਇਹ ਪੁਲਾਂਘ ਉਹਨੂੰ ਕਾਵਿ ਅੰਬਰਾਂ 'ਤੇ ਜ਼ਰੂਰ ਸਥਾਪਤ ਕਰੇਗੀ। ਇਸ ਦੀਆਂ ਕਿਰਨਾਂ ਆਸਰੇ ਉਹ ਸ਼ਾਇਰੀ ਦੇ ਅਗਲੇਰੇ ਪੜਾਵਾਂ ਵੱਲ ਵਧੇਗੀ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

## ਨੀਂਦ ਨਾ ਆਵੇ

ਨਾ ਹੀ ਧਨ ਜੋੜਨ ਦਾ ਚੱਕਰ
ਨਾ ਹੀ ਕੋਈ ਭੁੱਖ ਸਤਾਵੇ
ਨਾ ਧੀਆਂ ਪੁੱਤਾਂ ਦੀ ਚਿੰਤਾ
ਫਿਰ ਕਿਉਂ ਮੈਨੂੰ ਨੀਂਦ ਨਾ ਆਵੇ

ਚਾਰ ਚੁਫੇਰੇ ਵੇਖਾਂ ਜਦ ਵੀ
ਸੋਚ ਮੇਰੀ ਫਿਰ ਡੋਲਾ ਖਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਚਾਵਾਂ ਨਾਲ ਵਿਆਹੀ ਧੀ ਨੂੰ
ਦਾਜ ਦਾ ਦੈਂਤ ਜਦੋਂ ਖਾ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਕੁੱਖ ਵਿਚ ਧੀ ਕੋਈ ਕਤਲ ਕਰਾਵੇ
ਪੁੱਤ ਮੰਗਣ ਗੁਰਦੁਆਰੇ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਪੁੱਤ ਜੰਮੇ ਤੋਂ ਲੱਡੂ ਵੰਡਣ
ਧੀ ਦਾ ਕੋਈ ਸੋਗ ਮਨਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਪੈਰ ਦੀ ਜੁੱਤੀ ਸਮਝ ਨਾਰੀ ਨੂੰ
ਜਦੋਂ ਕਦੇ ਕੋਈ ਹੱਥ ਚਲਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਜਦੋਂ ਕਿਸੇ ਦਾ ਰੰਗਲਾ ਸਾਲੂ
ਸਿਖਰ ਦੁਪਹਿਰੇ ਹੀ ਲਹਿ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਨਿੱਕੇ ਨਿੱਕੇ ਸਿਰਾਂ ਦੇ ਉੱਤੋਂ
ਮਾਪਿਆਂ ਦਾ ਸਾਇਆ ਉਠ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਮਾਂ ਦੀਆਂ ਅੱਖਾਂ ਦਾ ਇਕ ਤਾਰਾ
ਅਣਦੱਸੀ ਥਾਂ ਚਲਿਆ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਦੇਸ਼ ਮੇਰੇ ਦਾ ਅੰਨਦਾਤਾ ਜਦ
ਖੁਦਕੁਸ਼ੀਆਂ ਦੇ ਰਾਹ ਪੈ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਭੁੱਖ ਦੀ ਕੋਈ ਸਤਾਈ ਮਾਂ ਵੀ
ਬੱਚਿਆਂ ਸਣੇ ਹੀ ਡੁੱਬ ਮਰ ਜਾਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

ਬੱਚਿਆਂ ਦੀਆਂ ਕਿਤਾਬਾਂ ਦੀ ਥਾਂ
ਬਾਪ ਜਦੋਂ ਬੋਤਲ ਲੈ ਆਵੇ
ਤਾਂ ਵੀ ਮੈਨੂੰ ਨੀਂਦ ਨਾ ਆਵੇ

## ਕੌਣ ਤੱਤੀ ਦੇ ਦਾਣੇ ਭੁੰਨੇ

ਕੌਣ ਤੱਤੀ ਦੇ ਦਾਣੇ ਭੁੰਨੇ
ਢਹਿ ਗਈ ਭੱਠ ਭਠਿਆਰੀ ਦੀ

ਕੌਣ ਦੁੱਖਾਂ ਦੀਆਂ ਦੇਵੇ ਪੁੜੀਆਂ
ਸੜ ਗਈ ਹੱਟ ਪੰਸਾਰੀ ਦੀ

ਕੌਣ ਡੁੱਬੀ ਦਾ ਸਾਲੂ ਰੰਗੇ
ਮੁੱਕ ਗਈ ਰੰਗ ਲਲਾਰੀ ਦੀ

ਕਿਵੇਂ ਨਿਕਰਮਣ ਸ਼ਗਨ ਮਨਾਵੇ
ਮਰ ਗਈ ਰੀਝ ਕੁਆਰੀ ਦੀ

ਕਿਵੇਂ ਵਸਲ ਦੀਆਂ ਮਾਣੇ ਰਾਤਾਂ
ਟੁੱਟ ਗਈ ਪਲੰਘ ਨਵਾਰੀ ਦੀ

ਕਿਵੇਂ ਗ਼ਮਾਂ ਦੀਆਂ ਕੱਤੇ ਪੂਣੀਆਂ
ਟੁੱਟ ਗਈ ਤੰਦ ਸਵਾਰੀ ਦੀ

ਕੌਣ ਟਿੱਬੇ 'ਤੇ ਮੋਠ ਉਗਾਵੇ
ਵਰ੍ਹੀ ਨਾ ਬੱਦਲੀ ਭਾਰੀ ਜਿਹੀ

ਕੌਣ ਨਦੀ ਦੀ ਪਿਆਸ ਬੁਝਾਵੇ
ਮੁੱਕ ਗਈ ਨੀਰ ਵਿਚਾਰੀ ਦੀ

ਕੌਣ ਸਾਗਰ 'ਚੋਂ ਮੋਤੀ ਲੱਭੇ
ਜਾਚ ਨਾ ਆਉਂਦੀ ਤਾਰੀ ਦੀ

ਖੰਭ ਤੱਤੀ ਦੇ ਸਾੜੇ ਅੱਗ ਨੇ
ਰਹਿ ਗਈ ਰੀਝ ਉਡਾਰੀ ਦੀ

ਕੌਣ ਡੁੱਬੀ ਨੂੰ ਲਾਡ ਲਡਾਵੇ
ਮਰ ਗਈ ਮਾਂ ਵਿਚਾਰੀ ਦੀ

## ਝੱਖੜਾਂ ਹਨੇਰੀਆਂ 'ਚ

ਝੱਖੜਾਂ ਹਨੇਰੀਆਂ 'ਚ ਦੀਵੇ ਨੂੰ ਬਾਲ ਰੱਖੀਂ
ਜ਼ਿੰਦਗੀ ਦੀ ਜੰਗ 'ਚ ਹੱਥੀਂ ਤਲਵਾਰ ਢਾਲ ਰੱਖੀਂ

ਜੀਰਾਂਦ ਰੁੱਖਾਂ ਜੇਹੀ ਤੇ ਧਰਤ ਜੇਹੀ ਨਿਮਰਤਾ
ਹੌਸਲਾ ਪਹਾੜ ਜੇਹਾ ਹਿੰਮਤ ਕਮਾਲ ਰੱਖੀਂ

ਹਰ ਦੁੱਖ ਦਰਦ ਪੀੜ ਨੂੰ ਦਫਨ ਕਰ ਦੇਵੀਂ
ਉਦਾਸ ਨਾ ਹੋਵੀਂ ਕਦੀ ਮੁੱਖ 'ਤੇ ਜਲਾਲ ਰੱਖੀਂ

ਸਫਰ ਲੰਮੈ ਮੁੜ ਨਾ ਆਈਂ ਥੱਕ ਹਾਰ ਕੇ
ਹੱਥ 'ਚ ਮਸ਼ਾਲ ਲੈ ਕੇ ਮੰਜ਼ਿਲ ਦੀ ਭਾਲ ਰੱਖੀਂ
ਹਾਰ ਨੇ ਵੀ ਜਿੱਤ ਦੇ ਵਿਚ ਬਦਲ ਜਾਣਾ ਹੈ
ਸਬਰ ਮਿਹਨਤ ਤੇ ਉਮੀਦਾਂ ਨਾਲ ਨਾਲ ਰੱਖੀਂ

## ਇੱਕ ਦਿਨ ਹੋਰ

ਲੈ ਇੱਕ ਦਿਨ ਹੋਰ ਗੁਆਚ ਗਿਆ
ਸਾਨੂੰ ਸੌ ਸੌ ਗੱਲਾਂ ਆਖ ਗਿਆ

ਜਦ ਸੁਬ੍ਹਾ ਸਵੇਰੇ ਜਾਗੇ ਸੀ
ਖੁਦ ਨਾਲ ਕਰੇ ਸੌ ਵਾਅਦੇ ਸੀ
ਕੋਈ ਕਰਨਾ ਕੰਮ ਨਿਆਰਾ ਹੈ
ਨਾਲੇ ਲੱਭਣਾ ਮਿੱਤਰ ਪਿਆਰਾ ਹੈ
ਜਦ ਸ਼ਾਮ ਢਲੀ ਤਾਂ ਕੀ ਵੇਖਿਆ
ਗੁੰਮ ਸਾਡਾ ਅਪਣਾ ਆਪ ਗਿਆ
ਲੈ ਇੱਕ ਦਿਨ ਹੋਰ ਗੁਆਚ ਗਿਆ

ਜਦ ਅੰਨ ਜਲ ਮੂੰਹ ਨੂੰ ਲਾਇਆ ਸੀ
ਤਾਂ ਖ਼ਿਆਲ ਇਹ ਮਨ ਵਿਚ ਆਇਆ ਸੀ
ਅੱਜ ਭੁੱਖਿਆਂ ਨੂੰ ਰਜਾਉਣਾ ਹੈ
ਦੁਖੀਆਂ ਦਾ ਦੁੱਖ ਵੰਡਾਉਣਾ ਹੈ
ਕਿਸੇ ਰੋਂਦੇ ਨੂੰ ਹਸਾਉਣਾ ਹੈ
ਹਰ ਕੋਨੇ ਨੂੰ ਮਹਿਕਾਉਣਾ ਹੈ
ਪਰ ਨਿੱਜ ਦੀ ਹੀ ਪਰਿਕਰਮਾ ਕਰਕੇ
ਹੁਣ ਇਹ ਵੀ ਪੱਤਰੇ ਵਾਚ ਗਿਆ
ਲੈ ਇੱਕ ਦਿਨ ਹੋਰ ਗੁਆਚ ਗਿਆ

ਜਦ ਪੜ੍ਹਾਉਣ ਸਕੂਲੇ ਜਾ ਰਹੀ ਸੀ
ਤਾਂ ਸੋਚ ਇਹ ਮਨ ਵਿਚ ਆ ਰਹੀ ਸੀ
ਬੱਚਿਆਂ ਨੂੰ ਖ਼ੂਬ ਪੜ੍ਹਾਵਾਂਗੀ
ਇਨਸਾਨੀਅਤ ਦਾ ਸਬਕ ਸਿਖਾਵਾਂਗੀ
ਇਮਾਨਦਾਰੀ ਤੇ ਆਚਰਣ ਉੱਤੇ ਵੀ
ਪੂਰਾ ਲੈਕਚਰ ਲਾਵਾਂਗੀ
ਗੁਰੂ ਚੇਲੇ ਦੇ ਰਿਸ਼ਤੇ ਦਾ
ਫਿਰ ਤੋਂ ਵਿਸ਼ਵਾਸ ਬਣਾਵਾਂਗੀ
'ਗੁਰੂਆਂ' ਦਾ ਆਚਰਣ ਵੇਖਿਆ ਤਾਂ
ਫਿਰ ਖ਼ੁਦ 'ਤੇ ਨਾ ਵਿਸ਼ਵਾਸ ਰਿਹਾ
ਲੈ ਇੱਕ ਦਿਨ ਹੋਰ ਗੁਆਚ ਗਿਆ

## ਸਵਾਲ ਦਰ ਸਵਾਲ

ਨਾ ਹੀ ਚੰਨ ਕੋਲੋਂ ਪੁੱਛਾਂ ਨਾ ਹੀ ਤਾਰਿਆਂ ਤੋਂ ਪੁੱਛਾਂ
ਇਹਨਾਂ ਢਾਰਿਆਂ ਦਾ ਹਾਲ ਮੈਂ ਮੁਨਾਰਿਆਂ ਪੁੱਛਾਂ

ਢਿੱਡ ਸਭ ਦਾ ਭਰੇ ਉਹਨੂੰ ਕਹਿੰਦੇ ਅੰਨਦਾਤਾ
ਖ਼ੁਦਕੁਸ਼ੀਆਂ ਕਿਉਂ ਕਰੇ ਸੱਤਾਧਾਰੀਆਂ ਤੋਂ ਪੁੱਛਾਂ

ਉਹਨੂੰ ਮੰਦਾ ਕਿਹੜਾ ਕਹੇ ਜਿਹੜਾ ਜੰਮੇ ਰਾਜੇ ਪੀਰ
ਕਾਹਤੋਂ ਕੁੱਖਾਂ ਵਿਚ ਮਾਰੋਂ ਹਤਿਆਰਿਆਂ ਤੋਂ ਪੁੱਛਾਂ

ਘਰ ਬਾਬਲੇ ਦਾ ਛੱਡ ਥੋਡੇ ਘਰ ਵਿਚ ਆਈ
ਉਹ ਅੱਗ 'ਚ ਕਿਉਂ ਸੜੇ ਘਰਵਾਲਿਆਂ ਤੋਂ ਪੁੱਛਾਂ

ਕਦੋਂ ਮਿਲੂ ਰੁਜ਼ਗਾਰ ਕਿੰਨੇ ਲਾਈ ਬੈਠੇ ਝਾਕ
ਜਿਹੜੇ ਪੂਰ ਨਾ ਚੜ੍ਹਾਏ ਉਹਨਾਂ ਲਾਰਿਆਂ ਤੋਂ ਪੁੱਛਾਂ

ਥੋਨੂੰ ਰੋਕਣੇ ਲਈ ਲਾਇਆ ਸੀ ਨਦੀ ਦੇ ਦੋਵੇਂ ਪਾਸੇ
ਕਾਹਤੋਂ ਰੋੜ੍ਹ ਦਿੱਤਾ ਪਾਣੀ ਮੈਂ ਕਿਨਾਰਿਆਂ ਤੋਂ ਪੁੱਛਾਂ

ਸਾਡੀ ਸਿੱਖਿਆ ਦਾ ਮਿਆਰ ਦਿਨੋ ਦਿਨ ਗਿਰੀ ਜਾਵੇ
ਇਹਦੀ ਵਿਗੜੀ ਕਿਉਂ ਚਾਲ ਦਰੋਣਾਚਾਰੀਆਂ ਤੋਂ ਪੁੱਛਾਂ

ਖ਼ੂਨ ਹੋ ਗਿਆ ਸਫ਼ੈਦ ਕਿਉਂ ਭਾਈ ਨੂੰ ਭਾਈ ਮਾਰੇ
ਕਿਉਂ ਇਹ ਪੈ'ਗੀਆਂ ਤਰੇੜਾਂ ਲੋਕਾਂ ਸਾਰਿਆਂ ਤੋਂ ਪੁੱਛਾਂ

ਵਾਲ ਦਰੋਪਤੀ ਦੇ ਖੁੱਲ੍ਹੇ ਤਾਂ ਸਮਝ ਮੈਨੂੰ ਆਉਂਦੀ
ਤੁਸੀਂ ਬੰਨ੍ਹੇ ਕਿਉਂ ਨੀ ਵਾਲ ਉਹਨਾਂ ਨਾਰੀਆਂ ਤੋਂ ਪੁੱਛਾਂ

ਚੂੜੇ ਵਾਲੀ ਪਿੱਛੇ ਛੱਡ ਜਿਹੜੇ ਮਾਰ ਗਏ ਉਡਾਰੀ
ਲੈ ਕੇ ਕਿਉਂ ਨੀ ਗਏ ਨਾਲ ਉਹਨਾਂ ਲਾੜਿਆਂ ਤੋਂ ਪੁੱਛਾਂ

## ਕਵਿਤਾ

ਕੋਲ ਮੇਰੇ ਇੱਕ ਕਵਿਤਾ ਆਈ ਰਾਤ ਢਲੇ
ਜਿਉਂ ਕਵਿਤਾ ਨੂੰ ਨੀਂਦ ਨਾ ਆਈ ਰਾਤ ਢਲੇ

ਮੈਂ ਤਾਂ ਸਾਰੇ ਬੂਹੇ ਢੋ ਕੇ ਸੁੱਤੀ ਸੀ
ਫਿਰ ਇਹ ਕਿੱਥੋਂ ਦੀ ਲੰਘ ਆਈ ਰਾਤ ਢਲੇ

ਟਿਕੀ ਰਾਤ ਵਿਚ ਕਵਿਤਾ ਦਾ ਰੌਲਾ ਸੁਣ ਕੇ
ਉੱਠ ਗਈ ਮੈਂ ਅੱਭੜਵਾਹੀ ਰਾਤ ਢਲੇ

ਲਿਖਣ ਲਈ ਉਹ ਕਹਿੰਦੀ ਸੀ ਜੋ ਜੋ ਗੱਲਾਂ
ਮੈਨੂੰ ਤਾਂ ਇੱਕ ਵੀ ਨਾ ਭਾਈ ਰਾਤ ਢਲੇ

ਮੈਂ ਨੀਂ ਲਿਖਣਾ ਤੂੰ ਹੁਣ ਸੌਂ ਜਾ ਚੁੱਪ ਕਰਕੇ
ਮੈਂ ਤਾਂ ਇੱਕੋ ਗੱਲ ਮੁਕਾਈ ਰਾਤ ਢਲੇ

ਮੈਂ ਕਵਿਤਾ ਦੀ ਭਾਵੇਂ ਇਕ ਵੀ ਮੰਨੀ ਨਾ
ਰੂਹ ਮੇਰੀ ਨੂੰ ਚੈਨ ਨਾ ਆਈ ਰਾਤ ਢਲੇ

ਕਵਿਤਾ ਮੇਰੇ ਨਾਲ ਸੀ ਜੰਮੀ ਨਾਲ ਪਲੀ
ਮਾਂ ਨੇ ਲੋਰੀ ਵਿੱਚ ਸੁਣਾਈ ਰਾਤ ਢਲੇ

ਕਵਿਤਾ ਅੱਗੇ ਪੇਸ਼ ਮੇਰੀ ਕੋਈ ਚੱਲੀ ਨਾ
ਕਵਿਤਾ ਨੇ ਕਵਿਤਾ ਲਿਖਵਾਈ ਰਾਤ ਢਲੇ

## ਜੰਗਲ ਵਰਗੀ ਚੁੱਪ

ਇਕ ਤਾਂ ਮੈਨੂੰ ਬਹਿਣ ਨਾ ਦਿੰਦੀ ਜੰਗਲ ਵਰਗੀ ਛਾਈ ਚੁੱਪ
ਮੂੰਹੋਂ ਕੁਝ ਵੀ ਕਹਿਣ ਨਾ ਦਿੰਦੀ ਹੋਠਾਂ ਉੱਤੇ ਆਈ ਚੁੱਪ

ਕਦੇ ਕਦੇ ਸੱਪਣੀ ਦੇ ਵਾਂਗੂੰ ਸੀਨੇ ਵਿਚ ਡੰਗ ਮਾਰੇ
ਕਦੇ ਲੱਗੇ ਮੈਨੂੰ ਜਾਨੋਂ ਪਿਆਰੀ ਜਿੰਦਾਂ ਕੁੱਖੋਂ ਜਾਈ ਚੁੱਪ

ਇਕ ਚੁੱਪ ਦੇ ਸੌ ਸੌ ਸੁੱਖ ਨੇ ਕਹਿੰਦੇ ਲੋਕ ਸਿਆਣੇ
ਪਰ ਐਧਰ ਤਾਂ ਕਈ ਬਖੇੜੇ ਮੇਰੇ ਲਈ ਲਿਆਈ ਚੁੱਪ

ਟੁੱਟ ਜਾਂਦੀ ਇਹ ਚੁੱਪ ਕਦੇ ਤਾਂ ਚੰਗਾ ਸੀ
ਇਹ ਜੋ ਮੇਰੇ ਨਾਲ ਜੰਮੀ ਤੇ ਵਿਆਹੀ ਚੁੱਪ

ਹੋਠਾਂ ਉੱਤੇ ਤਾਂ ਮੈਂ ਜਿੰਦਰਾ ਮਾਰ ਲਿਆ ਪਰ
ਮਨ ਦੇ ਖੌਰੂ ਨੇ ਸੀ ਬਹੁਤ ਸਤਾਈ ਚੁੱਪ

ਇਹ ਚੁੱਪ ਦਾ ਰੁੱਖ ਜਦੋਂ ਬਿਰਤੀਆਂ ਜੋੜ ਲਏ
ਤਾਂ ਕਈ ਖੋਜਾਂ ਕਈ ਕਾਢਾਂ ਕੱਢ ਲਿਆਈ ਚੁੱਪ

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
# MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)
By Appointments Only Cell: 780 918 0516

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos by: Kanwal Lyall
All types of Immigration, Passport, PIO, Citizenship Photos
Phone: 780-952-8017 ✱ lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Removal



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

JELD-WEN WINDOWS & DOORS · ALEXANDRIA Moulding · Masonite

Fancy DOORS & MOULDINGS LTD.
# FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb



French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF



Single or Double "Paris" Doors
Pantry Slab
Square Ring with Band
Exterior Wood Doors — Prefinished 32" x 32" x 96"



SAVE ON DOOR KNOBS AND HANDLES!
BOSTAT Clearance Locks

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!*

2 Piece Deadbolt $15.00
Passage Knob $10.99



MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed



SAVE ON BATHROOM FIXTURES!
Infinity 4 Piece Bath Set — Robe Hook, Towel Bar, Towel Ring, Paper Holder
Sunglow 4 Piece Bath Set — Towel Bar, Robe Hook, Paper Holder, Towel Ring



Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012









ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ 31 ਅਗਸਤ 2013 ਨੂੰ ਸ਼ੇਰਵੁੱਡ ਪਾਰਕ ਦੇ ਫ਼ੈਸਟੀਵਲ ਪਲੇਸ ਵਿਖੇ ਨਾਟਕ ਦੇ ਲੇਖਕ ਤੇ ਨਿਰਦੇਸ਼ਕ ਦਵਿੰਦਰ ਦਮਨ ਦੀ ਨਿਰਦੇਸ਼ਨਾ ਹੇਠ ਕਰਵਾਏ ਗਏ ਨਾਟਕ 'ਨਿਸ਼ਾਨ-ਏ-ਗ਼ਦਰ' ਦੀਆਂ ਝਲਕੀਆਂ।


















ਐਡਮਿੰਟਨ (ਕਨੇਡਾ) 31 ਅਗਸਤ 2013 ਨੂੰ ਨਾਟਕ 'ਨਿਸ਼ਾਨ-ਏ-ਗ਼ਦਰ' ਦੀ ਪੇਸ਼ਕਾਰੀ ਤੋਂ ਬਾਅਦ ਨਾਟਕ ਦੇ ਨਿਰਦੇਸ਼ਕ ਤੇ ਲੇਖਕ ਦਵਿੰਦਰ ਦਮਨ ਕਲਾਕਾਰਾਂ ਦੀ ਜਾਣ-ਪਛਾਣ ਉਪਰੰਤ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ।

# ਕਲਾਕਾਰਾਂ ਨੇ ਵੀ ਸਮਾਜਕ ਜੀਵਨ ਵਿਚ ਹੀ ਰਹਿਣਾ ਹੈ : ਦਵਿੰਦਰ ਦਮਨ

**ਦਵਿੰਦਰ ਦਮਨ** ਦਾ ਨਾਮ ਪੰਜਾਬੀ ਦੇ ਪਹਿਲੀ ਪਾਲ ਦੇ ਨਾਟਕਕਾਰਾਂ ਵਿਚ ਬੋਲਦਾ ਹੈ। ਉਹਦੀ ਜ਼ਿੰਦਗੀ ਦੇ ਹੋਸ਼ ਸੰਭਾਲਣ ਦੇ ਦਿਨ ਵੀ ਬੇਹੱਦ ਨਾਟਕੀ ਸਨ, ਸ਼ਾਇਦ ਇਸੇ ਕਰ ਕੇ ਪੂਰੀ ਤਰ੍ਹਾਂ ਸੁਚੇਤ ਹੋਣ ਤੋਂ ਬਾਅਦ ਉਹਨੇ ਨਾਟਕ ਖੇਤਰ ਨੂੰ ਹੀ ਅਪਣਾ ਜੀਵਨ-ਪੰਧ ਬਣਾ ਲਿਆ। ਆਲ ਇੰਡੀਆ ਰੇਡੀਓ ਤੋਂ ਮਾਨਤਾ ਪ੍ਰਾਪਤ ਗਾਇਕ ਹੋਣ ਦੇ ਬਾਵਜੂਦ ਉਹਦਾ ਨਾਟਕ ਲਈ ਹਰਪਾਲ ਟਿਵਾਣਾ ਦੇ ਲੜ ਲੱਗ ਜਾਣਾ, ਇਹੀ ਦਰਸਾਉਂਦਾ ਹੈ ਕਿ ਉਹ ਬਣਿਆ ਹੀ ਨਾਟਕ ਲਈ ਹੈ। 1964-65 ਵਿਚ ਇਪਟਾ ਦੇ ਪ੍ਰਭਾਵ ਹੇਠ ਰੰਗਮੰਚ ਨਾਲ ਜੁੜਨ ਵੇਲੇ ਖ਼ੁਦ ਦਮਨ ਨੂੰ ਵੀ ਇਹ ਅਹਿਸਾਸ ਨਹੀਂ ਸੀ ਕਿ ਉਹ ਇਕ ਦਿਨ ਪੰਜਾਬੀ ਦਾ ਸਿਰਮੌਰ ਨਾਟਕਕਾਰ ਹੋ ਨਿਬੜੇਗਾ। ਦਵਿੰਦਰ ਦਮਨ ਦਾ ਪੰਜਾਬੀ ਨਾਟਕ ਲੇਖਕ ਨਿਰਦੇਸ਼ਕ ਅਤੇ ਅਦਾਕਾਰ ਦੇ ਤੌਰ 'ਤੇ ਸਫ਼ਰ ਬੇਹੱਦ ਸੁਚੇਤ ਅਤੇ ਮਾਣ-ਮੱਤਾ ਰਿਹਾ ਹੈ। ਉਹ ਵਿਚਾਰਧਾਰਕ ਤੌਰ 'ਤੇ ਕਿਤੇ ਟਪਲਾ ਨਹੀਂ ਖਾਂਦਾ; ਇਸੇ ਲਈ ਨਾਟਕ 'ਛਿਪਣ ਤੋਂ ਪਹਿਲਾਂ', ਸ਼ਹੀਦ ਭਗਤ ਸਿੰਘ ਬਾਰੇ ਹੁਣ ਤਕ ਲਿਖੇ ਨਾਟਕਾਂ ਵਿਚ ਬੜਾ ਸੰਤੁਲਤ ਹੋ ਨਿਬੜਿਆ ਹੈ। ਉਹ ਅੱਜ ਜਿਥੇ ਪੰਜਾਬੀ ਨਾਟਕ ਦਾ ਬੇਹੱਦ ਸਨਮਾਨਤ ਨਾਂਅ ਹੈ ਉਥੇ ਪੰਜਾਬੀ ਫ਼ਿਲਮਾਂ ਵਿਚ ਵੀ ਉਸ ਦਾ ਸਾਰਥਕ ਦਖ਼ਲ ਦੇਖਿਆ ਜਾ ਸਕਦਾ ਹੈ। ਪਿਛਲੇ ਡੇਢ ਮਹੀਨੇ ਤੋਂ ਦਵਿੰਦਰ ਦਮਨ 'ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੇ ਸੱਦੇ 'ਤੇ ਐਡਮਿੰਟਨ ਵਿਚ ਸਨ, ਇਥੇ ਉਨ੍ਹਾਂ ਸਥਾਨਕ ਕਲਾਕਾਰਾਂ ਨੂੰ ਨਾਲ ਲੈ ਕੇ 31 ਅਗਸਤ ਨੂੰ ਗ਼ਦਰ ਲਹਿਰ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਕਰਵਾਏ ਜਾ ਰਹੇ ਨਾਟਕ 'ਨਿਸ਼ਾਨ-ਏ-ਗ਼ਦਰ' ਦੀ ਰਚਨਾ ਅਤੇ ਨਿਰਦੇਸ਼ਨਾ ਕੀਤੀ। ਉਨ੍ਹਾਂ ਨਾਲ ਇਹ ਗੱਲਾਂ **'ਨਵੀਂ ਦੁਨੀਆ'** ਅਤੇ ਸਾਹਿਤਕ ਰਸਾਲੇ **'ਹੁਣ'** ਦੇ ਪਾਠਕਾਂ ਲਈ ਕੀਤੀਆਂ **ਸੁਸ਼ੀਲ ਦੁਸਾਂਝ** ਨੇ। ਇਸ ਮੁਲਾਕਾਤ ਦੀ ਆਖ਼ਰੀ ਕਿਸ਼ਤ ਛਾਪੀ ਜਾ ਰਹੀ ਹੈ - ਸੰਪਾਦਕ

## ਬਾਲੀਵੁੱਡ ਤੇ ਹਾਲੀਵੁੱਡ ਵਿਚਲਾ ਫ਼ਰਕ

? : ਕਈ ਸਾਲ ਪਹਿਲਾਂ ਅੰਗਰੇਜ਼ੀ ਦੀਆਂ ਕਈ ਅਖ਼ਬਾਰਾਂ ਨੇ ਛਾਪਿਆ ਸੀ ਕਿ "Davinder Daman has become first Asian member of American screenwriters association" ਇਹ ਕੀ ਮਾਜਰਾ ਸੀ?

*ਦਮਨ :* ਕੋਈ ਖ਼ਾਸ ਨਹੀਂ। ਪੰਜਾਬੀ ਅਖ਼ਬਾਰਾਂ ਨੇ ਵੀ ਛਾਪਿਆ ਸੀ। ਗੱਲ ਇਹ ਸੀ ਕਿ 1981 ਤੋਂ ਬਾਅਦ ਦੂਜੀ ਵਾਰ ਮੈਂ 2002 ਵਿਚ ਅਮਰੀਕਾ ਗਿਆ ਸੀ। ਮੈਂ ਹਾਲੀਵੁੱਡ ਵਿਚ ਕੀਤੀ ਜਾ ਰਹੀ ਫ਼ਿਲਮ ਨਿਰਦੇਸ਼ਨਾ ਅਤੇ ਸਕਰੀਨਰਾਈਟਿੰਗ ਬਾਰੇ ਜਾਣਨ ਲਈ ਬਹੁਤ ਉਤਸਕ ਸੀ। ਮੈਂ ਉਸ ਸਮੇਂ ਲਾਸ ਏਂਜਲਸ ਵਿਚ ਸਾਂ। ਮੈਂ ਸਸਤਾ ਤੇ ਸੌਖਿਆਂ ਸਿੱਖਣ ਲਈ ਐਸੋਸੀਏਸ਼ਨ ਨੂੰ ਬੇਨਤੀ ਕੀਤੀ। ਐਸੋਸੀਏਸ਼ਨ ਨੇ ਮੈਨੂੰ ਮੇਰੇ ਪਿਛਲੇ ਤਜਰਬੇ ਬਾਰੇ ਪੁੱਛਿਆ। ਮੈਂ ਅਪਣੀਆਂ ਕੁਝ ਰਿਲੀਜ਼ ਹੋਈਆਂ ਅਤੇ ਕੁਝ ਲਿਖੀਆਂ ਫ਼ਿਲਮਾਂ ਦੇ ਖਰੜੇ ਵਿਖਾਏ। ਉਨ੍ਹਾਂ ਮੇਰਾ ਲਿਖਣ ਢੰਗ ਵੇਖ ਕੇ ਮੇਰੀ ਬੇਨਤੀ ਰੱਦ ਕਰ ਦਿੱਤੀ ਅਤੇ ਮੈਨੂੰ ਕਿਹਾ ਕਿ ਪਹਿਲਾਂ ਸਿੱਖ ਕੇ ਆਵੋ-ਮੈਨੂੰ ਮਜਬੂਰਨ ਕੋਰਸ ਕਰਨਾ ਪਿਆ।

? : ਭਾਰਤੀ ਫ਼ਿਲਮ ਲਿਖਣ ਦਾ ਢੰਗ ਅਤੇ ਹਾਲੀਵੁੱਡ ਦੇ ਢੰਗ ਵਿਚ ਕੀ ਬਹੁਤ ਫ਼ਰਕ ਹੈ?

*ਦਮਨ :* ਬਹੁਤ ਵੱਡਾ ਅੰਤਰ। ਪਹਿਲਾ ਤਾਂ ਵੱਡਾ ਅੰਤਰ ਇਹ ਹੈ ਕਿ ਫ਼ਿਲਮ ਵਿਚ ਡਾਇਲਾਗ ਘੱਟ ਤੋਂ ਘੱਟ ਹੋਣ। 70 ਫੀਸਦੀ ਐਕਸ਼ਨ ਹੋਵੇ ਤਾਂ ਸਕ੍ਰਿਪਟ ਵਧੀਆ ਮੰਨੀ ਜਾਂਦੀ ਹੈ। ਦੂਜੇ ਘੱਟੋ-ਘੱਟ 6-7 ਵਾਰ ਫ਼ਿਲਮ ਦੁਬਾਰਾ ਲਿਖੀ ਜਾਂਦੀ ਹੈ।

? : ਉਹ ਕਿਉਂ?

*ਦਮਨ :* ਫ਼ਿਲਮ ਦੀ ਸਕ੍ਰਿਪਟ ਕਿਸ ਬਾਰੇ ਹੈ, ਉਸ ਦਾ ਵਿਸ਼ਾ ਕੀ ਹੈ, ਉਸ ਅਨੁਸਾਰ ਦੇ ਮਾਹਰ ਸੱਦੇ ਜਾਂਦੇ ਹਨ। ਜੇ ਘੋੜਿਆਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ-ਘੋੜਿਆਂ ਦਾ ਮਾਹਰ, ਜੇ ਹਵਾਈ ਜਹਾਜ਼ਾਂ ਦੀ ਵਰਤੋਂ ਹੋਈ ਹੈ ਤਾਂ ਜਹਾਜ਼ਾਂ ਦਾ ਮਾਹਰ-ਜੇ ਖੇਡ ਵਿਸ਼ਾ ਹੈ ਤਾਂ ਖੇਡਾਂ ਦਾ ਮਾਹਰ-ਜੇ ਫ਼ੌਜ ਜਾਂ ਪੁਲੀਸ ਨਾਲ ਸਬੰਧਤ ਵਿਸ਼ਾ ਹੈ ਤਾਂ ਉਸ ਦਾ ਮਾਹਰ। ਜੇ ਪੁਲਾੜ ਦੀ ਉਡਾਣ ਸਬੰਧੀ ਹੈ ਤਾਂ ਪੁਲਾੜੀ ਜਹਾਜ਼ਾਂ ਨਾਲ ਸਬੰਧਤ ਮਾਹਰ। ਇਸ ਤੋਂ ਇਲਾਵਾ ਪ੍ਰੋਡਿਊਸਰ ਦੇ ਵਿੱਤੀ ਸਲਾਹਕਾਰਾਂ ਨੇ ਇਹ ਵੀ ਵੇਖਣਾ ਹੁੰਦਾ ਹੈ ਕਿ ਖ਼ਰਚਾ ਕਿੰਨਾ ਹੈ। ਉਸ ਦੇ ਬਜਟ ਤੋਂ ਬਾਹਰ ਤਾਂ ਨਹੀਂ। ਇਨ੍ਹਾਂ ਸਾਰੇ ਲੋਕਾਂ ਦਾ ਬੋਰਡ ਬਣਦਾ ਹੈ ਤਾਂ ਕਹਾਣੀ ਦੀ ਪਹਿਲੀ ਮੀਟਿੰਗ ਬੈਠਦੀ ਹੈ ਜੋ ਲੇਖਕ ਨੂੰ ਸਲਾਹ ਦਿੰਦੀ ਹੈ। ਸਲਾਹ ਮੁਤਾਬਕ ਲੇਖਕ ਕਹਾਣੀ ਵਿਚ ਤਬਦੀਲੀਆਂ ਕਰਦਾ ਹੈ। ਘੱਟੋ-ਘੱਟ 6-7 ਵਾਰ ਇਸ ਤਰ੍ਹਾਂ ਦੀਆਂ ਮੀਟਿੰਗਾਂ ਹੁੰਦੀਆਂ ਹਨ ਅਤੇ ਲੇਖਕ ਨੂੰ 6-7 ਵਾਰ ਨਵਾਂ ਡਰਾਫ਼ਟ ਤਿਆਰ ਕਰਨਾ ਪੈਂਦਾ ਹੈ। ਅਜੇ ਫਿਰ ਵੀ ਜੇ ਨਿਰਮਾਤਾ, ਨਿਰਦੇਸ਼ਕ ਚਾਹੁਣ ਤਾਂ ਕਿਸੇ ਮਾਹਰ ਲੇਖਕ ਤੋਂ ਕਹਾਣੀ ਵਿਚ ਢੁਕਦੀ ਤਬਦੀਲੀ ਵੀ ਕਰਵਾ ਸਕਦੇ ਹਨ। ਪਰ ਕਹਾਣੀ 'ਤੇ ਨਾਂ ਮੂਲ ਲੇਖਕ ਦਾ ਹੀ ਰਹਿੰਦਾ ਹੈ।

## ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪ੍ਰਭਾਵ

? : ਕਿਸੇ ਲੇਖਕ ਦਾ ਤੁਹਾਡੇ ਜੀਵਨ 'ਤੇ ਪ੍ਰਭਾਵ?

*ਦਮਨ :* ਜੋ ਪਹਿਲਾਂ ਪਹਿਲ ਲੇਖਕ ਮੈਂ ਪੜ੍ਹਿਆ ਤੇ ਸਮਝਿਆ ਉਹ ਸਨ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ। ਉਨ੍ਹਾਂ ਤੋਂ ਜੀਵਨ ਜਾਚ ਸਿੱਖੀ, ਮਾਂ ਬੋਲੀ ਲਈ ਅਦਬ ਸਿੱਖਿਆ ਅਤੇ ਲਿਖਣ ਵੱਲ ਪ੍ਰੇਰਨਾ ਵੀ। ਮੈਂ ਬਚਪਨ ਵਿਚ ਹਰ ਵੇਲੇ ਗੁੱਸੇ ਵਿਚ ਹੀ ਭਰਿਆ ਰਹਿੰਦਾ ਸਾਂ। ਕਿਸੇ ਵੀ ਨਾਲ ਲੜਨ ਤੋਂ ਗੁਰੇਜ਼ ਨਹੀਂ ਸੀ ਕਰਦਾ। ਅਪਣੇ ਛੋਟੇ ਭੈਣ-ਭਰਾਵਾਂ ਨੂੰ ਕਦੇ ਵੀ ਕੁੱਟ ਸੁੱਟਦਾ ਸਾਂ। ਪਰ ਗੁਰਬਖ਼ਸ਼ ਸਿੰਘ ਨੂੰ ਪੜ੍ਹਨ ਤੋਂ ਬਾਅਦ ਮੇਰੇ ਵਿਚ ਤਬਦੀਲੀ ਆਈ। ਜ਼ਿੰਦਗੀ ਨੂੰ ਨਵੇਂ ਜਾਵੀਏ ਤੋਂ ਦੇਖਣ ਤੇ ਸਮਝਣ ਲੱਗਾ। ਮੈਂ ਕਈ ਵਾਰ ਗੁਰਬਖ਼ਸ਼ ਸਿੰਘ ਨੂੰ ਮਿਲਣਾ ਚਾਹਿਆ, ਪਰ ਮੌਕਾ ਨਹੀਂ ਮਿਲਿਆ। ਕਈ ਸਾਲਾਂ ਬਾਅਦ ਜਦੋਂ ਨਾਟਕ-ਰੰਗਮੰਚ ਵਿਚ ਮੇਰਾ ਨਾਂ ਉਭਰਿਆ ਤਾਂ ਗੁਰਬਖ਼ਸ਼ ਸਿੰਘ ਹੋਰਾਂ ਦਾ ਸਾਰਾ ਟੱਬਰ ਵਾਕਿਫ਼ ਬਣ ਗਿਆ, ਪਰ ਗੁਰਬਖ਼ਸ਼ ਸਿੰਘ ਹੋਰਾਂ ਨੂੰ ਮਿਲਣ ਦਾ ਮੌਕਾ ਫਿਰ ਵੀ ਨਹੀਂ ਮਿਲਿਆ। ਬਾਕੀ ਸਾਰੇ ਕਾਨਫਰੰਸਾਂ ਤੇ ਸਾਹਿਤ ਇਕੱਠਾਂ 'ਤੇ ਮਿਲ ਪੈਂਦੇ ਸਨ। ਨਵਤੇਜ ਤਾਂ ਮਿੱਤਰ ਹੀ ਬਣ ਗਏ। ਜਦੋਂ ਚੰਡੀਗੜ੍ਹ ਆਉਂਦੇ ਤਾਂ ਕੋਈ ਨਾ ਕੋਈ ਨਵੀਂ ਕਿਤਾਬ ਲੈ ਕੇ ਆਉਂਦੇ। ਅਸੀਂ ਇਕੱਠਿਆਂ ਸਾਡੇ ਘਰ ਬੈਠ ਕੇ ਪੜ੍ਹਦੇ। ਮੈਨੂੰ ਨਵਤੇਜ ਨੇ ਸਾਰਾ ਪਾਬਲੋ ਨਰੂਦਾ ਪੜ੍ਹਾਇਆ। ਜਦੋਂ ਮੈਂ ਅਪਣਾ ਨਾਟਕ 'ਸੂਰਜ ਦਾ ਕਤਲ' ਲਿਖਿਆ ਉਸ ਨੂੰ ਮੁਗ਼ਲ ਕਾਲ ਦੀ ਫਲੇਵਰ ਦੇਣ ਲਈ ਮੈਂ ਫਾਰਸੀ ਦੇ ਸ਼ਬਦਾਂ ਦੀ ਭਰਪੂਰ ਵਰਤੋਂ ਕੀਤੀ ਸੀ। ਪਰ ਮੈਨੂੰ ਸ਼ੰਕਾ ਸੀ ਕਿ ਮੈਂ ਕਿਸੇ ਸ਼ਬਦ ਦੀ ਗਲਤ ਵਰਤੋਂ ਨਾ ਕਰ ਰਿਹਾ ਹੋਵਾਂ ਜਾਂ ਕੋਈ ਸ਼ਬਦ ਕਿਸੇ ਥਾਂ 'ਤੇ ਅਢੁੱਕਵਾਂ ਨਾ ਹੋਵੇ। ਨਵਤੇਜ ਨੇ ਪੂਰੇ ਦੋ ਦਿਨ ਕੱਢ ਕੇ ਨਾਟਕ ਮੇਰੇ ਕੋਲੋਂ ਸੁਣਿਆ ਅਤੇ ਲੋੜੀਂਦੀਆਂ ਦਰੁਸਤੀਆਂ ਕਰਵਾਈਆਂ। ਪਰ ਮੈਂ ਪ੍ਰੀਤ ਨਗਰ ਜਾ ਕੇ ਸ. ਗੁਰਬਖ਼ਸ਼ ਸਿੰਘ ਹੋਰਾਂ ਦੇ ਦਰਸ਼ਨ ਨਾ ਕਰ ਸਕਿਆ। ਆਖ਼ਰ ਸ. ਗੁਰਬਖ਼ਸ਼ ਸਿੰਘ ਹੋਰੀਂ ਅਚਾਨਕ ਇਲਾਜ ਲਈ ਪੀ.ਜੀ.ਆਈ. (ਚੰਡੀਗੜ੍ਹ) ਵਿਚ ਆ ਦਾਖ਼ਲ ਹੋ ਗਏ। ਮੈਂ ਝੱਟ ਜਸਵੰਤ ਨੂੰ ਲੈ ਕੇ ਪੀ.ਜੀ.ਆਈ. ਜਾ ਪੁੱਜਿਆ। ਉਨ੍ਹਾਂ ਦੇ ਬੈੱਡ ਦੇ ਸਿਰਹਾਣੇ ਸੁਮੀਤ ਬੈਠਾ ਸੀ। ਅਜੇ ਮੈਂ ਸੋਚ ਹੀ ਰਿਹਾ ਸਾਂ ਕਿ ਮੈਂ ਅਪਣੇ-ਆਪ ਨੂੰ ਕਿਵੇਂ ਮਿਲਵਾਵਾਂ, ਝੱਟ ਹੀ ਸੁਮੀਤ ਨੇ ਤਾਰੀਫ਼ਮਈ ਲਹਿਜ਼ੇ ਵਿਚ ਮੇਰੇ ਬਾਰੇ ਦੱਸ ਦਿੱਤਾ। ਉਨ੍ਹਾਂ ਜਸਵੰਤ ਦੇ ਸਿਰ 'ਤੇ ਹੱਥ ਫੇਰਿਆ ਅਤੇ ਮੇਰਾ ਹੱਥ ਫੜ ਕੇ ਮੈਨੂੰ ਅਪਣੇ ਕੋਲ ਮੰਜੇ 'ਤੇ ਬਿਠਾ ਲਿਆ। ਕਿੰਨੀ ਹੀ ਦੇਰ ਉਹ ਮੇਰਾ ਹੱਥ ਫੜ ਕੇ ਮੇਰੇ ਨਾਲ ਗੱਲਾਂ ਕਰਦੇ ਰਹੇ। ਪਰ ਬਹੁਤੀ ਦੇਰ ਨਹੀਂ ਟਿਕ ਸਕੇ। ਮੈਂ ਉਨ੍ਹਾਂ ਦੀ ਸ਼ਰਧਾਂਜਲੀ ਲਿਖੀ ... ਪ੍ਰੀਤ ਲੜੀ ਵਿਚ ਛਪੀ।

? : ਸ਼ਰਧਾਂਜਲੀ...?

*ਦਮਨ :* ਹਾਂ ਜਦੋਂ ਕਦੇ ਕੋਈ ਸੱਜਣ ਜਿਸ ਨੂੰ ਮੈਂ ਬਹੁਤ ਪਿਆਰ ਕਰਦਾ ਹੋਵਾਂ ਜਾਂ ਜਿਸ ਦੀ ਬਹੁਤ ਇੱਜ਼ਤ ਮੇਰੇ ਮਨ ਵਿਚ ਹੋਵੇ ਉਸ ਦੇ ਦੁੱਖ ਦਾ ਇਜ਼ਹਾਰ ਮੈਂ ਅਕਸਰ ਸ਼ਰਧਾਂਜਲੀ ਲਿਖ ਕੇ ਕਰਦਾ ਹਾਂ।

? : ਹੋਰ ਕਿੰਨੀਆਂ ਕੁ ਲਿਖੀਆਂ ਹਨ:

*ਦਮਨ :* ਸਭ ਤੋਂ ਪਹਿਲਾਂ ਬਲਰਾਜ ਸਾਹਨੀ ਦੇ ਜਾਣ 'ਤੇ ਲਿਖੀ ਸੀ ਤੇ ਅਜੀਤ ਵਿਚ ਛਪੀ ਸੀ। ਪ੍ਰੀਕਸ਼ਤ ਸਾਹਨੀ ਨੂੰ ਖ਼ਤ ਦੇ ਰੂਪ ਵਿਚ-ਬਹੁਤ ਚਰਚਾ ਹੋਈ। ਉਦੋਂ ਹੀ ਨਵਤੇਜ ਨੇ ਉਸ ਖ਼ਤ ਵਾਲਾ ਰੂਪ ਲੇਖ ਵਿਚ ਬਦਲ ਕੇ ਪ੍ਰੀਤਲੜੀ ਵਿਚ ਛਾਪਿਆ ਤਾਂ ਹੋਰ ਵੀ ਚਰਚਿਤ ਹੋਈ। ਕੀ ਪਤਾ ਸੀ ਕਿ ਇਸੇ ਪ੍ਰੀਤਲੜੀ ਵਿਚ ਇਕ ਦਿਨ ਨਵਤੇਜ ਨੂੰ ਵੀ ਮੇਰੀ ਸ਼ਰਧਾਂਜਲੀ ਛਪੇਗੀ।

? : ਉਦਾਸ ਹੋ ਗਏ ਹੋ?

*ਦਮਨ :* ਅਜਿਹੀਆਂ ਗੱਲਾਂ ਕਰਦਿਆਂ ਉਦਾਸ ਹੋ ਹੀ ਜਾਈਦੈ। ਪਰ ਸਭ ਤੋਂ ਜ਼ਿਆਦਾ ਉਦਾਸੀ ਉਦੋਂ ਹੁੰਦੀ ਹੈ, ਜਦੋਂ ਸੋਚਦਾ ਹਾਂ ਕਿ ਮੈਂ ਉਸ ਕੁੜੀ ਲਈ ਸ਼ਰਧਾਂਜਲੀ ਕਿਉਂ ਨਹੀਂ ਲਿਖ ਸਕਿਆ ਜੋ ਮੇਰਾ ਪਹਿਲਾ ਪਿਆਰ ਸੀ।

? : ਆਂਟੀ (ਜਸਵੰਤ) ਤੋਂ ਡਰਦੇ ਹੋਵੋਗੇ?

*ਦਮਨ :* ਨਹੀਂ, ਉਸ ਤੋਂ ਕਦੇ ਕੋਈ ਲਕੋ ਨਹੀਂ ਰੱਖਿਆ। ਮੇਰੇ ਨਾਟਕ 'ਕਤਰਾ-ਕਤਰਾ ਜ਼ਿੰਦਗੀ' ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ।

## ਇਨਾਮਾਂ ਦੀ ਦੌੜ

? : ਅੱਛਾ ਇਹ ਦੱਸੋ ਤੁਹਾਨੂੰ ਇੰਨੇ ਵਰ੍ਹਿਆਂ ਵਿਚ ਕਿੰਨੇ ਕੁ ਇਨਾਮ ਮਿਲੇ ਹਨ?

*ਦਮਨ :* ਨਾਮ-ਮਾਤਰ।

? : ਇੰਨੇ ਵਰ੍ਹੇ ਕੰਮ ਕੀਤਾ ਹੈ, ਫਿਰ ਨਾਮ ਮਾਤਰ ਕਿਉਂ?

*ਦਮਨ :* ਕਦੀ ਯਤਨ ਨਹੀਂ ਕੀਤਾ, ਨਾ ਹੀ ਇੱਛਾ ਹੈ।

*ਹੁਣ :* ਤੁਹਾਡਾ ਮਤਲਬ ਹੈ ਇਨਾਮ ਯਤਨ ਕੀਤਿਆਂ ਮਿਲਦੇ ਹਨ?

*ਦਮਨ :* ਸੁਣਿਆ ਤਾਂ ਇਹੋ ਹੈ, ਜਦੋਂ ਮੈਨੂੰ ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਐਵਾਰਡ ਮਿਲਿਆ ਤਾਂ ਮੈਨੂੰ ਇਸ ਦੀ ਭਿਣਕ ਤਕ ਨਹੀਂ ਸੀ। ਅਚਾਨਕ ਇਕ ਜਾਣੂ ਪੱਤਰਕਾਰ ਦਾ ਫ਼ੋਨ ਆਇਆ ਕਿ ਵਧਾਈ ਹੋਵੇ। ਮੈਂ ਕਿਹਾ 'ਕਿਸ ਗੱਲ ਦੀ?' ਕਹਿੰਦਾ 'ਤੁਹਾਨੂੰ ਇਸ ਸਾਲ ਦਾ ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਐਵਾਰਡ ਮਿਲ ਰਿਹੈ... ਕਮਾਲ ਹੈ, ਤੁਹਾਨੂੰ ਪਤਾ ਹੀ ਨਹੀਂ?' ਮੈਂ ਕਿਹਾ 'ਮੈਨੂੰ ਕਿਵੇਂ ਤੇ ਕਿਉਂ ਪਤਾ ਹੋਵੇ?' ਕਹਿੰਦਾ 'ਦਮਨ ਜੀ ਭੱਜ ਦੌੜ ਕੀਤੇ ਬਿਨਾਂ ਕਦੋਂ ਅੱਜ-ਕੱਲ੍ਹ ਇਨਾਮ ਮਿਲਦੇ' ਮੈਂ ਕਿਹਾ ਜੇ ਏਦਾਂ ਏ ਫਿਰ ਤੁਹਾਨੂੰ ਗਲਤ ਇਨਫ਼ਾਰਮੇਸ਼ਨ ਮਿਲੀ ਏ ਮੈਨੂੰ ਇਨਾਮ ਮਿਲਣ ਦੀ।'

*ਹੁਣ :* ਤੁਹਾਨੂੰ ਵਾਕਿਆ ਈ ਪਤਾ ਨਹੀਂ ਸੀ?

*ਦਮਨ :* ਬਿਲਕੁਲ ਨਹੀਂ... ਸ਼ਾਮ ਤੀਕ ਮੈਨੂੰ ਦੋਸਤਾਂ, ਮਿੱਤਰਾਂ ਦੇ ਵਧਾਈ ਦੇ ਫ਼ੋਨ ਆਉਂਦੇ ਰਹੇ, ਪਰ ਯਕੀਨ ਉਦੋਂ ਹੋਇਆ ਜਦੋਂ ਜੋਗਾ ਸਿੰਘ ਦੀ ਪਤਨੀ ਦਾ ਫ਼ੋਨ ਆਇਆ। ਅਜਮੇਰ ਔਲਖ ਇਨਾਮ ਦੀ ਚੋਣ ਕਰਨ ਵਾਲੀ ਕਮੇਟੀ ਦਾ ਮੈਂਬਰ ਸੀ, ਉਹ ਜਾਂਦਾ ਹੋਇਆ ਤੇਜਿੰਦਰ (ਜੋਗਾ ਸਿੰਘ ਕਵੀ ਦੀ ਪਤਨੀ) ਨੂੰ ਦਸ ਕਰ ਗਿਆ ਸੀ।

*ਹੁਣ :* ਸਾਰੇ ਇਨਾਮ ਭੱਜ ਦੌੜ ਕਰ ਕੇ ਤਾਂ ਨਹੀਂ ਮਿਲਦੇ, ਕੁਝ ਹੱਕਦਾਰਾਂ ਨੂੰ ਵੀ ਮਿਲਦੇ ਹੋਣਗੇ?

*ਦਮਨ :* ਪਤਾ ਨਹੀਂ, ਲੋਕ ਤਾਂ ਗੁਰਦਿਆਲ ਸਿੰਘ ਦੀ ਭੱਜ ਦੌੜ ਦਾ ਵੀ ਜ਼ਿਕਰ ਕਰਦੇ ਨੇ, ਉਸ ਦੇ ਭਰਾ ਗੁਰਚਰਨ ਨੇ ਤਾਂ ਇਸ ਬਾਰੇ ਇਕ ਨਾਵਲ ਵੀ ਲਿਖ ਮਾਰਿਆ, ਪਰ ਜੋ ਮੇਰੇ ਨਾਲ ਵਾਪਰਿਐ, ਮੈਂ ਉਹ ਬਿਆਨ ਕਰਦਾ ਹਾਂ। ਭਾਸ਼ਾ ਵਿਭਾਗ ਦੇ ਇਕ ਸੱਜਣ ਮੈਨੂੰ ਇਕ ਸ਼ੋਸ਼ਲ ਫੰਕਸ਼ਨ ਵਿਚ ਮਿਲੇ। ਮੈਨੂੰ ਆਖਣ ਲੱਗੇ ਜੇ ਕਹੋ ਤਾਂ ਇਨਾਮ ਦਾ ਪ੍ਰਬੰਧ ਕਰੀਏ। ਉਨ੍ਹਾਂ ਦਾ ਭਾਵ ਇਨਾਮ ਦੇ ਪੈਸੇ ਦੀ ਵੰਡ ਤੋਂ ਸੀ। ਮੈਂ ਹੱਸ ਛੱਡਿਆ। ਉਨ੍ਹਾਂ ਆਖਿਆ ਅੱਜ ਕੱਲ੍ਹ ਤਾਂ ਏਦਾਂ ਈ ਚਲਦਾ ਹੈ। ਮੈਂ ਕੇਵਲ ਮੁਸਕਰਾਉਂਦਾ ਰਿਹਾ, ਕੋਈ ਉਤਰ ਨਹੀਂ ਦਿੱਤਾ। ਅੱਗੇ ਸੁਣ... ਭਾਸ਼ਾ ਵਿਭਾਗ ਦੀ ਇਕ ਕੈਬਨਿਟ ਰੈਂਕ ਦੀ ਮੰਤਰੀ ਮੇਰੀ ਬਹੁਤ ਹੀ ਜਾਣੂ ਸੀ। ਇਕ ਸੱਜਣ ਨੇ ਸਲਾਹ

ਦਿੱਤੀ ਕਿ ਕਿਉਂ ਨਹੀਂ ਮੰਤਰੀ ਸਾਹਿਬਾ ਨੂੰ ਕਹਿ ਕੇ ਭਾਸ਼ਾ ਵਿਭਾਗ ਦਾ ਇਨਾਮ ਪ੍ਰਾਪਤ ਕਰ ਲੈਂਦੇ? ਮੈਂ ਕਿਹਾ ਇਨਾਮ ਤਾਂ ਅਵੱਸ਼ ਮਿਲ ਜਾਵੇਗਾ, ਪਰ ਅਲਮਾਰੀ ਵਿਚ ਪਏ ਮੋਮੈਂਟੋ ਵਿਚੋਂ ਮੈਨੂੰ ਇਨਾਮ ਨਾਲੋਂ ਜ਼ਿਆਦਾ ਮੰਤਰੀ ਸਾਹਿਬਾ ਦਾ ਚਿਹਰਾ ਹੀ ਦਿਖਾਈ ਦਿੰਦਾ ਰਹੇਗਾ...।

*?* : ਤਾਂ ਤੁਸੀਂ ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਐਵਾਰਡ ਪ੍ਰਾਪਤ ਕੀਤਾ?

*ਦਮਨ :* ਕਰਨਾ ਹੀ ਸੀ... ਮੈਂ ਉਨ੍ਹਾਂ ਵਿਚੋਂ ਨਹੀਂ ਜੋ ਐਵਾਰਡ ਵੀ ਲੈ ਲੈਂਦੇ ਹਨ ਅਤੇ ਰੋਸਾ ਵੀ ਪ੍ਰਗਟਾਉਂਦੇ ਰਹਿੰਦੇ ਹਨ ਕਿ ਇਨਾਮ ਪਿਛੜ ਕੇ ਮਿਲਿਐ... ਇਨਾਮ ਦੀ ਵੰਡ ਵਾਲੇ ਦਿਨ ਦੀ ਗੱਲ ਵੀ ਸੁਣ ਲਓ। ਸਾਡੀ ਪੰਜ ਜਣਿਆਂ ਦੀ ਸੰਗੀਤ, ਨਾਚ ਅਤੇ ਨਾਟਕ ਵਿਚੋਂ ਚੋਣ ਹੋਈ ਸੀ। ਇਕ ਕੋਈ ਬੀਨ ਵਜਾਉਣ ਵਾਲੇ ਸਨ, ਇਕ ਬਜ਼ੁਰਗ ਸ਼ਾਸਤਰੀ ਸੰਗੀਤ ਵਿਚੋਂ, ਲੋਕ ਨਾਚ ਵਿਚੋਂ ਪੰਮੀ ਬਾਈ ਸੀ। ਮੈਂ ਅਤੇ ਓਮਪੁਰੀ ਨਾਟਕ ਤੇ ਫ਼ਿਲਮਾਂ ਦੇ ਯੋਗਦਾਨ ਲਈ ਚੁਣੇ ਗਏ ਸਾਂ। ਓਮਪੁਰੀ ਨਹੀਂ ਆਏ। ਉਨ੍ਹਾਂ ਦਾ ਇਨਾਮ ਉਨ੍ਹਾਂ ਦੇ ਇਕ ਮਿੱਤਰ ਨੇ ਪ੍ਰਾਪਤ ਕੀਤਾ। ਪਰ ਓਮ ਪੁਰੀ ਨੇ ਇਕ ਪ੍ਰੋਟੈਸਟ ਨੋਟ ਭੇਜਿਆ ਸੀ, ਜੋ ਪੜ੍ਹਿਆ ਗਿਆ, ਜਿਸ ਵਿਚ ਉਲਾਂਭਾ ਸੀ ਕਿ 'ਜਦੋਂ ਉਸ ਨੂੰ ਪਦਮ ਸ੍ਰੀ ਐਵਾਰਡ ਵੀ ਮਿਲ ਚੁੱਕਾ ਹੈ, ਪੰਜਾਬ ਆਰਟਸ ਕੌਂਸਿਲ ਨੂੰ ਹੁਣ ਉਸ ਦੀ ਯਾਦ ਆਈ ਹੈ।'

*?* : ਤੁਸੀਂ ਇਨਾਮ ਮਿਲਣ 'ਤੇ ਕਿਵੇਂ ਧੰਨਵਾਦ ਕੀਤਾ, ਕੀਤਾ ਕਿ ਨਹੀਂ ਕੀਤਾ?

*ਦਮਨ :* ਮੈਂ ਤਾਂ ਸ਼ਿਵ ਕੁਮਾਰ ਦੀ ਕਵਿਤਾ ਦਾ ਹਵਾਲਾ ਦੇ ਕੇ ਛੋਟੀ ਜਿਹੀ ਗੱਲ ਕੀਤੀ ਸੀ ਕਿ 'ਜਿਸ ਕਲਾ ਕਾਰਨ ਤੁਸੀਂ ਮੇਰਾ ਸਨਮਾਨ ਕਰ ਰਹੇ ਹੋ, ਉਸ ਕਲਾ ਬਾਰੇ ਤਾਂ ਸਰਕਾਰ ਨੇ ਕਿੰਨੇ ਹੀ ਸਾਲਾਂ ਤੋਂ ਸੋਚਣਾ ਹੀ ਬੰਦ ਕੀਤਾ ਹੋਇਆ ਹੈ। ਸਰਕਾਰੀ ਫੰਕਸ਼ਨਾਂ 'ਤੇ ਇਕੱਠ ਕਰਨ ਲਈ ਅਸ਼ਲੀਲ ਗਾਇਕੀ 'ਤੇ ਲੱਖਾਂ ਰੁਪਏ ਗਾਇਕ ਨੂੰ ਦੇ ਦਿੱਤੇ ਜਾਂਦੇ ਹਨ, ਜਦੋਂ ਕਿ ਪਿਛਲੇ 10 ਸਾਲਾਂ ਤੋਂ ਕਿਸੇ ਵੀ ਥੀਏਟਰ ਗਰੁੱਪ ਨੂੰ ਗ੍ਰਾਂਟ ਦੇ ਨਾਂ 'ਤੇ ਇਕ ਪੈਸਾ ਵੀ ਨਹੀਂ ਦਿੱਤਾ... ਮੰਤਰੀ ਨੇ ਭਾਸ਼ਣ ਸ਼ੁਰੂ ਕੀਤਾ ਮੈਂ ਹਾਲ ਤੋਂ ਬਾਹਰ ਆ ਗਿਆ। ਹਿੰਦੋਸਤਾਨ ਟਾਈਮਜ਼ ਦੀ ਨੋਨਿਕਾ ਸਿੰਘ ਮੈਨੂੰ ਲੱਭਦੀ-ਲੱਭਦੀ ਮੇਰੇ ਕੋਲ ਆ ਕੇ ਪੁੱਛਣ ਲੱਗੀ। ਅਜਿਹਾ ਕੀ ਕਹਿ ਆਏ ਹੋ ਤੁਸੀਂ ਅੰਦਰ ਕਿ ਮੰਤਰੀ ਬੜਾ ਤਿਲਮਿਲਾ ਰਿਹੈ... ਸ਼ਾਇਦ ਨੋਨਿਕਾ ਮੇਰੇ ਬੋਲਣ ਬਾਅਦ ਆਈ ਸੀ।

*?* : ਸੰਗੀਤ ਨਾਟਕ ਅਕਾਦਮੀ ਤੋਂ ਬਿਨਾਂ ਹੋਰ ਵੀ ਕੋਈ ਇਨਾਮ ਮਿਲਿਐ?

*ਦਮਨ :* ਸਾਹਿਤ ਕਲਾ ਪ੍ਰੀਸ਼ਦ ਦਿੱਲੀ ਤੋਂ ਪੰਜਾਬੀ ਨਾਟਕ ਲਈ ਨੈਸ਼ਨਲ ਐਵਾਰਡ, ਪੰਜਾਬੀ ਅਕਾਦਮੀ ਦਿੱਲੀ ਤੋਂ ਨਾਟਕ ਛਿਪਣ ਤੋਂ ਪਹਿਲਾਂ ਲਈ ਸਰਵੋਤਮ ਐਵਾਰਡ।

## ਨੌਜਵਾਨਾਂ ਦੀ ਭਟਕਣ

*?* : ਤੁਹਾਨੂੰ ਨਹੀਂ ਲਗਦਾ ਕਿ ਅੱਜ ਦੇ ਦੌਰ ਵਿਚ ਕਿਸੇ ਤਰ੍ਹਾਂ ਦੀ ਮੂਵਮੈਂਟ ਨਹੀਂ, ਇਸੇ ਕਰ ਕੇ ਨੌਜਵਾਨ ਪੀੜ੍ਹੀ ਭਟਕਣ ਵਿਚ ਹੈ?

*ਦਮਨ :* ਇਹ ਗੱਲ ਥੋਡੀ ਬਿਲਕੁਲ ਦਰੁੱਸਤ ਹੈ ਕਿ ਅੱਜ ਕੋਈ ਲਹਿਰ ਨਹੀਂ। ਇਹ ਮੰਡੀ ਦਾ ਦੌਰ ਹੈ ਤੇ ਪੂੰਜੀਵਾਦੀ ਸੋਚ ਭਾਰੂ ਹੋ ਗਈ ਹੈ। ਪ੍ਰਗਤੀ ਲਹਿਰਾਂ ਇਕ ਤਰ੍ਹਾਂ ਨਾਲ ਠੱਪ ਪਈਆਂ ਹਨ। ਮੇਰੇ ਖ਼ਿਆਲ ਨਾਲ ਪ੍ਰਗਤੀਵਾਦੀਆਂ ਕਰ ਕੇ ਹੀ ਇਹ ਵਰਤਾਰਾ ਸ਼ੁਰੂ ਹੋਇਆ। ਫ਼ਿਰਕੂ ਤਾਕਤਾਂ ਨੂੰ ਦੂਰ ਰੱਖਣ ਲਈ ਉਨ੍ਹਾਂ ਨੇ ਕਾਂਗਰਸ ਦੀ ਮੱਦਦ ਕੀਤੀ। ਕਾਂਗਰਸ ਅੰਦਰ ਜਿਹੜਾ ਪੂੰਜੀਵਾਦ ਵੱਧ ਰਿਹਾ ਸੀ, ਉਹਦੇ ਨਤੀਜੇ ਤਾਂ ਹੁਣ ਤੁਹਾਡੇ ਸਾਹਮਣੇ ਹੀ ਹਨ। ਅੱਜ ਸਾਰੇ ਫ਼ੈਸਲੇ ਕਾਰਪੋਰੇਟ ਦੇ ਹੱਕ ਵਿਚ ਭੁਗਤਦੇ ਹਨ। ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੰਡੀ ਦੀ ਵੱਡੀ ਮਾਰ ਸਾਹਿਤ ਅਤੇ ਕਲਾ 'ਤੇ ਪੈ ਰਹੀ ਹੈ।

*?* : ਇਪਟਾ ਦਾ ਪ੍ਰਧਾਨ ਹੋਣ ਦੇ ਨਾਤੇ ਵੀ ਇਸ ਦਿਸ਼ਾ 'ਚ ਕੰਮ ਨਾ ਕਰਨਾ ਕੀ ਇਹ ਤੁਹਾਡੀ ਨਾਕਾਮੀ ਨਹੀਂ?

*ਦਮਨ :* ਹਾ... ਹਾ...(ਹੱਸ ਕੇ) ਇਪਟਾ ਦਾ ਪ੍ਰਧਾਨ! ਦੇਖਣ ਨੂੰ ਹੀ ਪ੍ਰਧਾਨ ਲਗਦਾ ਹਾਂ ਜਾਂ ਕਹੋ ਨਾਂ ਦਾ ਹੀ ਪ੍ਰਧਾਨ ਹਾਂ ਪਰ ਇਹਦੀ ਨਬਜ਼ ਕਿਸੇ ਹੋਰ ਨੇ ਫੜੀ ਹੋਈ ਹੈ। ਸਾਹਿਤ ਤੇ ਕਲਾ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਮੰਚ ਤਾਂ ਬਹੁਤ ਬਣੇ ਹੋਏ ਹਨ ਪਰ ਇਪਟਾ ਸਿਆਸੀ ਜਕੜ ਵਿਚ ਹੈ। ਜਦੋਂ ਵੀ ਇਹਦੇ ਸਿਆਸੀ ਆਗੂਆਂ ਨਾਲ ਕੋਈ ਗੱਲ ਕਰੋ ਤਾਂ ਕਹਿ ਦਿੰਦੇ ਹਨ ਹਾਂ, ਕੋਈ ਸੈਮੀਨਾਰ ਰੱਖ ਲਓ। ਜਦੋਂ ਮੈਂ ਸੈਮੀਨਾਰ ਦੀ ਥਾਂ ਪ੍ਰੈਕਟੀਕਲ ਦੀ ਗੱਲ ਕਰਦਾਂ ਤਾਂ ਫੇਰ ਓਹੀ ਹੁੰਗਾਰਾ। ਇਹੀ ਕਾਰਨ ਹੈ ਕਿ ਕਈ ਲੋਕਾਂ ਨੇ ਇਪਟਾ ਤੋਂ ਵੱਖ ਹੋ ਕੇ ਕੰਮ ਕੀਤਾ ਤੇ ਉਹ ਬਹੁਤ ਵਧੀਆ ਕੰਮ ਕਰ ਰਹੇ ਹਨ। ਜਿਵੇਂ ਸਾਹਿਬ ਸਿੰਘ ਹੈ, ਕੇਵਲ ਧਾਲੀਵਾਲ ਹੈ, ਇਥੋਂ ਤਕ ਕਿ ਗੁਰਸ਼ਰਨ ਭਾਜੀ ਨੂੰ ਵੀ ਸੁਤੰਤਰ ਹੋ ਕੇ ਕੰਮ ਕਰਨਾ ਪਿਆ ਸੀ ਪਰ



ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਐਵਾਰਡ ਸਮਾਰੋਹ ਸਮੇਂ ਖੱਬਿਉਂ ਲਕਸ਼ਮਣ ਸਿੰਘ ਸ਼ੀਲ, ਦਵਿੰਦਰ ਦਮਨ, ਪ੍ਰਤਾਪ ਸਿੰਘ ਬਾਜਵਾ, ਪੰਮੀ ਬਾਈ ਅਤੇ ਬਾਬਾ ਕਾਸ਼ੀ ਨਾਥ। - 2005- ਚੰਡੀਗੜ੍ਹ

ਇਨ੍ਹਾਂ ਦੀ ਸੋਚ ਤਾਂ ਨਾ ਭਟਕੀ, ਇਹ ਇਪਟਾ ਤੋਂ ਵੱਖ ਹੋ ਕੇ ਲੋਕਾਂ ਵਿਚ ਪ੍ਰਗਤੀਵਾਦੀ ਸੁਨੇਹਾ ਦੇ ਰਹੇ ਹਨ ਤੇ ਦਿੰਦੇ ਰਹਿਣਗੇ। ਜਿਵੇਂ ਰੂਸ ਦੇ ਲੇਖਕਾਂ 'ਤੇ ਸਿਆਸੀ ਦਬਾਅ ਸੀ, ਉਹ ਮਾਹੌਲ ਇਥੇ ਵੀ ਬਣਿਆ ਹੈ। ਦਰਅਸਲ, ਇਪਟਾ ਆਜ਼ਾਦ ਨਾ ਹੋਣ ਕਰ ਕੇ ਹੀ ਇਹ ਕੋਈ ਕੰਮ ਨਹੀਂ ਕਰ ਪਾ ਰਹੀ। ਚਾਹੇ ਉਹ ਨਕਸਲੀ ਪਾਰਟੀਆਂ ਹੋਣ, ਸੀ.ਪੀ.ਐਮ. ਜਾਂ ਸੀ.ਪੀ.ਆਈ. ਇਨ੍ਹਾਂ ਦੀ ਬੇਲੋੜੀ ਦਖ਼ਲਅੰਦਾਜ਼ੀ ਹੈ। ਅੱਜ ਨਾਅਰੇ ਦੀ ਥਾਂ ਪ੍ਰਗਤੀਵਾਦੀ ਸੋਚ ਦੀ ਲੋੜ ਹੈ। ਸਿਆਸੀ ਘੁੱਟਣ ਬੰਦ ਹੋਣੀ ਚਾਹੀਦੀ ਹੈ।

ਉਂਜ ਵੀ ਇਹ ਕਲਾਕਾਰਾਂ ਨੂੰ ਪੈਸੇ ਦੇਣ ਦੇ ਹੱਕ ਵਿਚ ਨਹੀਂ। ਪਾਰਟੀਆਂ ਚਾਹੁੰਦੀਆਂ ਹਨ ਕਿ ਕਲਾਕਾਰ ਮੁਫ਼ਤ ਵਿਚ ਹੀ ਕੰਮ ਕਰੀ ਜਾਣ। ਆਖ਼ਰ ਉਨ੍ਹਾਂ ਨੇ ਵੀ ਤਾਂ ਰੋਟੀ ਖਾਣੀ ਹੈ, ਸਮਾਜਕ ਜੀਵਨ ਵਿਚ ਰਹਿਣਾ ਹੈ। ਤੇਜ਼ ਰਫ਼ਤਾਰ ਯੁੱਗ ਵਿਚ ਜੇ ਕਲਾਕਾਰ ਇਨ੍ਹਾਂ ਪਾਰਟੀਆਂ ਨਾਲ ਜੁੜੇ ਹੋਏ ਹਨ ਤਾਂ ਇਨ੍ਹਾਂ ਨੂੰ ਸਾਂਭਣ ਦੀ ਜ਼ਿੰਮੇਵਾਰੀ ਵੀ ਇਨ੍ਹਾਂ ਦੀ ਹੈ। ਗੱਲ ਤਾਂ ਇਹ ਹੈ ਕਿ ਅਸਲ ਕਮਿਊਨਿਸਟ ਪਾਰਟੀਆਂ ਹੁਣ ਰਹੀਆਂ ਨਹੀਂ। ਛੋਟੇ ਛੋਟੇ ਗਰੁੱਪਾਂ ਵਿਚ ਵੰਡਦੀਆਂ ਜਾ ਰਹੀਆਂ ਹਨ। ਇਹ ਗਰੁੱਪ ਆਪਣੇ-ਆਪਣੇ ਮਕਸਦ ਲਈ ਬਣਦੇ ਹਨ। ਇਨ੍ਹਾਂ ਦੀ ਆਪਸੀ ਸਾਂਝ ਜਦ ਕੋਈ ਹੈ ਨਹੀਂ ਤਾਂ ਲੋਕਾਂ ਨੂੰ ਸੇਧ ਕਿਵੇਂ ਦੇਣਗੀਆਂ। ਮੈਂ ਸਮਝਦਾ ਹਾਂ ਕਿ ਕਲਾਕਾਰ, ਕਲਾਕਾਰ ਹੈ। ਉਹਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਹੈ, ਇਸ ਲਈ ਉਨ੍ਹਾਂ ਨੂੰ ਗਰੁੱਪਾਂ ਵਿਚ ਨਹੀਂ ਵੰਡਣਾ ਚਾਹੀਦਾ। ਪਾਰਟੀਆਂ ਕਲਾਕਾਰਾਂ ਨੂੰ ਟੂਲ ਵਾਂਗ ਵਰਤਦੀਆਂ ਹਨ। ਵਰਤਣਾ ਵੀ ਚਾਹੀਦਾ ਹੈ ਪਰ ਟੂਲ ਨੂੰ ਜੰਗ ਰੋਧਕ ਬਣਾਉਣ ਦਾ ਜ਼ਿੰਮਾ ਤਾਂ ਪਾਰਟੀਆਂ ਦਾ ਹੀ ਹੈ। ਜੇ ਇਵੇਂ ਨਹੀਂ ਕਰਨਗੀਆਂ ਤਾਂ ਉਨ੍ਹਾਂ ਦਾ ਮਕਸਦ ਵੀ ਪੂਰਾ ਨਹੀਂ ਹੋ ਸਕਦਾ।

*?* : ਕੀ ਖੱਬੀਆਂ ਧਿਰਾਂ ਦੀ ਬੇਰੁਖ਼ੀ ਨਹੀਂ ਕਿ ਆਵਾਮ ਅੰਨਾ ਹਜ਼ਾਰੇ ਜਾਂ ਰਾਮਦੇਵ ਵਿਚੋਂ ਸਥਿਤੀਆਂ ਬਦਲਣ ਦੀ ਭਾਲ ਕਰ ਰਹੀ ਹੈ?

*ਦਮਨ :* ਇਹ ਤੁਸੀਂ ਠੀਕ ਆਖ ਰਹੇ ਹੋ। ਖੱਬੀਆਂ ਧਿਰਾਂ ਦੀ ਗ਼ੈਰ ਹਾਜ਼ਰ ਸਰਗਰਮੀ ਬਹੁਤ ਨੁਕਸਾਨ ਕਰ ਰਹੀ ਹੈ।

## ਕਮਿਊਨਿਸਟਾਂ ਦੀਆਂ ਸਟੇਜਾਂ 'ਤੇ ਨਾਟਕ

*?* : ਤੁਹਾਡੇ ਸ਼ੁਰੂਆਤੀ ਪੜਾਅ ਵਿਚ ਪੇਂਡੂ ਰੰਗਮੰਚ ਵੀ ਸੀ ਤੇ ਹੋਰ ਵੀ ਕਈ ਤਰ੍ਹਾਂ ਦਾ ਥੀਏਟਰ ਸੀ ਪਰ ਤੁਹਾਡੀ ਵਿਧਾ ਕੀ ਸੀ?

*ਦਮਨ :* ਨਾ ਨਾ, ਉਦੋਂ ਕੋਈ ਪੇਂਡੂ ਰੰਗਮੰਚ ਨਹੀਂ ਸੀ। ਸਿਰਫ਼ ਤੇ ਸਿਰਫ਼ ਕਮਿਊਨਿਸਟ ਪਾਰਟੀਆਂ ਦੀਆਂ ਸਟੇਜਾਂ ਹੁੰਦੀਆਂ ਸਨ। ਗੁਰਸ਼ਰਨ ਭਾਜੀ ਵੀ ਉਦੋਂ ਨੰਗਲ ਤੋਂ ਅੰਮ੍ਰਿਤਸਰ ਆ ਗਏ ਸੀ। ਉਹ ਉਥੇ ਗਾਂਧੀ ਗਰਾਊਂਡ ਵਿਚ ਨਾਟਕ ਕਰਦੇ ਸੀ। ਉਨ੍ਹਾਂ ਤਾਂ ਤੇਰਾ ਸਿੰਘ ਚੰਨ, ਨਰਿੰਦਰ ਦੁਸਾਂਝ, ਜੋਗਿੰਦਰ ਬਾਹਰਲੇ ਦੀ ਵਿਰਾਸਤ ਨੂੰ ਹੀ ਉਨ੍ਹਾਂ ਅਗਾਂਹ ਤੋਰਿਆ। ਨਰਿੰਦਰ ਦੁਸਾਂਝ ਬਹੁਤ ਵਧੀਆ ਕਲਾਕਾਰ ਸੀ। ਉਦੋਂ ਓਹਦੇ ਨਾਟਕ 'ਤੇ ਹੀ ਪਾਬੰਦੀ ਲੱਗੀ ਸੀ। ਕਿਸਾਨਾਂ 'ਤੇ ਜਿਹੜਾ ਖ਼ੁਸ਼ਹੈਸੀਅਤ ਟੈਕਸ ਲਾਇਆ ਗਿਆ ਸੀ, ਉਹਦੇ ਵਿਰੋਧ ਵਿਚ ਹੀ ਉਨ੍ਹਾਂ ਨੇ 'ਜੋਰੀਂ ਮੰਗੇ ਦਾਨ ਵੇ ਲਾਲੋ' ਨਾਟਕ ਲਿਖਿਆ ਸੀ।

ਮੈਨੂੰ ਯਾਦ ਹੈ ਜਦੋਂ ਬਿਲਗੇ ਪਿੰਡ ਇਹ ਨਾਟਕ ਖੇਡਿਆ ਜਾਣਾ ਸੀ ਤਾਂ ਸਰਕਾਰ ਨੂੰ ਭਾਜੜਾਂ ਪੈ ਗਈਆਂ। ਇਹ 55-56 ਦੀ ਗੱਲ ਹੈ। ਉਦੋਂ ਪਾਰਟੀ ਦੀ ਵੰਡ ਨਹੀਂ ਸੀ ਹੋਈ। ਉਦੋਂ ਵੀ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸੀ। ਏਨਾ ਵੱਡਾ 'ਕੱਠ ਮੈਂ ਜ਼ਿੰਦਗੀ 'ਚ ਕਦੇ ਨਹੀਂ ਦੇਖਿਆ। ਹਜ਼ਾਰਾਂ ਦਾ 'ਕੱਠ ਹੋਵੇਗਾ। ਇਹ ਵੱਡੀ ਇਤਿਹਾਸਕ ਘਟਨਾ ਹੈ। ਮੈਂ ਅੱਖੀਂ ਦੇਖਿਆ ਸਭ ਕੁਝ ਜੋਗਿੰਦਰ ਬਾਹਰਲੇ ਨੂੰ ਤਾਂ ਪਹਿਲਾਂ ਹੀ ਜਲੰਧਰੋਂ ਗ੍ਰਿਫ਼ਤਾਰ ਕਰ



ਮਰਹੂਮ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨਾਲ ਜਸਵੰਤ ਅਤੇ ਦਵਿੰਦਰ ਦਮਨ, 1973, ਕਿਸਾਨ ਕਾਨਫਰੰਸ ਬਠਿੰਡਾ

ਲਿਆ। ਉਹਦਾ ਗੀਤ ਸੀ, ''ਪਗੜੀ ਸੰਭਾਲ ਜੱਟਾ'' ਇਹਤੇ ਵੀ ਪੂਰਨ ਪਾਬੰਦੀ ਸੀ। ਪੁਲੀਸ ਨੇ ਨੀਮ ਫ਼ੌਜੀ ਦਸਤਿਆਂ ਨਾਲ ਨਾਟਕ ਵਾਲੀ ਥਾਂ ਨੂੰ ਪੂਰੀ ਤਰ੍ਹਾਂ ਘੇਰਾ ਪਾਇਆ ਹੋਇਆ ਸੀ। ਲੋਕ ਤਾਂ ਏਨੀ ਫ਼ੌਜ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੇ ਤਾਂ ਕਦੇ ਹੈਲਮਟ ਨਹੀਂ ਸੀ ਦੇਖੇ। ਫ਼ੌਜੀ ਹਥਿਆਰ ਦੇਖ-ਦੇਖ ਹੀ ਹੈਰਾਨ ਹੋ ਰਹੇ ਸੀ। ਅਸਲ 'ਚ ਖ਼ੁਸ਼ਹੈਸੀਅਤ ਟੈਕਸ ਦੇ ਮੁੱਦੇ 'ਤੇ ਹੀ ਜਦੋਂ ਕਿਸਾਨਾਂ ਦਾ ਵਿਰੋਧ ਚੱਲ ਰਿਹਾ ਸੀ ਤਾਂ ਨਰੂੜ ਅਤੇ ਐਤੀਆਣਾ ਪਿੰਡਾਂ ਵਿਚ ਜਿਹੜੀ ਗੋਲੀ ਚਲੀ ਸੀ, ਉਹਦੇ ਵਿਰੋਧ ਵਿਚ ਇਹ 'ਕੱਠ ਹੋਇਆ ਸੀ।

ਮੇਰੇ ਪਿਤਾ ਇਸ ਸਭ ਦੇ ਨਾਇਕ ਕਹੇ ਜਾ ਸਕਦੇ ਹਨ। ਉਨ੍ਹਾਂ ਦਾ ਬਹੁਤ ਵੱਡਾ ਹੱਥ ਸੀ ਇਸ ਸੰਘਰਸ਼ 'ਚ। ਦਲੀਪ ਸਿੰਘ ਟਪਿਆਲਾ, ਗੁਰਬਖ਼ਸ਼ ਅੱਟਾ, ਸਾਰੇ ਵੱਡੇ ਆਗੂ ਸ਼ਾਮਲ ਸੀ। ਗੁਰਬਖ਼ਸ਼ ਅੱਟਾ ਪ੍ਰੋਗਰਾਮ ਦਾ ਸਟੇਜ ਸਕੱਤਰ ਸੀ। ਉਹਦੇ ਬਾਕਾਇਦਾ ਮੈਜਸਟਰੇਟ ਨਾਲ ਸਵਾਲ-ਜਵਾਬ ਹੋਏ। ਕਹੇ ਸਰੰਡਰ ਕਰੋ। ਪੁਲੀਸ ਸਿੱਧਾ ਤਾਂ ਗ੍ਰਿਫ਼ਤਾਰ ਕਰ ਨਹੀਂ ਸੀ ਸਕਦੀ। ਅੱਟਾ ਤੇ ਮੈਜਿਸਟਰੇਟ ਲਾਊਡ ਸਪੀਕਰਾਂ 'ਤੇ ਆਹਮੋ-ਸਾਹਮਣੇ ਗੱਲਬਾਤ ਕਰ ਰਹੇ ਸੀ। ਅੱਟਾ ਕਹੇ, ਤੁਸੀਂ ਨਾਟਕ ਨਹੀਂ ਰੋਕ ਸਕਦੇ, ਸਾਨੂੰ ਗ੍ਰਿਫ਼ਤਾਰ ਕਰੋ ਪਰ ਨਾਟਕ ਪੂਰਾ ਹੋ ਲੈਣ ਦਿਓ। ਨਾਟਕ ਚਲਦਾ ਰਿਹਾ। ਪਰ ਵਾਰ ਵਾਰ ਮੈਜਿਸਟਰੇਟ ਤੰਗ ਕਰਦਾ ਰਿਹਾ। ਉਨ੍ਹਾਂ ਦਾ ਲਾਊਡ ਸਪੀਕਰ ਉਚਾ ਸੀ। ਕਾਮਰੇਡਾਂ ਨੇ ਆਪਣੇ ਵਲੰਟੀਅਰ ਵੀ ਦੂਰ-ਦੂਰ ਤਕ ਭੇਜੇ ਕਿ ਕਿਤੇ ਉਹ ਸਪੀਕਰ ਦੀਆਂ ਤਾਰਾਂ ਨਾ ਕੱਟ ਦੇਣ। ਪਾਰਟੀ ਨੂੰ ਵੀ ਸ਼ਾਇਦ ਥੋੜ੍ਹਾ ਬਹੁਤ ਇਲਮ ਸੀ। ਜਦੋਂ ਨਾਟਕ ਦਾ ਅੱਠਵਾਂ ਸੀਨ ਆਇਆ ਤਾਂ ਉਹਦੇ ਵਿਚ ਪੁਲੀਸ ਦੀ ਗ੍ਰਿਫ਼ਤਾਰੀ ਦਿਖਾਈ ਜਾਣੀ ਸੀ ਪਰ ਇਹ ਸੱਚਮੁਚ ਦੀ ਹੀ ਘਟਨਾ ਬਣ ਗਈ। ਬਾਕਾਇਦਾ ਪੁਲੀਸ ਸਟੇਜ 'ਤੇ ਆਈ ਤੇ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ।

ਵੈਸੇ ਤਾਂ ਇਹ ਨਾਟਕ ਪਹਿਲਾਂ ਵੀ ਖੇਡਿਆ ਜਾ ਚੁੱਕਾ ਸੀ ਪਰ ਸਰਕਾਰ ਬਹੁਤ ਡਰ ਗਈ ਸੀ। ਇਹ ਹੈ ਨਾਟਕਾਂ ਦੀ ਸ਼ਕਤੀ। ਇਸੇ ਕਰ ਕੇ ਇਸ ਨਾਟਕ 'ਤੇ ਜੋਗਿੰਦਰ ਬਾਹਰਲੇ ਦੇ ਗੀਤ 'ਤੇ ਪਾਬੰਦੀ ਲਾਈ। ਜੋਗਿੰਦਰ ਬਾਹਰਲਾ 'ਕੱਲਾ ਹੀ ਇਹ ਗੀਤ ਗਾਉਂਦਾ ਸੀ। ਬਹੁਤ ਖ਼ੂਬਸੂਰਤ ਢੰਗ ਨਾਲ। ਉਹਦੇ ਨਾਲ ਕੁਲਦੀਪ ਨਾਂ ਦਾ ਮੁੰਡਾ ਸਾਜ ਵਜਾਉਂਦਾ ਸੀ। ਇਸ ਤੋਂ ਇਲਾਵਾ ਬਠਿੰਡੇ ਦੀ 1973 ਦੀ ਸੀ.ਪੀ.ਆਈ. ਦੀ ਕਿਸਾਨ ਕਾਨਫਰੰਸ ਦਾ ਏਨਾ ਵੱਡਾ 'ਕੱਠ ਹੋਇਆ। ਤਿੰਨ ਦਿਨ ਦਾ ਪ੍ਰੋਗਰਾਮ ਸੀ। ਹਰ ਸ਼ਾਮ ਕਲਚਰਲ ਪ੍ਰੋਗਰਾਮ ਹੋਣੇ ਸੀ। ਕਰੀਬ 70 ਹਜ਼ਾਰ ਲੋਕ ਪਹੁੰਚੇ ਹੋਣਗੇ। ਇਥੋਂ ਹੀ ਮੇਰੀ ਇੰਦਰ ਕੁਮਾਰ ਗੁਜਰਾਲ ਹੋਰਾਂ ਨਾਲ ਸਾਂਝ ਬਣੀ ਸੀ। ਬਰਾਡ ਕਾਸਟਿੰਗ ਮਨਿਸਟਰ ਸੀ। ਇਨ੍ਹਾਂ ਨੇ ਮੱਦਦ ਦੇ ਨਾਂ 'ਤੇ 'ਕੋਹੇਨੂਰ ਦਾ ਲੁਟੇਰਾ' ਨਾਟਕ ਭੇਜਿਆ। ਏਨਾ ਬੇਹੁਦਾ ਨਾਟਕ ਸੀ ਕਿ ਲੋਕਾਂ ਨੇ ਲੱਖਾਂ ਰੁਪਏ ਦਾ ਸੈਟ ਹੀ ਪੁੱਟ ਦਿੱਤਾ। ਪਹਿਲੀ ਵਾਰ ਮੈਂ ਏਨੇ ਵੱਡੇ 'ਕੱਠ 'ਚ ਆਪਣਾ ਨਾਟਕ ਖੇਡਿਆ। ਧਰਤੀ ਮਾਂ (ਕਾਲਾ ਲਹੂ) ਵੰਡ 'ਤੇ ਸੀ। ਜਸਵੰਤ ਉਦੋਂ 24 ਦਿਨਾਂ ਦੇ ਰਿਪੂ ਨੂੰ ਪਿੰਡ ਛੱਡ ਕੇ ਬਠਿੰਡੇ ਪੁੱਜੀ ਸੀ।

*?* : ਮੈਂ ਸੁਣਿਆ ਸੀ ਤੁਸੀਂ ਕਲਾਕਾਰਾਂ ਨੂੰ ਉਨ੍ਹਾਂ ਦਾ ਮਿਹਨਤਾਨਾ ਦਿੰਦੇ ਸੀ?

*ਦਮਨ :* ਹਾਂ, ਮੈਨੂੰ ਲਗਦਾ ਸੀ ਕਿ ਕਲਾਕਾਰਾਂ ਨੂੰ ਉਨ੍ਹਾਂ ਦੀ ਮਿਹਨਤ ਮਿਲਣੀ ਚਾਹੀਦੀ ਹੈ। ਮੈਂ ਭਾਵੇਂ ਕੋਈ ਆਰਥਕ ਪੱਖੋਂ ਸੌਖਾ ਨਹੀਂ ਸੀ, ਫੇਰ ਵੀ ਉਦੋਂ 30 ਰੁਪਏ ਹਰੇਕ ਪ੍ਰਫੌਰਮੈਂਸ ਦਿੰਦਾ ਹੁੰਦਾ ਸੀ। ਪ੍ਰਬੰਧਕਾਂ ਵਲੋਂ ਫ਼ੀਸ ਮਿਲਦੀ ਸੀ ਤਾਂ ਉਨ੍ਹਾਂ ਨੂੰ ਕਲਕਾਰਾਂ 'ਚ ਵੰਡਦਾ ਸੀ। ਕਈ ਵਾਰ ਪਲਿਉਂ ਵੀ ਦੇਣੇ ਪੈਂਦੇ ਸੀ। ਇਕ ਵਾਰ ਗੁਰਸ਼ਰਨ ਭਾਜੀ ਮੈਨੂੰ ਪੁੱਛਣ ਲੱਗ ਗਏ, 'ਬਈ ਮੈਂ ਸੁਣਿਐ ਤੂੰ ਕਲਾਕਾਰਾਂ ਨੂੰ ਪੈਸੇ ਦਿੰਦੈਂ!'' ਮੈਂ ਕਿਹਾ ਹਾਂ ਜੀ। ਕਹਿੰਦੇ 'ਕਲਾਕਾਰਾਂ ਨੂੰ ਕਾਹਦੇ ਪੈਸੇ। ਕਲਾਕਾਰ ਥੀਏਟਰ ਨਾਲ ਜੁੜੇ ਹੁੰਦੇ ਹਨ, ਉਨ੍ਹਾਂ 'ਚ ਬਸ ਕੰਮ ਕਰਨ ਦਾ ਜਨੂੰਨ ਹੋਣਾ ਚਾਹੀਦਾ ਹੈ।'' ਮੈਂ ਪੁਛਿਆ, ''ਭਾਜੀ ਤੁਸੀਂ ਪ੍ਰਬੰਧਕਾਂ ਤੋਂ ਫ਼ੀਸ ਲੈਂਦੇ ਹੋ?' ਕਹਿੰਦੇ ਹਾਂ। ਮੈਂ ਕਿਹਾ, ਫੇਰ ਕਲਾਕਾਰ ਟੀਮ ਵਜੋਂ ਕੰਮ ਕਰਦੇ ਨੇ, ਉਨ੍ਹਾਂ ਨੂੰ ਭੁੱਖੇ ਤਾਂ ਨਹੀਂ ਮਾਰਨਾ, ਉਨ੍ਹਾਂ ਦੀ ਵੀ ਮਿਹਨਤ ਮਿਲਣੀ ਚਾਹੀਦੀ ਹੈ।

ਦੋ ਚਾਰ ਮਹੀਨੇ ਬਾਅਦ ਮੈਂ ਕੋਈ ਨਾਟਕ ਦੇਖਣ ਟੈਗੋਰ ਥੀਏਟਰ ਗਿਆ ਤਾਂ ਅੱਗੋਂ ਹਰਭਜਨ ਜੱਬਲ ਤੇ ਜਤਿੰਦਰ ਕੌਰ ਦੂਰੋਂ ਹੱਥ ਹਿਲਾਉਂਦੇ ਭੱਜੇ ਆਉਣ। ਆ ਕੇ ਮੇਰਾ ਧੰਨਵਾਦ ਕਰਨ ਕਿ ਤੇਰੇ ਕਰ ਕੇ ਭਾਜੀ ਨੇ ਸਾਨੂੰ ਪੈਸੇ ਦੇਣੇ ਸ਼ੁਰੂ ਕਰ ਦਿੱਤੇ। ਭਾਜੀ ਦੀ ਇਹ ਖ਼ਾਸੀਅਤ ਸੀ ਕਿ ਉਹ ਹਰ ਇਕ ਦੀ ਗੱਲ ਸੁਣਦੇ ਸੀ, ਤੇ ਜਿਹੜੀ ਗੱਲ ਚੰਗੀ ਲੱਗਦੀ ਸੀ, ਪੂਰੀ ਵੀ ਕਰਦੇ ਸੀ।

## ਐਕਟਿੰਗ ਦੀ ਤਕਨੀਕ

*?* : ਸੁਣਿਆ ਹੈ ਤੁਸੀਂ ਐਕਟਿੰਗ ਵੀ ਸਿਖਾਉਂਦੇ ਹੋ ਅਤੇ ਤੁਸੀਂ ਅਪਣੀ ਨਵੀਂ ਤਕਨੀਕ ਵੀ ਈਜਾਦ ਕੀਤੀ ਹੈ?

*ਦਮਨ :* ਐਕਟਿੰਗ ਸਿਖਾਉਣਾ ਤਾਂ ਹਰ ਨਿਰਦੇਸ਼ਕ ਦੀ ਮਜਬੂਰੀ ਹੁੰਦੀ ਹੈ। ਅਪਣੇ ਗਰੁੱਪ, ਨਵੇਂ ਮੈਂਬਰਾਂ ਨੂੰ ਭਾਵੇਂ ਉਸ ਨੂੰ ਆਪ ਐਕਟਿੰਗ ਨਾ ਵੀ ਆਉਂਦੀ ਹੋਵੇ। ਹਾਂ, ਮੈਂ ਅਪਣੇ ਤਜਰਬੇ ਅਤੇ ਇਕ ਮਜਬੂਰੀ ਕਾਰਨ ਨਵੀਂ ਤਕਨੀਕ ਈਜਾਦ ਕੀਤੀ ਹੈ। ਕਈ ਸਾਲ ਬਿਨਾਂ ਕਿਸੇ ਨੂੰ ਦੱਸੇ ਇਸ ਦੀ ਵਰਤੋਂ ਵੀ ਕਰਦਾ ਰਿਹਾ। ਅਸਲ ਵਿਚ ਇਹ ਤਕਨੀਕ ਅਚਾਨਕ ਹੀ ਸੁੱਝ ਗਈ। 1974 ਵਿਚ ਮੈਂ ਪਹਿਲੀ ਵਾਰ ਇਸ ਦਾ ਐਲਾਨ ਕਰ ਦਿੱਤਾ। ਅੰਗਰੇਜ਼ੀ ਟ੍ਰਿਬਿਊਨ ਵਿਚ ਖ਼ਬਰ ਵੀ ਛਪੀ ਸੀ। ਜਦੋਂ ਮੇਰੇ ਕਲਾਕਾਰਾਂ ਨੂੰ ਕੁਝ ਫ਼ਾਇਦਾ ਹੋਇਆ। ਜੋ ਕਲਾਕਾਰ ਦੂਜੇ ਨਿਰਦੇਸ਼ਕਾਂ ਕੋਲ ਕਾਮਯਾਬ ਨਹੀਂ ਸਨ ਹੋਏ, ਉਨ੍ਹਾਂ ਨੂੰ ਵੀ ਕੁਝ ਵੱਖਰੀ ਤਰ੍ਹਾਂ ਦਾ ਅਹਿਸਾਸ ਹੋਇਆ। ਕੁਝ ਤਾਂ ਗ਼ੈਰ-ਕਲਾਕਾਰ ਵੀ ਕਲਾਕਾਰ ਬਣ ਗਏ।

*?* : ਤੁਹਾਡੀ ਤਕਨੀਕ ਦਾ ਕੀ ਨਾਂ ਹੈ। ਜਿਵੇਂ ਕੇ ਸਟੈਨਿਸਲਾਵਸਕੀ ਦੀ ਤਕਨੀਕ ਮੈਥਡ ਸਿਸਟਮ ਹੈ, ਬ੍ਰੈਖ਼ਤ ਦੀ ਥਿਊਰੀ ਆਫ ਐਲੀਨੇਸ਼ਨ, ਗਰੋਟੋਵਸਕੀ, ਪੈਟੀਬ੍ਰੁਕ ਆਦਿ ਦੀਆਂ ਹਨ?

*ਦਮਨ :* ਮੇਰੀ ਤਕਨੀਕ ਦਾ ਨਾਂ ਹੈ ਯੋਗਿਕ ਵੇਅ ਆਫ਼ ਐਕਟਿੰਗ।

*?* : ਮੇਰਾ ਖ਼ਿਆਲ ਹੈ ਕਿ ਯੋਗਾ ਦੀ ਵਰਤੋਂ ਤਾਂ ਪਹਿਲੋਂ ਹੀ ਥੀਏਟਰ ਵਿਚ ਹੋ ਰਹੀ ਹੈ।

*ਦਮਨ :* ਹਾਂ, ਹੋ ਰਹੀ ਹੈ..ਪਰ ਉਹ ਸਰੀਰਕ ਕਿਰਿਆ ਤਕ ਸੀਮਤ ਹੈ। ਉਹ ਹਠ ਯੋਗਾ ਦੀ ਵਰਤੋਂ ਕਰਦੇ ਹਨ..ਪਰ ਮੈਂ ਮੈਡੀਟੇਸ਼ਨ 'ਤੇ ਜ਼ੋਰ ਦਿੰਦਾ ਹਾਂ..ਮੈਂ ਯੋਗਾ ਦੇ ਨਾਲ-ਨਾਲ ਪ੍ਰਣਾਯਾਮ 'ਤੇ ਜ਼ਿਆਦਾ ਜ਼ੋਰ ਦਿੰਦਾ ਹਾਂ।

*?* : ਤੁਹਾਡੇ ਹਿਸਾਬ ਨਾਲ ਕਿੰਨੀ ਕੁ ਸਫ਼ਲ ਹੋਈ ਹੈ ਇਹ ਤਕਨੀਕ?

*ਦਮਨ :* ਦੱਸਿਆ ਤਾਂ ਹੈ ਕਿ ਨਾਨ-ਐਕਟਰ ਵੀ ਐਕਟਰ ਬਣ ਜਾਂਦਾ ਹੈ। ਇਸ ਤਕਨੀਕ ਕਾਰਨ ਜਿਹੜੇ ਬੱਚੇ ਕਿਸੇ ਸਹਿਮ ਜਾਂ ਦਬਾਅ ਜਾਂ ਅਸੁਰੱਖਿਆ ਕਾਰਨ ਕਈ ਕਈ ਸਾਲਾਂ ਤੋਂ ਬੋਲਣੋਂ ਬੰਦ ਹੋ ਗਏ ਸਨ, ਉਨ੍ਹਾਂ ਨੂੰ ਨਾਟਕ ਵਿਚ ਕੰਮ ਕਰਵਾ ਕੇ ਸੂਤਰਧਾਰ ਤਕ ਦਾ ਰੋਲ ਕਰਵਾ ਦਿੱਤਾ।

*?* : ਕਮਾਲ ਹੈ!

*ਦਮਨ :* ਹਾਂ, ਇਹ ਤਕਨੀਕ ਥਰੈਪੀ ਵੀ ਸਿੱਧ ਹੋ ਰਹੀ ਹੈ। ਕਲਾਕਾਰ ਲਈ ਜੋ ਸਰੀਰਕ ਜਾਂ ਮਾਨਸਿਕ ਤੌਰ 'ਤੇ ਲੋੜੀਂਦਾ ਹੈ-ਇਹ ਤਕਨੀਕ ਪਹਿਲਾਂ ਉਸ ਦੀ ਪੂਰਤੀ ਕਰਦੀ ਹੈ।

*?* : ਦੋ ਕੁ ਸਾਲ ਪਹਿਲਾਂ ਤੁਸੀਂ ਸਾਰੰਗ ਲੋਕ, ਮੁਹਾਲੀ ਵਿਚ ਮੁਹਾਲੀ ਤੇ ਚੰਡੀਗੜ੍ਹ ਦੇ ਕਾਲਜ ਅਧਿਆਪਕਾਂ ਲਈ ਵਰਕਸ਼ਾਪ ਲਾਈ ਸੀ?

*ਦਮਨ :* ਹਾਂ, ਅਚਾਨਕ ਹੀ ਪੰਜਾਬ ਆਰਟਸ ਕੌਂਸਲ ਵਲੋਂ ਮੈਨੂੰ ਐਕਟਿੰਗ ਗੁਰੂ ਦਾ ਦਰਜਾ ਪ੍ਰਦਾਨ ਕਰ ਦਿੱਤਾ ਗਿਆ। ਪੰਜਾਬ ਸੰਗੀਤ ਨਾਟਕ ਅਕਾਦਮੀ ਵਲੋਂ ਮਾਇਕ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ ਗਈ। ਸਿੱਖਣ ਵਾਲਿਆਂ ਲਈ ਵੀ ਤੇ ਸਿਖਾਉਣ ਵਾਲਿਆਂ ਲਈ ਵੀ। ਮੈਂ ਸਾਰੰਗ ਲੋਕ ਦੀ ਡਾਇਰੈਕਟਰ ਰਮਾ ਰਤਨ ਨਾਲ ਸਲਾਹ ਕੀਤੀ। ਉਨ੍ਹਾਂ ਹੁੰਗਾਰਾ ਭਰਿਆ ਅਤੇ ਨਾਲ ਕਾਲਜ ਦੇ ਅਧਿਆਪਕਾਂ ਦੀ ਵਰਕਸ਼ਾਪ ਲਾਉਣ ਦੀ ਵੀ ਸਲਾਹ ਦਿੱਤੀ। ਕਿਉਂਕਿ ਯੂਥ ਫੈਸਟੀਵਲਜ਼ ਲਈ ਕਾਲਜਾਂ ਨੂੰ ਬਾਹਰੋਂ ਕੋਚ ਸੱਦਣੇ ਪੈਂਦੇ ਸਨ ਤੇ ਯੂਨੀਵਰਸਿਟੀ ਚਾਹੁੰਦੀ ਸੀ ਕਿ ਕਾਲਜ ਅਧਿਆਪਕ ਤਿਆਰੀ ਵਿਚ ਦਿਲਚਸਪੀ ਲੈਣ। ਸੋ, ਬਹੁਤ ਸਾਰੇ ਕਾਲਜਾਂ ਨੇ ਅਪਣੇ ਅਧਿਆਪਕ ਸਿੱਖਣ ਲਈ ਭੇਜ ਦਿੱਤੇ।

*?* : ਕਿਹੋ ਜਿਹਾ ਤਜਰਬਾ ਰਿਹਾ?

*ਦਮਨ :* ਬਹੁਤ ਹੀ ਸਫ਼ਲ ਵਰਕਸ਼ਾਪ ਰਹੀ। ਹਰ ਅਧਿਆਪਕ ਨੇ ਅਪਣੇ-ਅਪਣੇ ਵਿਚਾਰ ਲਿਖ ਕੇ ਦਿੱਤੇ। ਇਕ ਨੇ ਤਾਂ ਇਥੋਂ ਤਕ ਲਿਖ ਦਿੱਤਾ ਕਿ 30 ਸਾਲ ਬਾਅਦ ਮੈਨੂੰ ਅੱਜ ਪਤਾ ਲੱਗਾ ਹੈ ਕਿ ਪੜ੍ਹਾਇਆ ਕਿਸ ਤਰ੍ਹਾਂ ਜਾਣਾ ਚਾਹੀਦਾ ਹੈ। ਅਧਿਆਪਕ ਜ਼ਿਆਦਾ ਮਹਿਲਾ ਸਨ ਅਤੇ ਅੰਗਰੇਜ਼ੀ ਪੜ੍ਹਾਉਣ ਵਾਲੇ ਸਨ। ਇਹ ਸਭ ਯੋਗਾ ਤਕਨੀਕ ਕਾਰਨ ਹੀ ਸਫ਼ਲ ਹੋ ਸਕਿਆ।

*?* : ਕੀ ਤੁਸੀਂ ਇਸ ਤਕਨੀਕ ਨੂੰ ਕਿਤਾਬੀ ਰੂਪ ਨਹੀਂ ਦੇਣਾ ਚਾਹੁੰਦੇ?

*ਦਮਨ :* ਮੈਂ ਇਸ ਪਾਸੇ ਕੰਮ ਕਰ ਰਿਹਾ ਹਾਂ। ਅਮਰੀਕਾ ਵਿਚ ਇਕ ਪਬਲਿਸ਼ਰ ਨਾਲ ਗੱਲ ਚੱਲ ਰਹੀ ਹੈ। ਪਹਿਲਾਂ ਅੰਗਰੇਜ਼ੀ ਵਿਚ ਹੀ ਛਪੇਗੀ ਕਿਉਂਕਿ ਮੈਂ ਯੂਨੀਵਰਸਿਟੀ ਆਫ ਨਾਰਥ ਟੈਕਸਾਸ ਦੇ ਥੀਏਟਰ ਵਿਭਾਗ ਦੇ ਸੱਦੇ 'ਤੇ ਉਥੇ ਪੋਲੀਟੀਕਲ ਥੀਏਟਰ ਅਤੇ ਯੋਗਿਕ ਵੇਅ ਆਰਟ ਆਫ਼ ਐਕਟਿੰਗ ਉਪਰ ਦੋ ਵਾਰ ਗੈਸਟ ਲੈਕਚਰਰ ਵਜੋਂ ਜਾ ਚੁੱਕਾ ਹਾਂ। ਇਸ ਤਕਨੀਕ ਦੀ ਕਈ ਹਲਕਿਆਂ ਵਿਚ ਉਥੇ ਸ਼ਲਾਘਾ ਹੋਈ ਹੈ ਅਤੇ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਥੀਏਟਰ ਵਿਭਾਗ ਇਸ ਕਿਤਾਬ ਨੂੰ ਸਵੀਕਾਰ ਕਰਨਗੇ, ਇਹ ਉਮੀਦ ਹੈ।

*?* : ਕਾਫ਼ੀ ਗੱਲਾਂ ਹੋ ਗਈਆਂ ਦਮਨ ਸਾਹਿਬ; ਤੁਸੀਂ ਵੀ ਕੱਲ੍ਹ ਅਮਰੀਕਾ ਜਾਣਾ ਹੈ। ਕੱਪੜੇ-ਲੱਤੇ ਪੈਕ ਕਰਨੇ ਹੋਣਗੇ। ਬੱਸ ਆਖ਼ਰੀ ਸਵਾਲ। ਐਂ ਦੱਸੋ ਬਈ ਹੁਣ ਅੱਗੇ ਕੀ ਕਰਨਾ?

*ਦਮਨ :* ਜੋ ਹੁਣ ਤਕ ਕੀਤਾ; ਉਹਨੂੰ ਅੱਗੇ ਤੋਰਨਾ। ਅਮਰੀਕਾ ਜਾ ਰਿਹਾਂ; ਉਥੇ ਇਕ ਫ਼ਿਲਮ ਦਾ ਪ੍ਰਾਜੈਕਟ ਉਡੀਕ ਰਿਹੈ ਮੈਨੂੰ। ਡਾਇਲਾਗ ਲਿਖਣੇ ਹਨ। ਦੋ ਕੁ ਮਹੀਨਿਆਂ ਤਕ ਮੁੜਾਂਗਾ ਤਾਂ ਕੁਝ ਨਾਟਕ ਦਿਮਾਗ ਵਿਚ ਘੁੰਮ ਰਹੇ ਹਨ; ਉਨ੍ਹਾਂ ਨੂੰ ਸਫ਼ਿਆਂ 'ਤੇ ਉਤਾਰਾਂਗਾ ਤੇ ਫਿਰ ਸਟੇਜ 'ਤੇ। ਬਾਕੀ ਬੱਚਿਆਂ ਨਾਲ ਐਕਟਿੰਗ ਕਲਾਸਾਂ ਤਾਂ ਲਾਉਣੀਆਂ ਹੀ ਲਾਉਣੀਆਂ ਹਨ। ਕੁਝ ਹੋਰ ਯੋਜਨਾਵਾਂ ਵੀ ਹਨ।

*?* : ਬਹੁਤ-ਬਹੁਤ ਸ਼ੁਕਰੀਆ ਦਮਨ ਸਾਹਿਬ।

*ਦਮਨ :* ਚੰਗਾ ਬਈ, ਖ਼ੁਸ਼ ਰਹੋ।



ਨਾਟਕ 'ਨਿਸ਼ਾਨ-ਏ-ਗ਼ਦਰ' ਦੀ ਤਕਨੀਕੀ ਟੀਮ ਦੇ ਰੌਬੀ ਟਕਾਚਿਕ (ਤਕਨੀਕੀ ਡਾਇਰੈਕਟਰ) ਅਤੇ ਪੈਗੀ ਥੌਮਸ (ਈਵੈਂਟ ਤੇ ਪ੍ਰਮੋਸ਼ਨ ਰੈਪ ਡਾਇਰੈਕਟਰ) ਨਾਲ ਦਵਿੰਦਰ ਦਮਨ - ਐਡਮਿੰਟਨ (ਕਨੇਡਾ) -31 ਅਗਸਤ 2013

---

*?* : ਤੁਹਾਡਾ ਨਾਟਕ 'ਕਤਰਾ-ਕਤਰਾ ਜ਼ਿੰਦਗੀ' ਬੇਹੱਦ ਮਕਬੂਲ ਹੋਇਆ ਹੈ ਇਸ ਦੀ ਸਿਰਜਣ ਪ੍ਰਕਿਰਿਆ ਪਾਠਕਾਂ ਨਾਲ ਸਾਂਝੀ ਕਰੋ



'ਕਤਰਾ-ਕਤਰਾ ਜ਼ਿੰਦਗੀ' ਕਿਤਾਬ ਨੂੰ ਰਿਲੀਜ਼ ਕਰਨ ਸਮੇਂ-2011

ਦਮਨ : ਜਦੋਂ ਮੈਂ ਕਤਰਾ-ਕਤਰਾ ਜ਼ਿੰਦਗੀ ਲਿਖਣ ਬੈਠਾ ਸਾਂ ਤਾਂ ਮੈਂ ਦੋ ਪਾਤਰਾਂ ਮੀਆਂ-ਬੀਵੀ ਦੀ ਹਲਕੀ ਫੁਲਕੀ ਜਿਹੀ ਕਾਮੇਡੀ ਲਿਖਣਾ ਚਾਹੁੰਦਾ ਸੀ। ਨਾ ਹੀ ਮੈਂ ਇਸ ਦਾ ਨਾਮ 'ਕਤਰਾ-ਕਤਰਾ ਜ਼ਿੰਦਗੀ' ਸੋਚਿਆ ਸੀ। ਮੈਂ ਅਕਸਰ ਰਚਨਾਵਾਂ ਦੇ ਨਾਂ ਉਨ੍ਹਾਂ ਦੀ ਪੂਰਤੀ ਉਪਰੰਤ ਹੀ ਰੱਖਦਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਨਾਂ ਰੱਖਣਾ ਹੀ ਨਹੀਂ ਆਉਂਦਾ। ਮੈਂ ਤਾਂ ਆਪਣੇ ਬੱਚਿਆਂ ਦੇ ਨਾਂ ਵੀ ਠੀਕ ਢੰਗ ਦੇ ਨਹੀਂ ਰੱਖ ਸਕਿਆ। ਧੀ ਦਾ ਨਾਂ ਮੁੰਡਿਆਂ ਵਾਲਾ ਅਰਵਿੰਦ ਰੱਖ ਦਿੱਤਾ। ਟੈਲੀਫ਼ੋਨ 'ਤੇ ਜਦੋਂ ਉਹ ਕਿਸੇ ਨੂੰ ਉੱਤਰ ਦੇ ਰਹੀ ਹੁੰਦੀ ਹੈ, ਅਗੋਂ ਅਗਲਾ ਕਹਿੰਦਾ ਹੈ ਮੈਂ ਤੁਹਾਡੇ ਪਤੀ ਅਰਵਿੰਦ ਨਾਲ ਗੱਲਬਾਤ ਕਰਨੀ ਹੈ, ਉਹ ਕਹਿੰਦੀ ਹੈ ਪਤੀ ਵੀ ਮੈਂ ਹੀ ਹਾਂ। ਮੇਰੇ ਪਹਿਲੇ ਨਾਟਕ (ਧਰਤੀ ਮਾਂ...) ਦਾ ਨਵਾਂ ਨਾਂ 'ਕਾਲਾ ਲਹੂ' ਭੂਸ਼ਨ ਧਿਆਨਪੁਰੀ ਨੇ ਰੱਖਿਆ ਸੀ। ਕਤਰਾ-ਕਤਰਾ ਨਾਟਕ ਦਾ ਨਾਂ ਵੀ ਤਾਰਨ ਗੁਜਰਾਲ ਨੇ ਸੁਝਾਇਆ ਸੀ। ਮੇਰੇ ਅਪਣੇ ਨਾਂ ਨੂੰ ਮਾਂ ਬਾਪ ਤੋਂ ਬਾਅਦ ਮੇਰੇ ਮਿੱਤਰ ਪਰਮਿੰਦਰਜੀਤ ਨੇ ਪੂਰਾ ਕੀਤਾ ਸੀ। ਮੇਰਾ ਪਹਿਲਾ ਨਾਂ ਦੇਵਿੰਦਰ ਦਾਮਨ ਸੀ। ਅਸੀਂ ਪਹਿਲੀ ਵਾਰ ਇਕ ਮੁਸ਼ਾਇਰੇ ਵਿਚ ਸ਼ਿਵ ਕੁਮਾਰ ਸਹਿਤ ਨੰਗਲ ਇਕੱਠੇ ਹੋਏ- ਉਨ੍ਹਾਂ ਦਿਨਾਂ ਵਿਚ ਮੈਂ ਕਵੀ ਵੀ ਸਾਂ। ਰਾਤ ਪਰਮਿੰਦਰ ਦੇ ਘਰ ਰਿਹਾ। ਸਵੇਰੇ ਚਾਹ ਵੇਲੇ ਪਰਮਿੰਦਰ ਨੇ ਕਿਹਾ ਤੇਰਾ ਤਖ਼ੱਲਸ ਦਾਮਨ ਨਹੀਂ ਜਚਦਾ। ਪੁਰਾਣਾ ਜਿਹਾ ਲਗਦੈ ਜਿਵੇਂ ਉਸਤਾਦ ਦਾਮਨ। ਮੈਂ ਕਿਹਾ ਹੁਣ ਤਾਂ ਮੇਰੇ ਮੈਟਰਿਕ ਸਰਟੀਫ਼ਿਕੇਟ ਵਿਚ ਵੀ ਇਹੋ ਦਰਜ ਹੋ ਚੁੱਕਾ ਹੈ। ਉਸ ਕਿਹਾ ਕਿ ਸਪੈਲਿੰਗ ਦੋਹਾਂ ਦੇ ਉਹੀ ਰਹਿਣੇ ਨੇ (ਉਨ੍ਹਾਂ ਦਿਨਾਂ ਵਿਚ ਸਰਟੀਫ਼ਿਕੇਟ ਅੰਗਰੇਜ਼ੀ ਵਿਚ ਹੋਇਆ ਕਰਦੇ ਸਨ) ਤੇ ਉਸ ਨੇ ਮੈਨੂੰ ਦਮਨ ਲਿਖਣਾ ਸ਼ੁਰੂ ਕਰ ਦਿੱਤਾ। ... ਹਾਂ ਮੈਂ ਗੱਲ ਕਰ ਰਿਹਾ ਸੀ- ਨਾਟਕ 'ਕਤਰਾ-ਕਤਰਾ ਜ਼ਿੰਦਗੀ' ਦੀ ਸਿਰਜਣ ਪ੍ਰਕਿਰਿਆ ਬਾਰੇ- ਮੈਂ ਸਾਧਾਰਨ ਪਤੀ-ਪਤਨੀ ਦੀ ਨੋਕ-ਝੋਕ ਲਿਖਣੀ ਚਾਹੁੰਦਾ ਸੀ। ਜੋ ਸਾਧਾਰਨ ਜੀਵਨ ਜਿਉਂਦੇ ਲੋਕਾਂ ਨੂੰ ਚਿਤਰ ਸਕੇ। ਪਰ ਪਤਾ ਨਹੀਂ ਲਿਖਦੇ-ਲਿਖਦੇ ਨਾਟਕ ਜ਼ਿੰਦਗੀ ਦੀਆਂ ਡੂੰਘਾਈਆਂ 'ਚ ਉਤਰਨ ਲੱਗਾ ਸੀ। ਮੈਂ ਜੋ ਚਾਹਿਆ ਸੀ ਨਾਟਕ ਉਸ ਦੇ ਉਲਟ ਮੋੜ ਲੈ ਚੁੱਕਾ ਸੀ। ਅਚਾਨਕ ਹੀ ਸਾਦੇ ਸੱਚ ਤੋਂ ਸਦੀਵੀ ਸੱਚ ਦੀ ਖੋਜ ਵਲ ਰੁਖ਼ ਅਖ਼ਤਿਆਰ ਕਰ ਲਿਆ ਸੀ ਪਾਤਰਾਂ ਨੇ। ਮੈਂ ਮੁੜ ਵਿਚਾਰਨ 'ਤੇ ਮਜਬੂਰ ਹੋ ਗਿਆ, ਲਿਖਣਾ ਰੋਕ ਦਿੱਤਾ। ਮੁੜ ਪੜ੍ਹਿਆ-ਮਾੜਾ ਵੀ ਨਹੀਂ ਸੀ। ਪਰ ਓਦਾਂ ਦਾ ਨਹੀਂ ਸੀ ਬਣ ਰਿਹਾ ਜਿੱਦਾਂ ਦਾ ਮੈਂ ਸੋਚ ਕੇ ਟੁਰਿਆ ਸੀ। ਅਚਾਨਕ ਮੈਨੂੰ ਖ਼ਿਆਲ ਆਇਆ ਕਿ ਮੈਂ ਨਵੇਂ ਲੇਖਕਾਂ ਨੂੰ ਉਨ੍ਹਾਂ ਦੇ ਪੁੱਛਣ 'ਤੇ ਕਿ ਕਿਵੇਂ ਲਿਖਣਾ ਚਾਹੀਦਾ ਹੈ, ਸਲਾਹ ਦਿੰਦਾ ਹਾਂ ਕਿ Go wilder vast ਬਾਅਦ ਵਿਚ ਐਡਿਟ ਕਰ ਲਵੋ; ਇਹ ਮੈਂ ਅਪਣੇ 'ਤੇ ਕਿਉਂ ਲਾਗੂ ਨਹੀਂ ਕਰ ਰਿਹਾ? ਇਕ ਵਾਰ ਰੁਕਣ ਨਾਲ ਮੁੜ ਸੋਚ ਦੀ ਲੜੀ ਹੀ ਟੁੱਟ ਗਈ। ਡਾ. ਰਮਾ ਰਤਨ ਨਾਲ ਗੱਲ ਕੀਤੀ ਉਹ ਕਹਿੰਦੇ ਆਪਾਂ ਕੁਝ ਜਣੇ ਰੀਡਿੰਗ ਰੱਖਦੇ ਹਾਂ ਤਾਂ ਕੋਈ ਹੱਲ ਨਿਕਲ ਆਵੇਗਾ। ਕੁਝ ਸੁਝਾਅ ਮਿਲਣਗੇ- ਰੀਡਿੰਗ ਰੱਖੀ ਗਈ-ਅਧੂਰਾ ਨਾਟਕ ਪੜ੍ਹਕੇ ਸੁਣਾਇਆ-ਸੁਝਾਅ ਮਿਲੇ ਪਰ ਮੈਂ ਅੰਦਰੋਂ ਸਹਿਮਤ ਨਾ ਹੋਇਆ ਪਰ ਇਸ ਦਾ ਇਹ ਫ਼ਾਇਦਾ ਹੋਇਆ ਕਿ ਬਹਾਨੇ ਸਿਰ ਚਿੰਤਨ ਹੋ ਗਿਆ ਅਤੇ ਮਿਲੇ ਸੁਝਾਵਾਂ ਵਿਚੋਂ ਮੈਨੂੰ ਹੋਰ ਬੜਾ ਕੁਝ ਸੁਝ ਗਿਆ ਅਤੇ ਨਾਟਕ ਪੂਰਾ ਹੋ ਗਿਆ। ਅਸਲ ਵਿਚ ਜਦੋਂ ਅਸੀਂ ਕੁਝ ਜਕੜ ਕੇ ਜਾਂ ਮਾਡਲ ਬਣਾ ਕੇ ਲਿਖਦੇ ਹਾਂ ਤਾਂ ਤੁਸੀਂ ਆਪਣੀ ਜ਼ਿੰਦਗੀ ਦੇ ਸੱਚ, ਅਪਣੇ ਅਨੁਭਵਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਜੋ ਤੁਸਾਂ ਜ਼ਿੰਦਗੀ ਨੂੰ ਵੇਖਿਆ, ਸੁਣਿਆ ਹੈ ਜਾਂ ਹੰਢਾਇਆ ਹੈ, ਉਸ ਨੂੰ ਪਾਸੇ ਰੱਖ ਕੇ ਤੁਸੀਂ ਕਿਸੇ ਵੀ ਕਲਾ ਦੀ ਰਚਨਾ ਨਹੀਂ ਕਰ ਸਕਦੇ। ਇਸ ਲਈ ਨਾਟਕ 'ਕਤਰਾ-ਕਤਰਾ ਜ਼ਿੰਦਗੀ' ਲਿਖਣ ਸਮੇਂ ਮੇਰੀ ਅੜਚਨ ਬਾਹਰੀ ਮਾਡਲ ਘੜਿਆ ਸੱਚ ਅਤੇ ਅੰਦਰਲੇ ਸੱਚ ਦੇ ਟਕਰਾਓ ਦੀ ਸੀ। ਪਰ ਜਦੋਂ ਮੈਂ ਦੋਵਾਂ ਦਾ ਬਲੈਂਡ ਕੀਤਾ ਤਾਂ ਇਹ ਇਕ ਖ਼ਾਸਾ-ਨਾਟਕ ਹੋ ਨਿਬੜਿਆ। ਪਰ ਇਸ ਲਈ ਮੈਨੂੰ ਮੇਰੇ ਦੋਵੇਂ ਸਾਧਾਰਨ ਪਾਤਰ ਜੋ ਮੈਂ ਮੁੱਢ ਵਿਚ ਚਿਤਰੇ ਸਨ, ਦੋ ਪ੍ਰਬੁੱਧ ਪਾਤਰ ਵਿਚ ਰੀਪਲੇਸ ਕਰਨੇ ਪਏ। ਲੇਖਕ ਪਤੀ ਅਤੇ ਅਕਾਦਮਿਕ ਪਤਨੀ। ਮੇਰੇ ਅਚੇਤ ਅਤੇ ਸੁਚੇਤ ਵਿਚ ਪਿਆ ਬਹੁਤ ਕੁਝ ਇਸ ਨਾਟਕ ਦੇ ਡਾਇਲਾਗ ਵਿਚ ਢਲਿਆ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਥੀਏਟਰ ਅਤੇ ਡੈਮੋਕਰੇਸੀ



ਦਵਿੰਦਰ ਦਮਨ
davinderdaman@gmail.com

ਮਨੁੱਖੀ ਵਿਕਾਸ ਨੇ ਜਿਥੇ ਜ਼ਿੰਦਗੀ ਦੇ ਸਪਾਟ ਪੱਖਾਂ ਵਿਚ ਹੈਰਾਨੀਜਨਕ ਪ੍ਰਾਪਤੀਆਂ ਕੀਤੀਆਂ ਹਨ, ਉਥੇ ਕਲਾ ਅਤੇ ਪ੍ਰਬੰਧ ਦੇ ਖੇਤਰ ਵਿਚ ਬਹੁਤ ਹੀ ਅਹਿਮ ਪ੍ਰਾਪਤੀ ਕੀਤੀ ਹੈ। ਸਭ ਤੋਂ ਵੱਡੀ ਪ੍ਰਾਪਤੀ ਥੀਏਟਰ ਕਲਾ ਅਤੇ ਸਰਕਾਰੀ ਪ੍ਰਬੰਧਾਂ ਵਿਚ ਹੋਈ ਹੈ। ਇਨ੍ਹਾਂ ਦੋਵਾਂ ਖੇਤਰਾਂ ਦਾ ਮਨੁੱਖ ਦੀ ਜ਼ਿੰਦਗੀ ਦੇ ਸਮੁੱਚੇ ਵਿਕਾਸ ਵਿਚ ਬਹੁਤ ਵੱਡਾ ਰੋਲ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਇਹ ਤਬਦੀਲੀਆਂ ਮਨੁੱਖ ਦੇ ਮੁਢ ਕਦੀਮੀ ਜੀਵਨ ਦੇ ਨਾਲ ਹੀ ਸ਼ੁਰੂ ਹੋ ਗਈਆਂ ਸਨ। ਥੀਏਟਰ ਭਾਵ ਪ੍ਰਗਟਾਵਾ-ਪ੍ਰਬੰਧ ਭਾਵ ਸਰਕਾਰ, ਦੋਵਾਂ ਬਿਨਾਂ ਮਨੁੱਖ ਦਾ ਜਿਊਣਾ ਅਸੰਭਵ ਹੈ। ਬਿਨਾਂ ਕਲਾਤਮਕ ਪ੍ਰਗਟਾਵੇ ਅਤੇ ਬਿਨਾਂ ਸੁਚੱਜੇ ਪ੍ਰਬੰਧ ਦੇ ਜੀਵਨ ਦਾ ਕਿਆਸ ਕਰਨਾ ਹੀ ਅਪਣੇ ਆਪ ਵਿਚ ਬੇਮਾਇਨੇ ਹੈ।

ਥੀਏਟਰ ਕਲਾ ਹੀ ਮਨੁੱਖ ਦਾ ਸਮਾਜ ਨੂੰ ਸੰਬੋਧਨ ਕਰਨ ਦਾ ਪਹਿਲਾ ਪ੍ਰਭਾਵ ਭਾਵ ਪ੍ਰਗਟਾਵਾ ਹੈ। ਮਨੁੱਖ ਦੇ ਪ੍ਰਗਟਾ ਕਰਨ ਦੇ ਢੰਗ ਤੋਂ ਹੀ ਸਾਰੀਆਂ ਕਲਾਵਾਂ ਪੈਦਾ ਹੋਈਆਂ ਹਨ। ਜਾਂ ਏਦਾਂ ਕਹਿ ਲਓ ਕਿ ਕਲਾਵਾਂ ਮਨੁੱਖ ਦੇ ਪ੍ਰਗਟਾ ਦੇਣ ਦੇ ਵਿਕਾਸ ਦਾ ਇਤਿਹਾਸ ਹੈ। ਇਨ੍ਹਾਂ ਕਲਾਵਾਂ ਵਿਚੋਂ ਥੀਏਟਰ ਕਲਾ ਬਹੁਤ ਨਿਵੇਕਲੀ ਹੈ। ਸਾਰੀਆਂ ਕਲਾਵਾਂ ਹੋਂਦ ਵਿਚ ਜੰਮ ਜਾਂਦੀਆਂ ਹਨ। ਉਦਾਹਰਨ ਵਜੋਂ ਚਿਤਰਕਾਰੀ ਤੇ ਬੁੱਤਘੜਨ ਵਿਚ ਜ਼ਿੰਦਗੀ ਦੇ ਪਲ ਜਮ ਜਾਂਦੇ ਹਨ। ਜਦੋਂ ਕਿ ਥੀਏਟਰ ਕਲਾ ਹਮੇਸ਼ਾ ਸੱਜਰੀ ਰਹਿੰਦੀ ਹੈ ਕਿਉਂਕਿ ਇਹ ਪੈਦਾ ਹੁੰਦਿਆਂ ਹੀ ਦਰਸ਼ਕਾਂ ਦੇ ਮਨਾਂ 'ਤੇ ਛਾਪ ਛੱਡ ਕੇ ਉਨ੍ਹਾਂ ਦੀਆਂ ਅੱਖਾਂ ਤੋਂ ਓਝਲ ਹੋ ਜਾਂਦੀ ਹੈ। ਇਹ ਜਦੋਂ ਵੀ ਪਰੋਸੀ ਜਾਂਦੀ ਹੈ। ਇਸ ਦੀ ਇਸ ਖ਼ੂਬੀ ਕਾਰਨ ਹੀ ਇਹ ਸਮੇਂ ਦੇ ਨਾਲ ਟੁਰਨ ਦੀ ਸਮਰਥਾ ਰੱਖਦੀ ਹੈ। ਇਸ ਦੀ ਸ਼ੁਰੂਆਤ ਦੀ ਜ਼ਰਾ ਕਲਪਨਾ ਕਰੋ ਕਿ ਕਿਵੇਂ ਆਦਿ ਮਨੁੱਖ ਅੱਗ ਬਾਲ ਕੇ ਸ਼ਿਕਾਰ ਪਕਾ ਰਹੇ ਹਨ- ਕਬੀਲੇ ਦੇ ਲੋਕ ਉਸ ਦੁਆਲੇ ਇਕੱਲੇ ਬੈਠੇ ਹਨ। ਉਨ੍ਹਾਂ ਦੇ ਮਨਾਂ ਵਿਚ ਲੋਚਾ ਹੈ ਕਿ ਉਹ ਸ਼ਿਕਾਰੀਆਂ ਤੋਂ ਪੁੱਛਣ ਕਿ ਉਨ੍ਹਾਂ ਸ਼ਿਕਾਰ ਕਿਵੇਂ ਮਾਰਿਆ- ਭਾਸ਼ਾ ਨਹੀਂ ਹੈ। ਅਜੇ ਮਨੁੱਖ ਇਸ਼ਾਰਿਆਂ ਨਾਲ ਹੀ ਇਕ ਦੂਜੇ ਨੂੰ ਸਮਝਦੇ ਹਨ। ਮਨੁੱਖ ਦੀ ਪਹਿਲੀ ਭਾਸ਼ਾ- ਇਸ਼ਾਰਿਆਂ ਦੀ ਭਾਸ਼ਾ ਹੈ। ਮਨੁੱਖ ਦੇ ਇਹ ਇਸ਼ਾਰੇ ਅਜੇ ਵੀ ਬਰਕਰਾਰ ਹਨ। ਅੱਜ ਦੇ ਯੁੱਗ ਵਿਚ ਇਹ ਇਸ਼ਾਰੇ ਐਕਟਿੰਗ ਕਲਾ ਵਿਚ ਜੀਅ ਰਹੇ ਹਨ। ਓਦਾਂ ਵੀ ਜੇ ਅਸੀਂ ਰੋਜ਼ ਦੀ ਬੋਲਚਾਲ ਵਿਚ ਕਿਸੇ ਗੱਲ 'ਤੇ ਜ਼ੋਰ ਦੇਣਾ ਹੋਵੇ ਤਾਂ ਅਸੀਂ ਹਾਵ- ਭਾਵ ਦੀ ਵਰਤੋਂ ਕਰਦੇ ਹਾਂ। ਛੋਟੇ ਮੋਟੇ ਹਾਂ ਜਾਂ ਨਾਂ ਜਵਾਬ ਤਾਂ ਅਸੀਂ ਬਿਨਾਂ ਬੋਲੇ ਸਿਰ ਹਿਲਾ ਕੇ ਹੀ ਦੇ ਦੇਂਦੇ ਹਾਂ। ਯਕੀਨ ਮੰਨੋ ਹਰ ਇਨਸਾਨ ਐਕਟਰ ਭਾਵ ਕਲਾਕਾਰ ਹੈ। ਉਸ ਦੇ ਜਨਮ ਨਾਲ ਹੀ ਉਸ ਅੰਦਰ ਐਕਟਿੰਗ ਦੀ ਕਲਾ ਜਨਮ ਲੈ ਲੈਂਦੀ ਹੈ- ਭਾਵ ਅਸੀਂ ਸਾਰੇ ਕਲਾਕਾਰ ਹਾਂ। ਅਸਲ ਜ਼ਿੰਦਗੀ ਵਿਚ ਜਦੋਂ ਅਸੀਂ ਕੋਈ ਦਿਖਾਵਾ ਕਰ ਰਹੇ ਹੁੰਦੇ ਹਾਂ ਜਾਂ ਝੂਠ ਬੋਲ ਰਹੇ ਹੁੰਦੇ ਹਾਂ ਤਾਂ ਉਦੋਂ ਸਾਡੀ ਕਲਾਕਾਰੀ ਦੇਖਣ ਵਾਲੀ ਹੁੰਦੀ ਹੈ।

ਇਸੇ ਤਰ੍ਹਾਂ ਅੱਗ ਉਪਰ ਸ਼ਿਕਾਰ ਨੂੰ ਭੁੰਨਦਿਆਂ ਵੱਡੀ ਉਮਰ ਦੇ ਸ਼ਿਕਾਰੀ ਨੇ ਸ਼ਿਕਾਰ ਮਾਰਨ ਦਾ ਨਜ਼ਾਰਾ ਕਬੀਲੇ ਵਾਲਿਆਂ ਅੱਗੇ ਪੇਸ਼ ਕੀਤਾ ਹੋਵੇਗਾ। ਸ਼ਿਕਾਰੀਆਂ ਵਿਚੋਂ ਕੁਝ ਲੋਕ ਸ਼ਿਕਾਰ ਬਣ ਕੇ ਵਿਖਾਉਂਦੇ ਹੋਣਗੇ ਅਤੇ ਕੁੱਝ ਸ਼ਿਕਾਰੀ ਬਣ ਜਾਂਦੇ ਹੋਣਗੇ -- ਇਸ ਤਰ੍ਹਾਂ ਨਾਟਕੀ ਢੰਗ ਨਾਲ ਸ਼ਿਕਾਰ ਮਾਰਨ ਦੀ ਘਟਨਾ ਨੂੰ ਪੇਸ਼ ਕਰਦੇ ਹੋਣਗੇ। ਮਨੁੱਖ ਦਾ ਇਹ ਪਹਿਲੀ ਪੇਸ਼ਕਾਰੀ ਮਨੁੱਖ ਦੀ ਮੁਢਲੇ ਥੀਏਟਰ ਦੀ ਜਨਮ ਦਾਤੀ ਹੈ, ਉਸ ਦੀ ਇਹ ਪੇਸ਼ਕਾਰੀ ਹੀ ਉਸ ਦੀ ਪਹਿਲੀ ਕਹਾਣੀ ਜਾਂ ਚਿਤਰਕਾਰੀ ਹੈ, ਜੋ ਦੁਨੀਆ ਭਰ ਦੀਆਂ ਗੁਫ਼ਾਵਾਂ ਦੀਆਂ ਕੰਧਾਂ 'ਤੇ ਅੱਜ ਵੀ ਉਕਰੀ ਮਿਲਦੀ ਹੈ। ਪਰ ਇਹ ਗੱਲ ਵੀ ਸਮਝ ਆਉਂਦੀ ਹੈ ਕਿ ਮਨੁੱਖ ਦਾ ਪਹਿਲਾ ਪ੍ਰਗਟਾ ਐਕਟਿੰਗ ਕਲਾ ਦੇ ਰੂਪ ਵਿਚ ਹੀ ਪ੍ਰਗਟ ਹੋਇਆ ਹੈ ਅਤੇ ਮਨੁੱਖ ਦੀ ਪਹਿਲੀ ਕਲਾ ਵੀ ਐਕਟਿੰਗ ਹੀ ਹੈ ਜੋ ਕਿ ਥੀਏਟਰ ਦੀ ਫੋਰਮ ਵਿਚ (ਭਾਵੇਂ ਮਨੁੱਖ ਹੁਣ ਬੋਲ ਵੀ ਸਕਦਾ ਹੈ) ਅੱਜ ਵੀ ਮੌਜੂਦ ਹੈ। ਕਲਾ ਦੇ ਰੂਪ ਵਿਚ ਮਨੁੱਖ ਦਾ ਇਹ ਪ੍ਰਗਟਾ ਸਦਾ ਵਿਕਸਤ ਰਿਹਾ ਹੈ ਅਤੇ ਭਵਿੱਖ ਵਿਚ ਵੀ ਵਿਕਾਸ ਕਰਦਾ ਰਹੇਗਾ। ਥੀਏਟਰ ਕਲਾ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਇਕੋ ਸਮੇਂ ਆਦਮੀਆਂ ਦੇ ਬੜੇ ਵੱਡੇ ਇਕੱਠ ਨੂੰ ਸੰਬੋਧਨ ਕਰ ਸਕਦਾ ਹੈ। ਅਤੇ ਸਰੋਤੇ ਜਜ਼ਬਿਆਂ ਦੇ ਹੜ੍ਹ ਵਿਚ ਖ਼ੁਦ ਕਲਾ ਦਾ ਹਿੱਸਾ ਬਣ ਸਕਦੇ ਹਨ। ਜਿਸ ਤਰ੍ਹਾਂ ਮੁੱਢ ਵਿਚ ਜ਼ਿਕਰ ਕੀਤਾ ਹੈ ਕਿ ਮਨੁੱਖ ਦਾ ਦੂਜਾ ਵੱਡਾ ਵਿਕਸਾ ਸਿਆਸੀ ਖੇਤਰ ਵਿਚ ਜਮਹੂਰੀ ਪ੍ਰਣਾਲੀ ਹੈ, ਭਾਵ ਕਿ ਜਮਹੂਰੀ ਸਰਕਾਰ। ਮਨੁੱਖ ਸ਼ਿਕਾਰੀ ਜੀਵਨ ਤੋਂ ਲੈ ਕੇ 21ਵੀਂ ਸਦੀ ਤਕ ਬਹੁਤ ਸਿਆਸੀ ਪ੍ਰਬੰਧ ਵਿਚੋਂ ਗੁਜ਼ਰਿਆ ਹੈ। ਜਿਵੇਂ ਕਬੀਲਿਆਂ ਦੀਆਂ ਪੰਚਾਇਤਾਂ ਦੇ ਰੂਪ ਵਿਚ ਪ੍ਰਬੰਧ, ਉਸ ਤੋਂ ਬਾਅਦ ਛੋਟੇ-ਛੋਟੇ ਰਾਜਾਂ ਦੇ ਪ੍ਰਬੰਧ, ਫਿਰ ਵੱਡੇ ਰਾਜ ਘਰਾਨੇ, ਬਾਅਦ ਵਿਚ ਤਾਨਾਸ਼ਾਹੀ (ਫ਼ੌਜੀ ਜਾਂ ਰਾਜਨੀਤਕ) ਅਤੇ ਅੱਜ ਦਾ ਜਮਹੂਰੀ ਪ੍ਰਬੰਧ। ਭਾਵੇਂ ਅਜੇ ਵੀ ਪੂਰੇ ਸੰਸਾਰ ਵਿਚ ਜਮਹੂਰੀ ਸਰਕਾਰਾਂ ਨਹੀਂ ਹਨ ਪਰ ਮਨੁੱਖਤਾ ਦੀ ਵੱਡੀ ਰਾਏ ਜਮਹੂਰੀ ਪ੍ਰਬੰਧ ਦੇ ਹੱਕ ਵਿਚ ਭੁਗਤਦੀ ਹੈ। ਭਾਵੇਂ ਜਮਹੂਰੀਅਤ ਨੂੰ ਸਮਝਣ ਦਾ ਉਨ੍ਹਾਂ ਦਾ ਵੱਖਰਾ ਨਜ਼ਰੀਆ ਹੈ। ਅਤੇ ਸੰਸਾਰ ਦੇ ਬਹੁਤੇ ਹਿੱਸਿਆਂ ਵਿਚ ਆਮ ਲੋਕ ਜਮਹੂਰੀਅਤ ਲਈ ਜੂਝ ਵੀ ਰਹੇ ਹਨ। ਜਮਹੂਰੀਅਤ ਮਤਲਬ ਕਿ ਆਮ ਲੋਕਾਂ ਦੀ ਸਰਕਾਰ, ਮੁਕਤ ਅਤੇ ਖੁੱਲ੍ਹੀ ਸੁਸਾਇਟੀ ਜਿਹੜੀ ਆਮ ਆਦਮੀ ਦੇ ਹਿਤਾਂ ਅਤੇ ਹੱਕਾਂ, ਉਸ ਦੀਆਂ ਭਾਵਨਾਵਾਂ ਦੀ ਇੱਜ਼ਤ ਕਰੇ, ਉਸ ਦੀਆਂ ਆਸਾਂ ਉਮੀਦਾਂ 'ਤੇ ਸਹੀ ਉਤਰੇ। ਦੁਨੀਆ ਦੇ ਇਤਿਹਾਸ ਵਿਚ ਈਸਵੀ 5ਵੀਂ ਅਤੇ ਚੌਥੀ ਵਿਚ ਪਹਿਲਾ ਜਮਹੂਰੀ ਪ੍ਰਬੰਦ ਸਾਨੂੰ ਗਰੀਕ ਨੇ ਦਿੱਤਾ ਜਿਸ ਦਾ ਜਨਮ ਅਲਟਰੀਆ ਵਿਚ ਹੋਇਆ, ਜਿਸ ਦੇ ਅਧਾਰ 'ਤੇ ਪੱਛਮੀ ਸਿਆਸੀ ਪ੍ਰਣਾਲੀ ਦਾ ਵਿਕਾਸ ਹੋਇਆ। ਇਹ ਵੀ ਹੈਰਾਨੀਜਨਕ ਵਰਤਾਰਾ ਹੈ ਕਿ ਉਸੇ ਸਮੇਂ ਹੀ ਫ਼ਿਲਾਸਫ਼ੀ, ਥੀਏਟਰ, ਚਿੱਤਰਕਾਰੀ , ਬੁੱਤਘੜਨ ਦੀ ਕਲਾ ਦਾ ਆਗਾਜ਼ ਅਤੇ ਵਿਕਾਸ ਵੀ



ਹੋਇਆ। ਇਹ ਵੇਖਿਆ ਜਾਂ ਸਮਝਿਆ ਜਾ ਸਕਦਾ ਹੈ ਕਿ ਅਜਿਹੀ ਪ੍ਰਾਪਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਲੋਕ ਆਵਾਮ ਕਿਸ ਤਰ੍ਹਾਂ ਦੇ ਪ੍ਰਬੰਧ ਵਿਚ ਜੀਅ ਰਹੇ ਹਨ - ਕੀ ਉਹ ਅਜਿਹੀ ਖੁੱਲ੍ਹੀ ਸੁਸਾਇਟੀ ਵਿਚ ਰਹਿ ਰਹੇ ਹਨ, ਜਿਥੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਹੈ, ਉਨ੍ਹਾਂ ਦੇ ਮਾਨਵੀ ਹੱਕਾਂ ਅਤੇ ਹਰ ਇਕ ਲਈ ਇੱਜ਼ਤ ਦਾ ਜੀਵਨ ਹੈ। ਪਰ ਉਸ ਸਮੇਂ, ਸੁਕਰਾਤ, ਪਲੈਟੋ ਤੇ ਅਰਸਤੂ ਜਮਹੂਰੀਅਤ ਨੂੰ ਰੱਦ ਵੀ ਕਰ ਰਹੇ ਸਨ। ਸੁਕਰਾਤ ਸਰਕਾਰ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਅਤੇ ਦਖ਼ਲਅੰਦਾਜ਼ੀ ਨੂੰ ਪਸੰਦ ਨਹੀਂ ਸੀ ਕਰਦਾ। ਪਲੈਟੋ ਕਹਿੰਦਾ ਹੈ- "ਤਾਨਾਸ਼ਾਹੀ ਕੁਦਰਤੀ ਤੌਰ 'ਤੇ ਜਮਹੂਰੀਅਤ ਵਿਚੋਂ ਜਨਮ ਲੈਂਦੀ ਹੈ ਅਤੇ ਬੇਹੱਦ ਆਜ਼ਾਦੀ ਤੋਂ ਕਠੋਰਤਾ ਅਤੇ ਗ਼ੁਲਾਮੀ ਪੈਦਾ ਹੁੰਦੀ ਹੈ।"

ਅਰਸਤੂ ਕਹਿੰਦਾ ਹੈ, "ਜਮਹੂਰੀਅਤ ਵਿਚ ਅਮੀਰਾਂ ਨਾਲੋਂ ਜ਼ਿਆਦਾ ਤਾਕਤ ਗ਼ਰੀਬਾਂ ਕੋਲ ਹੁੰਦੀ ਹੈ ਕਿਉਂਕਿ ਇਨ੍ਹਾਂ ਦੀ ਸੰਖਿਆ ਜ਼ਿਆਦਾ ਹੁੰਦੀ ਹੈ ਅਤੇ ਬਹੁਮਤ ਦੀ ਇੱਛਾ ਭਾਰੂ ਹੁੰਦੀ ਹੈ।" ਅੱਗੇ ਹੋਰ ਕਹਿੰਦਾ ਹੈ, "ਜਮਹੂਰੀਅਤ ਹੇਠਲੇ ਤਬਕੇ ਦੇ ਲੋਕਾਂ ਦੇ ਹੱਥਾਂ ਵਿਚਲੀ ਸਰਕਾਰ ਹੁੰਦੀ ਹੈ, ਜਿਸ ਵਿਚ ਕੋਈ ਜਾਇਦਾਦ ਨਹੀਂ ਹੁੰਦੀ ਤੇ ਮੰਦਾ ਰੁਜ਼ਗਾਰ ਹੁੰਦਾ ਹੈ।" ਉਪਰੋਕਤ ਫ਼ਿਲਾਸਫ਼ਰਾਂ ਦੀਆਂ ਰਾਵਾਂ ਜਮਹੂਰੀਅਤ ਪ੍ਰਤੀ ਕਿੰਨੀਆਂ ਓਪਰੀਆਂ ਸਨ ਜਦੋਂ ਕਿ ਹਾਲਾਂ ਜਮਹੂਰੀਅਤ ਆਪਣੇ ਬਚਪਨ ਵਿਚ ਹੀ ਸੀ - ਅਤੇ ਏਥੀਅਨਜ਼ ਜਮਹੂਰੀਅਤ ਵਿਚ ਔਰਤਾਂ, ਗ਼ੁਲਾਮ ਅਤੇ ਪ੍ਰਦੇਸ਼ੀਆਂ, ਜਿਹੜੇ ਵਸੋਂ ਦਾ ਬਹੁਤ ਵੱਡਾ ਹਿੱਸਾ ਸਨ, ਨੂੰ ਸਿਆਸਤ ਵਿਚ ਹਿੱਸਾ ਲੈਣ ਦਾ ਹੱਕ ਵੀ ਪ੍ਰਾਪਤ ਨਹੀਂ ਸੀ। ਇਹ ਅਧੂਰੀ ਜਮਹੂਰੀਅਤ ਸੀ।

ਪਰ ਹੈਰਾਨੀ ਦੀ ਗੱਲ ਹੈ ਕਿ ਇਸ ਅਧੂਰੀ ਜਾਂ ਪ੍ਰੀ-ਜਮਹੂਰੀਅਤ ਨੂੰ ਜਨਮ ਵੀ ਥੀਏਟਰ ਨੇ ਹੀ ਦਿੱਤਾ। ਏਥਨਜ਼ ਵਿਚ ਹਰ ਸਾਲ ਦੋ ਥੀਏਟਰ ਉਤਸਵ ਦਾ ਰਿਵਾਜ ਸੀ, ਜਿਨ੍ਹਾਂ ਦਾ ਨਾਂ ਸੀ ਦਿਹਾਤੀ ਡਾਇਓਨੀਸੀਅਨ ਤੇ ਸ਼ਹਿਰੀ ਡਾਇਓਨੀਸੀਅਨ ਉਤਸਵ। ਇਨ੍ਹਾਂ ਮੇਲਿਆਂ ਵਿਚ ਜੋ ਕਿ ਮਹੀਨਿਆਂ ਬੱਧੀ ਚੱਲਦੇ ਸਨ, ਦੇਵਤਿਆਂ ਦੀ ਅਰਾਧਨਾ ਦੇ ਗੀਤ ਅਤੇ ਨਾਚ ਨੱਚੇ ਜਾਂਦੇ ਸਨ। ਇਸ ਦਾ ਸਰੂਪ ਅਜੋਕੇ ਥੀਏਟਰ ਵਰਗਾ ਨਹੀਂ ਸੀ। ਅਜੋਕੇ ਥੀਏਟਰ ਦਾ ਆਗਾਜ਼ ਗਾਇਕ ਥੈਸਪਿਸ ਜੋ ਕਿ ਪੁਜਾਰੀ ਵੀ ਸੀ, ਉਸ ਨੇ ਸ਼ੁਰੂ ਕੀਤਾ। ਉਹ ਕੋਰਸ (ਸਮੂਹ ਗਾਨ) ਵਿਚੋਂ ਅਲੱਗ ਹੋ ਗਿਆ। 'ਗੀਤ ਅਤੇ ਨਾਚਾਂ' ਬਾਅਦ ਉਸ ਨੇ ਆਪਣਾ ਲਿਖਿਆ ਨਾਟਕ ਐਕਟਰ ਦੇ ਰੂਪ ਵਿਚ ਪੇਸ਼ ਕੀਤਾ। ਇਹ ਵਿਲੱਖਣ ਕਲਾ ਸੀ - ਦਰਸ਼ਕਾਂ ਨੂੰ ਖ਼ੂਬ ਚੰਗੀ ਲੱਗੀ। ਬੱਸ ਇਸ ਘਟਨਾ ਤੋਂ ਬਾਅਦ ਉਪਰੋਕਤ ਮੇਲੇ, ਜੋ ਕੇਵਲ ਦੇਵਤਿਆਂ ਦੀ ਉਪਾਸਨਾ ਲਈ ਕੀਤੇ ਜਾਂਦੇ ਸਨ, ਨਾਟਕ ਮੇਲਿਆਂ ਵਿਚ ਤਬਦੀਲ ਹੋਣ ਲੱਗੇ। ਨਾਟਕਾਂ ਵਿਚ ਡਾਇਲਾਗ ਹੋਣ ਕਾਰਨ ਲੋਕ ਮਨ ਦਾ ਪ੍ਰਗਟਾਵਾ ਸੰਭਵ ਹੋ ਸਕਿਆ। ਥੀਏਟਰ ਦੀ ਇਹ ਵਿਧਾ ਅਵਾਮ ਵਿਚ ਹਰਮਨ ਪਿਆਰੀ ਹੋ ਗਈ। ਥੈਸਪਿਸ ਨੂੰ ਗਰੀਸ ਦਾ ਪਹਿਲਾ ਐਕਟਰ ਅਤੇ ਪਹਿਲਾ ਨਾਟਕਕਾਰ ਮੰਨਿਆ ਜਾਂਦਾ ਹੈ। ਉਸ ਪਿਛੋਂ ਹੀ ਐਸਕਾਇਲਸ, ਸਫੋਕਲੀਜ਼ ਤੇ ਯੂਰੀਪਿਡਜ਼ ਵਰਗੇ ਮਹਾਨ ਨਾਟਕਕਾਰਾਂ ਦਾ ਆਗਮਨ ਸੰਭਵ ਹੋ ਸਕਿਆ। ਇਸ ਘਟਨਾ ਨੇ ਜਮਹੂਰੀ ਹਾਲਤਾਂ ਦੀ ਨੀਂਹ ਰੱਖਣੀ ਸ਼ੁਰੂ ਕਰ ਦਿੱਤੀ।

ਗਰੀਸ ਵਿਚ ਜਮਹੂਰੀਅਤ ਬਹਾਲ ਕਰਨ ਦਾ ਸਿਹਰਾ ਪਿਸੀਸਟਰੌਟਸ ਨਾਂ ਦੇ ਇਕ ਜਰਨੈਲ ਨੂੰ ਜਾਂਦਾ ਹੈ, ਜਿਸ ਨੇ ਜ਼ਿੰਮੇਵਾਰੀ ਸੰਭਾਲਦਿਆਂ 33 ਸਾਲ ਦੀ ਤਾਨਾਸ਼ਾਹੀ ਪਿਛੋਂ ਹੋਮਰ ਦੇ ਓਡਜ਼ ਅੱਖਰਾਂ ਦਾ ਰੂਪ ਦਿੱਤਾ ਅਤੇ ਏਥਿਸਜ਼ ਵਿਚ ਪਹਿਲੀ ਲਾਇਬ੍ਰੇਰੀ ਦੀ ਨੀਂਹ ਰੱਖੀ। ਇਸ ਤੋਂ ਪਹਿਲਾਂ ਏਥਨਜ਼ ਵਿਚ ਚਾਰ ਉਤਸਵ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਕਬੀਲਿਆਂ ਵਲੋਂ ਮਨਾਏ ਜਾਂਦੇ ਸਨ। ਪਿਸੀਸਟਰੌਟਸ ਨੂੰ ਆਪਣੇ ਸ਼ਹਿਰੀਆਂ ਦੇ ਅਲੱਗਪੁਣੇ ਦਾ ਬਹੁਤ ਦੁੱਖ ਸੀ। ਉਸ ਨੇ ਸਿਆਣਪ ਨਾਲ ਸਾਲਾਨਾ ਥੀਏਟਰ ਮੇਲੇ ਦੀ ਪ੍ਰਥਾ ਸ਼ੁਰੂ ਕੀਤੀ ਅਤੇ ਉਸ ਵਿਚ ਸਾਰੇ ਕਬੀਲਿਆਂ ਦੀ ਸ਼ਮੂਲੀਅਤ ਸੰਭਵ ਬਣਾ ਦਿੱਤੀ। ਇਹ ਇਨਕਲਾਬੀ ਕਦਮ ਸਾਬਤ ਹੋਇਆ। ਸਾਰੇ ਕਬੀਲੇ ਇਕ ਜਗ੍ਹਾ ਇਕੱਠੇ ਹੋਣ ਲੱਗੇ ਅਤੇ ਆਪਸੀ ਸਾਂਝ ਵੱਧਣ ਲੱਗੀ। ਏਥਨਜ਼ ਵਾਸੀਆਂ ਦੀ ਸਾਂਝ ਦੀ ਜਾਗਰੂਕਤਾ ਵਧਣ ਲੱਗੀ, ਜਿਸ ਦੇ ਆਧਾਰ 'ਤੇ ਵਿਧਾਨ ਸਭਾ ਹੋਂਦ ਵਿਚ ਆਈ, ਜਿਸ ਦੇ ਮੈਂਬਰਾਂ ਦੀ ਲਾਟਰੀ ਦੇ ਆਧਾਰ 'ਤੇ ਚੋਣ ਹੋਣ ਲੱਗੀ ਨਾ ਕਿ ਕਬੀਲੇ ਦੇ ਅਧਾਰ 'ਤੇ। ਇਸ ਤਰ੍ਹਾਂ ਜਮਹੂਰੀਅਤ ਦੀ ਬਹਾਲੀ ਹੋ ਗਈ। ਅਗਲੇ 104 ਸਾਲ ਏਥੀਅਨਜ਼ ਨੇ ਸੁਨਹਿਰੀ ਯੁੱਗ ਹੰਢਾਇਆ। ਜਮਹੂਰੀਅਤ ਵਧੀ ਫੁਲੀ ਅਤੇ ਥੀਏਟਰ ਵੀ। ਥੀਏਟਰ ਰਾਹੀਂ ਲੋਕ-ਮਨ ਦੀ ਇੰਨੀ ਪ੍ਰਤੀਨਿਧਤਾ ਹੋਈ ਕਿ ਪਲੈਟੋ ਜਮਹੂਰੀਅਤ ਦੇ ਨਾਲ ਥੀਏਟਰ ਦੇ ਵੀ ਖ਼ਿਲਾਫ਼ ਹੋ ਗਿਆ। ਉਸ ਨੇ ਕਿਹਾ, "ਥੀਏਟਰ ਆਧਾਰ ਵਾਲੀ ਸਰਕਾਰ ਸਭ ਤੋਂ ਬੁਰੀ ਸੀ।" ਮਤਲਬ ਥੀਏਟਰ ਲਈ ਸਰਕਾਰ।

ਇਸ ਸਮੇਂ ਵਿਚ ਪੈਲੋਪੋਨੀਸੀਅਨ ਦੀ ਲੜਾਈ ਸ਼ੁਰੂ ਹੋ ਗਈ ਜੋ ਕਿ 27 ਸਾਲ ਚੱਲੀ, ਇਸ ਵਿਚ ਏਥਨਜ਼ ਦੀ ਸਪਰਤਾ ਹੱਥੋਂ ਹਾਰ ਹੋ ਗਈ। ਥੀਏਟਰ ਦਾ ਯੁੱਗ ਖ਼ਤਮ ਹੋ ਗਿਆ ਕਿਉਂਕਿ ਸਪਰਤਨ ਰਾਜ ਨੇ ਏਥਨਜ਼ ਨੂੰ ਖੇਰੂੰ ਖੇਰੂੰ ਕਰ ਦਿਤਾ ਅਤੇ ਏਥਨੀਅਨ ਜਮਹੂਰੀਅਤ ਨੂੰ ਵੀ। ਥੀਏਟਰ ਅਤੇ ਜਮਹੂਰੀਅਤ ਦਾ ਬੜਾ ਗੂੜ੍ਹਾ ਰਿਸ਼ਤਾ ਹੈ। ਇਹ ਇਕ ਦੂਜੇ ਬਿਨਾਂ ਨਹੀਂ ਜੀਅ ਸਕਦੇ। ਪਰ ਇਹ ਵੀ ਨਹੀਂ ਹੈ ਕਿ ਜਮਹੂਰੀਅਤ ਦੀ ਥੀਏਟਰ ਨਾਲ ਕੋਈ ਖ਼ਿਲਾਫ਼ਤ ਨਹੀਂ ਹੈ। ਜਮਹੂਰੀਅਤ ਜਦੋਂ ਨਾਂ ਦੀ ਹੀ ਰਹਿ ਜਾਂਦੀ ਹੈ। ਜਦੋਂ ਜਮਹੂਰੀਅਤ ਦੇ ਮਖੌਟੇ ਥੱਲੇ ਇਕ ਖ਼ਾਸ ਜਮਾਤ ਕੌਮ ਦੇ ਆਰਥਕ ਵਸੀਲਿਆਂ 'ਤੇ ਕਾਬਜ਼ ਹੋ ਜਾਵੇ ਤਾਂ ਥੀਏਟਰ ਸੱਚ ਦੀ ਆਵਾਜ਼ ਬੁਲੰਦ ਕਰਦਾ ਹੈ ਅਤੇ ਆਮ ਆਦਮੀ ਦੇ ਹੱਕ ਵਿਚ ਖੜਦਾ ਹੈ। ਇਸੇ ਲਈ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਣਗੀਆਂ ਜਦੋਂ ਜਮਹੂਰੀਅਤ ਦੇ ਢਾਂਚੇ ਵਿਚ ਵੀ ਥੀਏਟਰ 'ਤੇ ਪਾਬੰਦੀ ਲੱਗਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਥੀਏਟਰ ਹਮੇਸ਼ਾ ਹੀ ਲੋਕ-ਮਨ ਦਾ ਪ੍ਰਗਟਾਵਾ ਰਿਹਾ ਹੈ। ਅੱਜ ਵੀ ਦੁਨੀਆ ਬਹੁਤ ਸਾਰਿਆਂ ਹਿੱਸਿਆਂ ਵਿਚ ਜਮਹੂਰੀਅਤ ਦੀ ਬਹਾਲੀ ਲਈ ਥੀਏਟਰ ਕਾਮੇ ਸਰਕਾਰਾਂ ਵਲੋਂ ਤਸ਼ੱਦਦ ਦੇ ਬਾਵਜੂਦ ਲੋਕਾਂ ਨੂੰ ਥੀਏਟਰ ਰਾਹੀਂ ਜਾਗਰੂਕ ਕਰਨ ਲਈ ਸਰਗਰਮ ਹਨ।

ਜਿਵੇਂ ਮੈਂ ਪਹਿਲਾਂ ਅਰਜ਼ ਕਰ ਚੁੱਕਿਆਂ ਹਾਂ ਕਿ ਜਮਹੂਰੀਅਤ ਅਤੇ ਥੀਏਅਰ ਦਾ ਗੂੜ੍ਹਾ ਰਿਸ਼ਤਾ ਹੈ। ਜਮਹੂਰੀਅਤ ਨੂੰ ਬਚਾਉਣ ਲਈ, ਉਸ ਦੇ ਸੁਧਾਰਨ ਲਈ, ਸਮੁੱਚੇ ਤੌਰ 'ਤੇ ਜਮਹੂਰੀ ਕਦਰਾਂ ਕੀਮਤਾਂ ਬਹਾਲ ਰੱਖਣ ਲਈ ਥੀਏਟਰ ਜ਼ਰੂਰੀ ਹੈ। ਇਹ ਵੀ ਠੀਕ ਕਿ ਵਿਧਾਨ ਸਭਾਵਾਂ ਤੇ ਸੰਸਦ ਵਿਚ ਕਹਿਣ ਨੂੰ ਉਥੇ ਲੋਕ ਪ੍ਰਤੀਨਿਧ ਹੀ ਚੁਣ ਕੇ ਜਾਂਦੇ ਹਨ ਪਰ ਜੇ ਉਹ ਅਵੇਸਲੇ ਹੋ ਜਾਣ ਤਾਂ ਥੀਏਟਰ ਹੀ ਉਨ੍ਹਾਂ ਨੂੰ ਜਗਾਉਂਦਾ ਹੈ, ਉਨ੍ਹਾਂ ਦੇ ਫ਼ਰਜ਼ ਯਾਦ ਕਰਵਾਉਂਦਾ ਅਤੇ ਲੋਕਾਂ ਦੀ ਆਵਾਜ਼ ਉਨ੍ਹਾਂ ਤੀਕ ਪਹੁੰਚਾਉਂਦਾ ਹੈ। ਜੇ ਚੁਣੇ ਹੋਏ ਲੋਕ ਢੀਠ ਤੇ ਭ੍ਰਿਸ਼ਟ ਹੋ ਜਾਣ ਤਾਂ ਥੀਏਟਰ ਉਨ੍ਹਾਂ ਨੂੰ ਨੰਗੇ ਕਰਦਾ ਹੈ। ਥੀਏਟਰ ਸੰਸਦ ਦੇ ਬਰਾਬਰ ਅਵਾਮ ਲਈ ਖੁੱਲ੍ਹੀ ਸੰਸਦ ਪ੍ਰਦਾਨ ਕਰਦਾ ਹੈ, ਜਿਸ ਵਿਚ ਸਭ ਨੂੰ ਆਪਣੀ ਰਾਏ ਦੇਣ ਦਾ ਹੱਕ ਹੁੰਦਾ ਹੈ। ਇਸ ਤਰ੍ਹਾਂ ਥੀਏਟਰ ਜਮਹੂਰੀਅਤ ਦਾ ਨਵਾਂ ਥੰਮ ਬਣਦਾ ਹੈ। ਅਭਿਆਸ ਰਾਹੀਂ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਜਮਹੂਰੀਅਤ ਦਾ ਫ਼ਾਇਦਾ ਤਾਂ ਹੀ ਆਮ ਲੋਕ ਉਠਾ ਸਕਦੇ ਹਨ ਜੇ ਉਹ ਜਾਗਰੂਕ ਹੋਣ ਤੇ ਥੀਏਟਰ ਨੂੰ ਲਗਾਤਾਰ ਬਰਕਰਾਰ ਰੱਖ ਸਕਦੇ ਹਨ। ਸਰਕਾਰਾਂ ਭਾਵੇਂ ਉਹ ਕਿੰਨੀਆਂ ਹੀ ਆਪਣੇ ਜਮਹੂਰੀ ਹੋਣ ਦਾ ਦਾਅਵਾ ਕਰਨ ਉਨ੍ਹਾਂ ਦੇ ਆਪਣੇ ਲੁਕਵੇਂ ਏਜੰਡੇ ਹੁੰਦੇ ਹਨ। ਇਸੇ ਲਈ ਜਮਹੂਰੀ ਸਰਕਾਰਾਂ ਵੀ ਥੀਏਟਰ ਅਤੇ ਨਾਟਕਾਂ 'ਤੇ ਪਾਬੰਦੀ ਲਾ ਦਿੰਦੀਆਂ ਹਨ। ਕਈ ਵਾਰ ਤਾਂ ਗੁਪਤ ਤੌਰ 'ਤੇ ਆਪਣੇ ਏਜੰਟਾਂ ਰਾਹੀਂ ਜਿਸਮਾਨੀ ਹਮਲੇ ਵੀ ਕਰਵਾਏ ਜਾਂਦੇ ਹਨ। ਸਰਕਾਰਾਂ ਜਿੰਨੀਆਂ ਵੀ ਅਵਾਮ ਤੋਂ ਦੂਰ ਹੋਣਗੀਆਂ, ਓਨਾ ਹੀ ਉਹ ਥੀਏਟਰ ਤੋਂ ਦੂਰ ਹੋਣਗੀਆਂ। ਇਹ ਆਮ ਵੇਖਣ ਵਿਚ ਆਇਆ ਹੈ ਕਿ ਆਪਣੇ ਵਿੱਤੀ ਬਜਟ ਵਿਚ ਸਭਿਆਚਾਰਕ ਪ੍ਰੋਗਰਾਮਾਂ ਲਈ ਰੱਖੇ ਫ਼ੰਡਜ਼ ਵਿਚ ਥੀਏਟਰ ਦੇ ਹਿੱਸੇ ਬਹੁਤ ਹੀ ਨਿਗੂਣੀ ਰਕਮ ਆਉਂਦੀ ਹੈ ਜਾਂ ਆਉਂਦੀ ਹੀ ਨਹੀਂ। ਮਾਲੀ ਸਹਾਇਤਾ ਤਾਂ ਕੀ ਦੇਣੀ ਹੈ, ਉਹ ਥੀਏਟਰ ਨੂੰ ਦੁਰਕਾਰਨਗੀਆਂ। ਥੀਏਟਰ ਦੇ ਲੰਮੇ ਇਤਿਹਾਸ ਵਿਚ, ਥੀਏਟਰ ਹਮੇਸ਼ਾ ਅਵਾਮ ਨਾਲ ਖੜਦਾ ਆਇਆ ਹੈ, ਭਾਵੇਂ ਸਰਕਾਰਾਂ ਕੋਈ ਵੀ ਹੋਣ। ਲੋਕਾਂ ਅਤੇ ਥੀਏਟਰ ਦਾ ਅਟੁੱਟ ਰਿਸ਼ਤਾ ਹੈ ਕਿਉਂਕਿ ਲੋਕ ਹੀ ਜਮਹੂਰੀਅਤ ਹਨ। ਗ੍ਰੀਕ ਜ਼ੁਬਾਨ ਮੁਤਾਬਕ ਡੈਮੋਕ੍ਰੈਟਿਕ ਲਫ਼ਜ਼ ਵਿਚ ਡੈਮੋ ਦੇ ਅਰਥ ਹੀ ਆਮ ਲੋਕ (ਆਵਾਮ) ਹੈ। ਪਰ ਥੀਏਟਰ ਦੇ ਸਿਰ 'ਤੇ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇਥੇ ਥੀਏਟਰ ਕਰਨ ਵਾਲਿਆਂ ਨੂੰ ਦੋਹਰੀ ਜਾਗਰੂਕਤਾ ਤੋਂ ਕੰਮ ਲੈਣਾ ਪੈਂਦਾ ਹੈ। ਜਿਥੇ ਉਨ੍ਹਾਂ ਨੇ ਲੋਕਾਂ ਨੂੰ ਜਾਗਰੂਕ ਰੱਖਣਾ ਹੈ। ਉਥੇ ਆਪਣੇ ਉਪਰ ਵੀ ਨਿਗਰਾਨੀ ਜ਼ਰੂਰੀ ਹੈ ਕਿ ਉਹ ਭ੍ਰਿਸ਼ਟ ਪ੍ਰਬੰਧ ਵਿਚ ਖ਼ੁਦ ਭ੍ਰਿਸ਼ਟ ਤਾਂ ਨਹੀਂ ਹੋ ਰਹੇ। ਇਨ੍ਹਾਂ ਦੋਵਾਂ ਪੱਖਾਂ 'ਤੇ ਜ਼ੋਰ ਦੇਣ ਲਈ ਮੈਂ ਆਪਣੀ ਗੱਲ ਨੂੰ ਸਪੈਨਿਸ਼ ਨਾਟਕਕਾਰ ਲੋਰਕਾ ਦੇ ਲਫ਼ਜ਼ਾਂ ਨਾਲ ਅੰਜਾਮ ਦੇਣਾ ਚਾਹਾਂਗਾ :

"ਜਿਹੜੀ ਕੌਮ ਆਪਣੇ ਥੀਏਟਰ ਨੂੰ ਹੌਸਲਾ ਅਤੇ ਮਦਦ ਮੁਹੱਈਆ ਨਹੀਂ ਕਰਦੀ, ਜੇ ਅਜੇ ਉਹ ਮਰੀ ਨਹੀਂ ਤਾਂ ਉਹ ਮਰਨ ਵੱਲ ਟੁਰੀ ਹੋਈ ਹੈ। ਇਸੇ ਤਰ੍ਹਾਂ ਜਿਹੜਾ ਥੀਏਟਰ ਆਪਣੇ ਲੋਕਾਂ ਦੇ ਹੰਝੂਆਂ ਤੇ ਹਾਸਿਆਂ ਪਿਛੇ ਧੜਕ ਰਹੀ ਸਮਾਜਕ ਅਤੇ ਇਤਿਹਾਸਕ ਨਬਜ਼ ਨਹੀਂ ਫੜਦਾ, ਉਨ੍ਹਾਂ ਦੀ ਸੱਚੀ ਸੁੱਚੀ ਰੂਹਾਨੀ ਅਤੇ ਕੁਦਰਤੀ ਤਸਵੀਰ ਪੇਸ਼ ਨਹੀਂ ਕਰਦਾ, ਉਸ ਨੂੰ ਥੀਏਟਰ ਕਹਾਉਣ ਦਾ ਹੱਕ ਨਹੀਂ ਹੈ, ਉਹ ਮਹਿਜ਼ ਤਮਾਸ਼ਾ ਹੈ।


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797

# ਬਹੁਤ ਘਾਤਕ ਹੈ ਸਰਕਾਰ ਦੀ ਜਨਤਕ ਜਾਇਦਾਦਾਂ ਵੇਚਣ ਦੀ ਨੀਤੀ



ਮੱਖਣ ਕੁਹਾੜ
+1-780-461-0701
makhansinghkohar@gmail.com

ਦੇਸ਼ ਆਜ਼ਾਦ ਹੋਇਆ ਤਾਂ ਆਮ ਲੋਕਾਂ ਨੂੰ ਨਵੇਂ ਹਾਕਮਾਂ ਤੋਂ ਬੇਹੱਦ ਉਮੀਦਾਂ ਸਨ। ਬੜੇ ਹੀ ਚਾਅ ਸਨ। ਲੋਕ ਇਕ ਲੰਮੀ ਲੜਾਈ ਜਿੱਤ ਕੇ ਆਏ ਸਨ। ਅਨੇਕਾਂ-ਅਨੇਕ ਕੁਰਬਾਨੀਆਂ ਦੇਣੀਆਂ ਪਈਆਂ ਸਨ ਏਸ ਅਜਾਦੀ ਵਾਸਤੇ। ਗ਼ਰੀਬੀ, ਮਹਿੰਗਾਈ, ਬੇਰੁਜ਼ਗਾਰੀ, ਮਾਰਧਾੜ, ਬੇਇਨਸਾਫ਼ੀ, ਅਨਪੜ੍ਹਤਾ ਸਾਰੇ ਕੁਝ ਲਈ ਅੰਗਰੇਜ਼ ਹਾਕਮ ਹੀ ਦੋਸ਼ੀ ਗਿਣੇ ਜਾਂਦੇ ਸਨ। ਇਹ ਹੈ ਵੀ ਸੱਚ ਸੀ। ਜਮਹੂਰੀਅਤ ਨਾਂ ਦੀ ਕੋਈ ਚੀਜ਼ ਨਹੀਂ ਸੀ। ਬਰਤਾਨਵੀ ਹਾਕਮ ਦੇਸ਼ ਦੇ ਕੀਮਤੀ ਖ਼ਜ਼ਾਨੇ ਨੂੰ ਦੋਹੀਂ-ਦੋਹੀਂ ਹੱਥੀਂ ਲੁੱਟ ਰਹੇ ਸਨ। ਕੋਈ ਰੋਕ ਟੋਕ ਨਹੀਂ ਸੀ।

ਆਜ਼ਾਦੀ ਦੀ ਲੜਾਈ ਸਮੇਂ ਲੋਕਾਂ ਨੂੰ ਇਹ ਵੀ ਆਸ ਸੀ ਕਿ ਅਸਾਵਾਂਪਨ ਦੂਰ ਹੋਵੇਗਾ। ਗ਼ਰੀਬੀ-ਅਮੀਰੀ ਦਾ ਪਾੜਾ ਘਟੇਗਾ ਸਮਾਜਵਾਦੀ ਪ੍ਰਬੰਧ ਜੋ ਸੋਵੀਅਤ ਯੂਨੀਅਨ ਗਣਰਾਜ ਵਿਚ ਸੀ, ਉਸ ਵਰਗਾ ਸ਼ਾਸ਼ਨ ਸਥਾਪਤ ਹੋਵੇਗਾ। ਪਰ ਲੋਕਾਂ ਦਾ ਇਹ ਚਾਅ ਜਲਦੀ ਹੀ ਲਹਿ ਗਿਆ। ਆਸ ਦੇ ਦੀਵੇ ਸਹਿਜੇ ਸਹਿਜੇ ਮੱਧਮ ਹੁੰਦੇ ਗਏ। ਅਮੀਰ ਹੋਰ ਅਮੀਰ ਹੋਣ ਲੱਗਾ ਤੇ ਗ਼ਰੀਬ ਹੋਰ ਗ਼ਰੀਬ। ਸਾਧਨਹੀਣ ਲੋਕਾਂ ਦੀ ਲੁੱਟ ਹੋਰ ਵੱਧਣ ਲੱਗੀ। ਸਮਾਜਵਾਦੀ ਪ੍ਰਬੰਧ ਦੀ ਥਾਂ ਸਰਮਾਏਦਾਰੀ ਪ੍ਰਬੰਧ ਸਥਾਪਤ ਹੋਇਆ। ਪਹਿਲਾਂ ਪਹਿਲਾਂ ਇਹ ਕੁਝ ਰਲਵਾਂ ਮਿਲਵਾਂ ਸੀ। ਦੇਸ਼ ਉਸਾਰੀ ਲਈ ਲੋੜ ਸੀ ਜਨਤਕ ਅਦਾਰਿਆਂ ਦੀ ਉਸਾਰੀ ਹੋਵੇ। ਇਹ ਵੀ ਲੋੜ ਸੀ ਕਿ ਟਾਟੇ-ਬਿਰਲੇ ਐਨੇ ਅਮੀਰ ਨਹੀਂ ਹੋਏ ਸਨ ਕਿ ਉਹ ਵੱਡੇ ਕਾਰਖਾਨੇ ਅਤੇ ਕਾਰਖ਼ਾਨਿਆਂ ਲਈ ਲੋੜੀਂਦੀ ਹੋਰ ਸਮਗਰੀ ਲਈ ਸਾਰੇ ਪ੍ਰਬੰਧ ਆਪ ਕਰ ਸਕਣ। ਇਸ ਲਈ ਜਨਤਕ ਖੇਤਰ ਵਿਚ ਹੀ ਵਧੇਰੇ ਅਦਾਰੇ ਉਸਾਰੇ ਗਏ। ਹਸਪਤਾਲ, ਸਕੂਲ, ਬੈਂਕਾਂ, ਹੋਰ ਅਨੇਕਾਂ ਤਰ੍ਹਾਂ ਦੇ ਕਾਰਖਾਨੇ ਭਾਰਤ ਹੈਵੀ ਇਲੈਕਟ੍ਰੀਕਲ ਲਿਮਟਡ, ਹਿੰਦੁਸਤਾਨ ਸਟੀਲ ਲਿਮਟਡ, ਭਾਖੜਾ ਤੇ ਕਈ ਹੋਰ ਡੈਮ, ਸਕੂਲ ਕਾਲਜ, ਤਕਨੀਕੀ ਕਾਲਜ, ਸਭ ਜਨਤਕ, ਭਾਵ ਸਰਕਾਰੀ ਖੇਤਰ ਵਿਚ ਹੀ ਬਣਾਏ ਜਾਣ ਲੱਗੇ। ਪੜ੍ਹੇ ਲਿਖੇ ਲੋਕਾਂ ਨੂੰ ਰੁਜ਼ਗਾਰ ਮਿਲਣ ਲੱਗਾ। ਇਹ ਵੀ ਇਕ ਕਾਰਨ ਸੀ ਕਿ ਸਿਆਸੀ ਨੇਤਾ ਆਮ ਤੌਰ 'ਤੇ ਆਜ਼ਾਦੀ ਦੀ ਲੜਾਈ ਵਿਚ ਭਾਗੀਦਾਰ ਰਹੇ ਸਨ। ਆਜ਼ਾਦੀ ਦੀ ਲੜਾਈ ਲੜਨ ਵਾਲੇ ਅਨੇਕਾਂ ਹੋਰ ਯੋਧੇ ਤੇ ਆਮ ਲੋਕ ਵੀ ਮੌਜੂਦ ਸਨ ਅਤੇ ਉਨ੍ਹਾਂ ਦਾ ਦਬ-ਦਬਾਅ ਵੀ ਕਾਇਮ ਸੀ। ਇਹ ਦਬਾਅ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਤੀਕ ਲਗਭਗ ਕਾਇਮ ਰਿਹਾ। ਸਮਾਜਵਾਦੀ ਸੋਚ ਦਾ ਦਬਾਅ ਹੀ ਸੀ ਕਿ ਇੰਦਰਾ ਗਾਂਧੀ ਨੂੰ ਬੈਂਕਾਂ ਤੇ ਹੋਰ ਕਈ ਅਦਾਰਿਆਂ ਦਾ ਕੌਮੀਕਰਨ ਕਰਨਾ ਪਿਆ। ਰਾਜਿਆਂ ਤੋਂ ਵਿਸ਼ੇਸ਼ ਅਧਿਕਾਰ ਵਾਪਸ ਲਏ ਗਏ।

ਪਰ ਇਹ ਬਹੁਤਾ ਚਿਰ ਕਾਇਮ ਨਾ ਰਿਹਾ। ਟਾਟੇ-ਬਿਰਲਿਆਂ ਦੀ ਗਿਣਤੀ ਵੀ ਵੱਧ ਗਈ ਤੇ ਅਮੀਰੀ ਵੀ। ਅਜਾਰੇਦਾਰ ਘਰਾਣੇ ਐਨੇ ਸ਼ਕਤੀਸ਼ਾਲੀ ਹੋ ਗਏ ਕਿ ਉਹ ਸਿਆਸਤ ਨੂੰ ਉਂਗਲਾਂ 'ਤੇ ਨਚਾਉਣ ਲੱਗ ਪਏ। ਛੋਟੇ ਮੋਟੇ ਚੋਰ ਵੱਡੇ ਵੱਡੇ ਡਾਕੂ ਬਣ ਗਏ। ਅੱਜ ਅਵਸਥਾ ਇਹ ਹੈ ਕਿ ਦੇਸ਼ ਦੇ ਵੱਡੇ ਸਮਰਾਏਦਾਰ ਘਰਾਣਿਆਂ ਦੇ 5 ਫ਼ੀਸਦੀ ਲੋਕਾਂ ਕੋਲ 90 ਫ਼ੀਸਦੀ ਜਾਇਦਾਦ ਹੋ ਗਈ ਹੈ। ਉਪਰਲੇ 20 ਫ਼ੀਸਦੀ ਕੋਲ ਦੇਸ਼ ਦੀ ਕੁਲ 80 ਫ਼ੀਸਦੀ ਤੇ ਹੇਠਲੇ 80 ਫ਼ੀਸਦੀ ਲੋਕਾਂ ਕੋਲ ਸਿਰਫ਼ 20 ਫ਼ੀਸਦੀ। ਅੱਜ ਅਨਿਲ ਅੰਬਾਨੀ ਤੇ ਮੁਕੇਸ਼ ਅੰਬਾਨੀ ਭਰਾਵਾਂ ਦੀ ਜੋੜੀ ਦੁਨੀਆ ਦੇ ਸਭ ਤੋਂ ਅਮੀਰਾਂ ਵਿਚ ਸ਼ਾਮਲ ਹੈ। ਇਸੇ ਤਰ੍ਹਾਂ ਹੋਰ ਸਾਰੇ। ਸਿਆਸਤ ਨੂੰ ਉਹ ਪ੍ਰਭਾਵਤ ਹੀ ਨਹੀਂ ਕਰਦੇ ਸਗੋਂ ਆਪ ਸਰਕਾਰ ਚਲਾਉਂਦੇ ਹਨ। ਹਾਕਮੀ ਤੇ ਵਿਰੋਧੀ ਪਾਰਟੀਆਂ ਦੇ ਸਾਰੇ ਐਮ.ਪੀ. ਉਨ੍ਹਾਂ ਦੀ ਮੁੱਠੀ ਵਿਚ ਬੰਦ ਹਨ। ਜੋ ਕੁਝ ਵੀ ਦੇਸ਼ ਦੀ ਸਰਕਾਰ ਕਰ ਰਹੀ ਹੈ, ਉਹ ਇਨ੍ਹਾਂ ਬਹੁਤ ਵੱਡੇ ਅਮੀਰਾਂ ਨੂੰ ਹੋਰ ਅਮੀਰ ਕਰਨ ਲਈ ਹੀ ਕਰ ਰਹੀ ਹੈ। ਸਿੱਟੇ ਵਜੋਂ ਗ਼ਰੀਬ ਜਿਨ੍ਹਾਂ ਦੀ ਲੁੱਟ ਨਾਲ ਇਹ ਹੋਰ ਅਮੀਰ ਹੋ ਰਹੇ ਹਨ, ਉਹ ਹੋਰ ਗ਼ਰੀਬ ਹੋ ਰਹੇ ਹਨ।

ਅੱਜ ਸਰਮਾਏਦਾਰ ਪਾਰਟੀਆਂ ਦੇ ਸਿਆਸੀ ਆਗੂ ਏਸ ਕਰ ਕੇ ਸਿਆਸਤ ਵਿਚ ਨਹੀਂ ਆਉਂਦੇ ਕਿ ਦੇਸ਼ ਦੀ ਸੇਵਾ ਕਰਨੀ ਹੈ ਜਾਂ ਗ਼ਰੀਬੀ, ਭੁੱਖ ਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਅਨਪੜ੍ਹਤਾ ਆਦਿ ਦੂਰ ਕਰਨੀ ਹੈ ਸਗੋਂ ਇਸ ਕਰ ਕੇ ਸਿਆਸਤ ਵਿਚ ਆਉਂਦੇ ਹਨ ਕਿ ਉਨ੍ਹਾਂ ਨੇ ਪੈਸੇ ਕਮਾਉਣੇ ਹਨ। ਜਿੱਡਾ ਵੱਡਾ ਸਿਆਸੀ ਅਹੁਦਾ, ਓਨੀ ਵੱਡੀ ਲੁੱਟ। ਓਨੀ ਵਧੇਰੇ ਆਮਦਨ। ਸਿਆਸਤ ਹੁਣ ਪੇਸ਼ਾ ਬਣ ਗਿਆ ਹੈ। ਇਸ ਪੇਸ਼ੇ ਵਿਚ ਉਹ ਸਾਰੇ ਪਰਿਵਾਰ ਨੂੰ ਪੀੜ੍ਹੀ ਦਰ ਪੀੜ੍ਹੀ ਸ਼ਾਮਲ ਕਰੀ ਜਾ ਰਹੇ ਹਨ। ਪਿਉ ਐਮ.ਐਲ.ਏ., ਐਮ.ਪੀ. ਜਾਂ ਮੰਤਰੀ ਅਗੋਂ ਪੁੱਤਰ ਵੀ, ਨੂੰਹ ਵੀ, ਜਵਾਈ ਵੀ, ਧੀ ਵੀ, ਪੋਤਰੇ ਦੋਹਤਰੇ ਵੀ ਦੋਹੀਂ-ਦੋਹੀਂ ਹੱਥੀ ਲੁੱਟੀ ਜਾ ਰਹੇ ਹਨ। ਲੁੱਟ ਰਹੇ ਹਨ, ਜੋ ਰੋਕਦਾ ਹੈ ਉਸ ਨੂੰ ਕੁੱਟ ਰਹੇ ਹਨ। ਗ਼ਰੀਬ ਲੋਕਾਂ ਨੂੰ ਸਾਹ-ਸਤਹੀਣ ਕਰ ਦਿੱਤਾ ਹੈ। ਗ਼ਰੀਬ ਲੋਕਾਂ ਨੇ ਹੁਣ ਗ਼ਰੀਬੀ ਨੂੰ ਆਪਣੀ ਹੋਣੀ ਹੀ ਮੰਨ ਲਿਆ ਹੈ।

ਅੱਜ ਦੇ ਸਿਆਸੀ ਆਗੂ ਵੋਟਾਂ ਦੀ ਹੀ ਰਾਜਨੀਤੀ ਕਰਦੇ ਹਨ। ਇਨ੍ਹਾਂ ਲਈ ਲੋਕ ਰਾਜ ਦਾ ਭਾਵ ਹੈ ਸਿਰਫ਼ ਵੋਟਾਂ। ਤੇ ਵੋਟਾਂ ਚੰਗੇ ਕੰਮ ਕਰ ਕੇ ਜਾਂ ਦੇਸ਼ ਦੀ ਸੇਵਾ ਕਰ ਕੇ ਨਹੀਂ ਸਗੋਂ ਗ਼ਰੀਬਾਂ ਤੋਂ ਖ਼ਰੀਦੀਆਂ ਜਾਂਦੀਆਂ ਹਨ। ਗ਼ਰੀਬ ਦੀ ਹੋਂਦ ਜ਼ਰੂਰੀ ਹੈ ਕਿਉਂਕਿ ਉਹ ਅਮੀਰਾਂ ਦੀਆਂ ਵੋਟਾਂ ਹਨ।

ਅੱਜ ਸਿਆਸਤ ਅਤਿਅੰਤ ਭ੍ਰਿਸ਼ਟ ਹੋ ਚੁੱਕੀ ਹੈ। ਜਿਉਂ ਜਿਉਂ ਖੱਬੀ ਲਹਿਰ ਕਮਜ਼ੋਰ ਹੋਈ ਜਾ ਰਹੀ ਹੈ ਅਤੇ ਇਹ ਸੱਜਿਆਂ ਦੇ ਢਹੇ ਚੜ੍ਹਦੀ ਜਾ ਰਹੀ ਹੈ ਤਿਉਂ




ਤਿਉਂ ਭ੍ਰਿਸ਼ਟ ਆਗੂਆਂ ਦੀਆਂ ਪਉਂ ਬਾਰ੍ਹਾਂ ਹੋਈਆਂ ਪਈਆਂ ਹਨ। ਭਾਰਤੀ ਹਾਕਮਾਂ ਨੇ ਬਿਨਾਂ ਡਰ ਖੌਫ਼ ਅਮਰੀਕੀ ਸਰਦਾਰੀ ਵਾਲੇ ਸਾਮਰਾਜ ਅੱਗੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਦੇ ਕਹੇ, ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ, ਜੋ ਵੀ ਉਹ ਕਹਿੰਦੇ ਹਨ-ਉਸਨੂੰ ਚੁੱਪ ਚਾਪ ਸਾਡੇ ਹਾਕਮ ਮੰਨੀ ਜਾ ਰਹੇ ਹਨ। ਲਾਗੂ ਕਰੀ ਜਾ ਰਹੇ ਹਨ। ਉਹ ਜਨਤਕ ਅਦਾਰੇ ਜੋ ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲੇ ਦੋ-ਤਿੰਨ ਦਹਾਕਿਆਂ ਵਿਚ ਉਭਰੇ ਸਨ ਅੱਜ ਸਭ ਦਾ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ, ਕਰ ਦਿੱਤਾ ਗਿਆ ਹੈ। ਦੇਸ਼ ਦੇ ਅਮੀਰ ਘਰਾਣਿਆਂ ਦੀਆਂ ਕੰਪਨੀਆਂ ਨੇ ਵਿਦੇਸ਼ੀ ਦਿਓ ਕੱਦ ਕੰਪਨੀਆਂ ਨਾਲ ਹੱਥ ਮਿਲਾ ਲਏ ਹਨ। ਉਨ੍ਹਾਂ ਨਾਲ ਭਾਈਵਾਲੀ ਪਾ ਕੇ ਦੇਸ਼ ਦੇ ਸਭ ਤੋਂ ਕੀਮਤੀ ਖ਼ਜ਼ਾਨੇ ਲੁੱਟਣ ਦੀ ਖੁਲ੍ਹ ਲੈ ਲਈ ਹੈ।

ਸਰਕਾਰ ਸਾਰੇ ਜਨਤਕ (ਸਰਕਾਰੀ) ਅਦਾਰਿਆਂ ਦਾ ਨਿੱਜੀਕਰਨ ਕਰ ਰਹੀ ਹੈ। ਵੇਚ ਰਹੀ ਹੈ। ਕੌਡੀਆਂ ਦੇ ਭਾਅ ਲੁਟਾ ਰਹੀ ਹੈ। ਕੰਪਨੀਆਂ ਖ਼ਰੀਦ ਰਹੀਆਂ ਹਨ। ਸਿਆਸੀ-ਸਰਕਾਰੀ ਆਗੂ ਤੇ ਅਫ਼ਸਰਸ਼ਾਹੀ ਖ਼ਰੀਦਦਾਰਾਂ ਨਾਲ ਭਾਈਵਾਲੀ ਪਾ ਰਹੇ ਹਨ। ਬਹੁਤੀ ਵਾਰ ਇਹ ਆਪਣੀ ਹਿੱਸੇਦਾਰੀ ਰੱਖਦੇ ਹਨ ਜਾਂ ਰਿਸ਼ਤੇਦਾਰਾਂ ਦੇ ਨਾਮ 'ਤੇ ਖ਼ਰੀਦ ਲੈਂਦੇ ਹਨ। ਸਾਰੇ ਹੀ ਦੇਸ਼ ਵਿਚ ਇਹੀ ਰੁਝਾਨ ਹੈ। ਪੰਜਾਬ ਵਿਚ ਇਹ ਰੁਝਾਨ ਵਧੇਰੇ ਤੇਜ਼ੀ ਨਾਲ ਚਲ ਰਿਹਾ ਹੈ। ਸਰਕਾਰੀ ਹਸਪਤਾਲ, ਸਰਕਾਰੀ ਸਕੂਲ, ਵੱਡੇ-ਪੁਰਾਣੇ ਸਰਕਾਰੀ ਦਫ਼ਤਰ, ਜੋ ਸ਼ਹਿਰ ਵਿਚ ਹਨ ਤੇ ਇਨ੍ਹਾਂ ਦੀ ਜ਼ਰੂਰਤ ਵੀ ਸ਼ਹਿਰ ਵਿਚ ਹੀ ਹੈ, ਨੂੰ ਸ਼ਹਿਰੋਂ ਬਾਹਰ ਲਿਜਾਇਆ ਜਾ ਰਿਹਾ ਹੈ। ਖ਼ਾਲੀ ਹੋਈ ਜ਼ਮੀਨ ਨੂੰ ਹੜੱਪਿਆ ਜਾ ਰਿਹਾ ਹੈ। ਇਥੋਂ ਤਕ ਕਿ ਲੋਕਾਂ ਲਈ ਅਤਿਅੰਤ ਮਹੱਤਤਾ ਰੱਖਦੇ ਅਤੇ ਬੇਹੱਦ ਲੋੜੀਂਦੇ ਪਾਰਕ ਵੀ ਵੇਚੇ ਜਾ ਰਹੇ ਹਨ।

ਪੰਜਾਬ ਦੇ ਹਰ ਸ਼ਹਿਰ ਵਿਚ ਇਹ ਵਰਤਾਰਾ ਬੜੀ ਹੀ ਤੇਜ਼ੀ ਨਾਲ ਵਾਪਰ ਰਿਹਾ ਹੈ। 'ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ' ਵਾਲੀ ਸੋਚ ਭਾਰੂ ਹੈ। ਪਾਰਕਾਂ ਨੂੰ ਵੇਚਣ ਦੀ ਸ਼ੁਰੂਆਤ ਪਾਰਕਿੰਗ ਬਣਾਉਣ ਤੋਂ ਕੀਤੀ ਜਾਂਦੀ ਹੈ। ਹਾਕਮਾਂ ਦੇ ਸ਼ਰਮ ਹਯਾ ਦੇ ਸਾਰੇ ਬੁਰਕੇ ਉਸ ਵੇਲੇ ਲੀਰੋ-ਲੀਰ ਹੋ ਗਏ ਜਦੋਂ ਜਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਨੂੰ ਕਾਰ ਪਾਰਕਿੰਗ ਵਿਚ ਬਦਲਣ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਗਿਆ ਅਤੇ ਇਸ ਦੀ ਇਤਿਹਾਸਕ ਹੋਂਦ ਖ਼ਤਮ ਕਰਨੀ ਸ਼ੁਰੂ ਕਰ ਦਿੱਤੀ ਗਈ। ਪਰ ਪੰਜਾਬੀ ਅਜੇ ਐਨੇ ਬੇਅਣਖੇ ਤੇ ਗਏ ਗੁਜ਼ਰੇ ਨਹੀਂ ਹੋਏ ਜਿਵੇਂ ਇਨ੍ਹਾਂ ਹਾਕਮਾਂ ਨੇ ਸਮਝ ਲਿਆ ਹੈ। ਲੋਕਾਂ ਨੇ ਬੱਝਵਾਂ ਵਿਰੋਧ ਕੀਤਾ, ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਸ਼ਾਬਾਸ਼ ਅੰਮ੍ਰਿਤਸਰ ਦੇ ਸ਼ਹਿਰੀਆਂ, ਪੰਜਾਬ ਵਾਸੀਆਂ ਤੇ ਪੰਜਾਬ ਦੀਆਂ ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਦੇ, ਜਿਨ੍ਹਾਂ ਨੇ ਪੰਜਾਬ ਦੀ ਬਾਦਲ ਸਰਕਾਰ ਨੂੰ ਐਸਾ ਮਨਹੂਸ ਕਾਰਜ ਕਰਨ ਤੋਂ ਰੋਕਣ ਦੀ ਸਾਂਝੀ ਜਦੋ-ਜ਼ਹਿਦ ਅਰੰਭੀ ਅਤੇ ਸਫ਼ਲਤਾ ਹਾਸਲ ਕੀਤੀ।

ਅੰਮ੍ਰਿਤਸਰ ਵਿਚ ਹੀ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਹਿਰ ਦਫ਼ਤਰ ਸਮੇਤ ਇਰੀਗੇਸ਼ਨ ਰਿਸਰਚ ਵਿੰਗ, ਜੇਲ੍ਹ ਆਦਿ ਨੂੰ ਹੋਰ ਥਾਂ ਲਿਜਾਣ ਅਤੇ ਇਨ੍ਹਾਂ ਥਾਵਾਂ 'ਤੇ ਸ਼ਾਪਿੰਗ ਮਾਲ ਬਣਾਉਣ ਦੀਆਂ ਤਜਵੀਜ਼ਾਂ ਅਮਲ ਅਧੀਨ ਹਨ। ਗਿਆਨ ਆਸ਼ਰਮ ਅਤੇ ਉਸ ਦੇ ਨਾਲ 4 ਏਕੜ ਜ਼ਮੀਨ ਦੀ ਲੀਜ਼ ਖ਼ਤਮ ਹੋ ਗਈ ਹੈ ਪਰ ਉਸ ਨੂੰ ਹੜੱਪਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਵੀ ਸੱਚ ਹੈ ਕਿ ਇਸ ਦਾ ਜਥੇਬੰਦਕ ਵਿਰੋਧ ਵੀ ਹੋ ਰਿਹਾ ਹੈ। ਹਾਕਮਾਂ ਨੇ ਇਨ੍ਹਾਂ ਅਰਬਾਂ-ਖਰਬਾਂ ਦੀਆਂ ਜਾਇਦਾਦਾਂ ਨੂੰ ਸ਼ਾਪਿੰਗ ਮਾਲਾਂ ਵਿਚ ਤਬਦੀਲ ਕਰਨ ਵਾਲੀਆਂ ਕੰਪਨੀਆਂ ਨੂੰ ਵੇਚਣਾ ਹੈ ਤੇ ਫਿਰ ਹਾਕਮੀ-ਸਿਆਸੀ ਆਗੂਆਂ ਨੇ ਇਸ ਵਿਚ ਆਪਣੇ ਹਿੱਸੇ ਰਖਣੇ ਹਨ ਜਾਂ ਆਪ ਹੀ ਅਖੌਤੀ ਕੰਪਨੀ ਰਾਹੀਂ ਖ਼ਰੀਦ ਲੈਂਦੇ ਹਨ। ਗੁਰਦਾਸਪੁਰ ਸ਼ਹਿਰ ਏਸ ਪੱਖੋਂ ਬਹੁਤ ਹੀ ਅਭਾਗਾ ਹੈ। ਏਸ 'ਤੇ ਬੇਹੱਦ ਤਿੱਖਾ ਹਮਲਾ ਹੋ ਗਿਆ ਹੈ। ਚੁਫੇਰਿਉਂ ਹੀ ਹਮਲਾ। ਵਾੜ ਹੀ ਖੇਤ ਨੂੰ ਖਾ ਰਹੀ ਹੈ। ਖੇਤ ਉਜੜ ਰਿਹਾ ਹੈ। ਮਚਾਨ ਉਹ ਜੋ ਬਣਾਏ ਸਨ ਅਸਾਂ ਬਸਤੀ ਦੀ ਰਾਖੀ ਲਈ, ਉਹਨਾਂ ਤੇ ਬਾਘ ਚੜ੍ਹ ਕੇ ਬੈਠ ਗਏ ਨੇ ਰਾਖਿਆਂ ਵਾਂਗੂੰ।

ਗੁਰਦਾਸਪੁਰ ਸ਼ਹਿਰ ਦੇ ਐਨ ਵਿਚਕਾਰ ਪੈਂਦੀਆਂ ਕਚਹਿਰੀਆਂ ਕਾਫ਼ੀ ਵੱਡੇ ਥਾਂ ਵਿਚ ਖਿਲਰੀਆਂ ਹੋਈਆਂ ਹਨ। ਪਹਿਲਾਂ ਇਹ ਯਤਨ ਕੀਤਾ ਗਿਆ ਕਿ ਸਾਰੇ ਕੰਪਲੈਕਸ ਨੂੰ ਸ਼ਹਿਰੋਂ ਬਾਹਰ ਕੱਢ ਦਿੱਤਾ ਜਾਵੇ। ਪਰ ਸ਼ਾਬਾਸ਼ ਵਕੀਲਾਂ ਦੇ ਜਿਨ੍ਹਾਂ ਇਹ ਗੱਲ ਕਾਮਯਾਬ ਨਹੀਂ ਹੋਣ ਦਿੱਤੀ ਵਰਨਾ ਉਹ ਕਈ ਏਕੜ ਅਰਬਾਂ ਖ਼ਰਬਾਂ ਦੀ ਜ਼ਮੀਨ ਹੁਣ ਤੀਕ ਕੌਡੀਆਂ ਦੇ ਭਾਅ 'ਵਿਕ' ਚੁੱਕੀ ਹੋਣੀ ਸੀ। ਇਸ 'ਤੇ ਹਲਕਾ ਵਿਧਾਇਕ ਜੀ ਬਹੁਤ ਦੁਖੀ ਹਨ। ਹੁਣ ਮਿੰਨੀ ਸੈਕਟਰੀਏਟ ਦੇ ਨਾਂ ਹੇਠ ਸਾਰੇ ਦਫ਼ਤਰ ਸ਼ਹਿਰ ਦੇ ਦੂਜੇ ਸਿਰੇ 'ਤੇ ਲਿਜਾਣ ਦੀ ਤਜਵੀਜ਼ ਪਾਸ ਹੋ ਚੁੱਕੀ ਹੈ, ਇਸ ਨਾਲ ਕਿੰਨੇ ਹੀ ਦਫ਼ਤਰਾਂ ਦੀ ਥਾਂ ਵੀ ਵਿਕਣੀ ਹੈ। ਸ਼ਹਿਰ ਦਾ ਸਰਕਾਰੀ ਤੇ ਬਹੁਤ ਵੱਡਾ ਵਧੀਆ ਸਿਵਲ ਹਸਪਤਾਲ ਗੁਰਦਾਸਪੁਰ ਦੇ ਐਨ ਵਿਚਕਾਰ ਹੈ, ਬਹੁਤ ਵਧੀਆ ਚਲ ਰਿਹਾ ਹੈ, ਪਤਾ ਲੱਗਾ ਹੈ ਕਿ ਬਾਦਲ ਸਰਕਾਰ ਨੇ ਉਸ ਨੂੰ ਵੇਚ ਦਿੱਤਾ ਹੈ ਅਤੇ ਸ਼ਹਿਰ ਤੋਂ ਦੂਰ ਬਾਹਰ ਬਣਾਇਆ ਜਾ ਰਿਹਾ ਹੈ। ਇਸ ਸ਼ਹਿਰ ਵਿਚਲੇ ਖ਼ਾਲੀ ਹੋਏ ਕਈ ਏਕੜ ਥਾਂ ਨੂੰ ਵੇਚਿਆ ਗਿਆ ਹੈ। ਪਹਿਲਾਂ ਪੁਰਾਣੇ ਡੀ.ਈ.ਓ. ਦਫ਼ਤਰ ਨੂੰ ਵੀ 'ਵੇਚ' ਦਿੱਤਾ ਗਿਆ ਸੀ। ਗੁਰਦਾਸਪੁਰ ਦੇ ਹੀ ਚਲ ਰਹੇ ਬੱਸ ਸਟੈਂਡ ਨੂੰ ਬਾਹਰ ਬੇ-ਲੋੜੀ ਥਾਂ 'ਤੇ ਭੇਜ ਦਿੱਤਾ ਹੈ, ਨੀਂਹ ਪੱਥਰ ਰੱਖਿਆ ਜਾ ਚੁੱਕਾ ਹੈ, ਉਸ 'ਤੇ ਵੀ ਸ਼ਾਪਿੰਗ ਮਾਲ ਜਾਂ ਐਸਾ ਕੁਝ ਹੋਰ ਬਣੇਗਾ। ਉਹ ਵੀ ਸਰਕਾਰੀ (ਲੋਕਾਂ ਦੀ) ਮਾਲਕੀ ਸੀ ਜੋ 'ਵੇਚੀ' ਜਾ ਰਹੀ ਹੈ।

ਪਾਰਕਾਂ ਦੀ ਮਹੱਤਤਾ ਦਰਸਾਉਣ ਦੀ ਲੋੜ ਨਹੀਂ ਹੈ। ਸੈਰਗਾਹ, ਖੇਡਣ, ਉਡੀਕ ਘਰ, ਲੋਕਾਂ ਦੇ ਬੈਠਣ, ਮੀਟਿੰਗਾਂ ਕਰਨ, ਗ਼ਰੀਬਾਂ ਦੇ ਸ਼ਗਨ ਠਾਕੇ ਲੱਗਣ, ਸੂਝਵਾਨ ਸੰਘਰਸ਼ੀਲ ਲੋਕਾਂ ਦੇ ਮਿਲ ਬੈਠ ਕੇ ਵਿਚਾਰ ਕਰਨ ਤੇ ਸੰਘਰਸ਼ੀ ਵਿਉਂਤਾਂ ਘੜਨ ਦਾ ਕੇਂਦਰ ਹੁੰਦੇ ਹਨ ਪਾਰਕ। ਉਸ ਦੀ ਹੋਂਦ ਨੂੰ ਵੀ ਜਦ ਖ਼ਤਮ ਕਰ ਦਿੱਤਾ ਜਾਂਦਾ ਹੈ ਤਾਂ ਇਸ ਨੂੰ ਕੀ ਕਿਹਾ ਜਾਵੇ? ਐਡੇ ਘਟੀਆ ਲੋਕ ਵਿਰੋਧੀ ਕਾਰਜ ਨੂੰ ਕਿਹੜੇ ਸ਼ਬਦਾਂ ਨਾਲ ਦਰਸਾਇਆ ਜਾਵੇ। ਪਰ ਗੁਰਦਾਸਪੁਰ ਵਿਚ ਨਗਰ ਕੌਂਸਲ ਵਲੋਂ ਧੌਂਸ ਨਾਲ ਮਤਾ ਪਵਾ ਕੇ ਸਰਕਾਰ ਵਲੋਂ ਇਸ ਸ਼ਹਿਰ ਗੁਰਦਾਸਪੁਰ ਦੇ ਦਿਲ ਨੂੰ ਢਾਹ ਕੇ ਇਥੇ ਕਾਰ ਪਾਰਕਿੰਗ ਬਣਾਈ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਉਸ ਦੇ ਨਾਲ ਹੀ ਜ਼ਿਲ੍ਹਾ ਪ੍ਰੀਸ਼ਦ ਤੇ ਐਕਸਾਈਜ਼ ਐਂਡ ਟੈਕਸੇਸ਼ਨ ਦਾ ਪੁਰਾਣਾ ਦਫ਼ਤਰ ਬਿਲਕੁਲ ਖ਼ਾਲੀ ਤੇ ਪਾਰਕ ਤੋਂ ਵੀ ਵੱਡਾ ਹੈ, ਨਾਲ ਹੀ ਪੁਰਾਣਾ ਸਿਟੀ ਥਾਣਾ ਖ਼ਾਲੀ ਹੈ ਪਰ ਇਸ ਨੂੰ ਕਾਰ ਪਾਰਕਿੰਗ ਵਿਚ ਨਹੀਂ ਬਦਲਿਆ ਜਾ ਰਿਹਾ ਕਿਉਂਕਿ ਉਸ ਨੂੰ 'ਵੇਚਣਾ' ਹੈ - ਅਖੇ ਇਹ ਜ਼ਿਲ੍ਹਾ ਪ੍ਰੀਸ਼ਦ ਦੀ ਥਾਂ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ 'ਆਜ਼ਾਦ' ਅਦਾਰਾ ਹੈ। ਇਸ 'ਤੇ ਸਰਕਾਰ ਦਾ ਕੰਟਰੋਲ ਨਹੀਂ ਹੈ। ਐਨਾ ਹੀ ਨਹੀਂ ਗੁਰਦਾਸਪੁਰ ਸ਼ਹਿਰ ਦੇ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜੋ ਬਹੁਤ ਹੀ ਵਿਸ਼ਾਲ ਤੇ ਵਧੀਆ ਬਿਲਡਿੰਗ ਤੇ ਜ਼ਮੀਨ ਦਾ ਮਾਲਕ ਹੈ, ਨੂੰ ਵੇਚਣ ਲਈ ਸ਼ਹਿਰ ਤੋਂ ਦੂਰ ਬਾਹਰ ਲਿਜਾਇਆ ਜਾ ਰਿਹਾ ਹੈ, ਉਹ ਜ਼ਮੀਨ ਵੀ ਕੌਡੀਆਂ ਦੇ ਭਾਅ 'ਵਿਕੇਗੀ'। ਕੌਣ ਖ਼ਰੀਦੇਗਾ? ਸਭ ਜਾਣਦੇ ਹਨ। ਖਰੀਦਣਗੇ ਵੀ ਸਰਕਾਰੀ ਤੇ ਸਿਆਸੀ ਨੁਮਾਇੰਦੇ ਹੀ। ਇਹ ਕੀ ਹੋ ਰਿਹਾ ਹੈ? ਇਹ ਸਾਰੇ ਹੀ ਸ਼ਹਿਰਾਂ ਦਾ ਵਰਤਾਰਾ ਹੈ। ਸਰਕਾਰੀ ਜਾਇਦਾਦਾਂ 'ਤੇ ਕਬਜ਼ਾ ਕਰੋ, ਫ਼ੇਰ ਉਸ ਨੂੰ ਵੇਚ ਦੇਵੋ। ਸਾਰੇ ਦੇਸ਼ ਵਿਚ ਹੈ। ਪਰ ਪੰਜਾਬ ਵਿਚ ਸਭ ਤੋਂ ਵਧੇਰੇ ਹੈ। ਸਰਕਾਰੀ ਜਾਇਦਾਦ ਦਾ ਭਾਵ ਹੁੰਦਾ ਹੈ ਲੋਕਾਂ ਦੀ ਜਾਇਦਾਦ। ਲੋਕਾਂ ਦੀ ਜ਼ਮੀਨ-ਜਾਇਦਾਦ ਵੇਚਣ ਦਾ ਸਰਕਾਰ ਨੂੰ ਕੋਈ ਹੱਕ ਨਹੀਂ ਹੈ! ਖਾਸ ਕਰ ਓਨਾ ਚਿਰ ਜਿੰਨਾ ਚਿਰ ਉਥੇ ਕਿਸੇ ਲੋਕਪੱਖੀ ਵੱਡੇ ਪ੍ਰੋਜੈਕਟ ਦੀ ਲੋੜ ਨਾ ਹੋਵੇ। ਉਹ ਵੀ ਸਰਕਾਰ ਲੋਕਾਂ ਤੋਂ ਰਾਏ ਲੈਂਦੀ ਹੈ। ਪਰ ਇਥੇ ਤਾਂ ਇਕੋ ਵਾਰ ਵੋਟਾਂ ਮੁੱਲ ਲੈ ਕੇ ਲੋਕਾਂ ਦੇ ਨੁਮਾਇੰਦੇ ਬਣ ਜਾਓ ਫਿਰ ਤੂੰ ਕੌਣ ਤੇ ਮੈਂ ਕੌਣ? ਲੋਕਾਂ ਦੀ ਤਲਵਾਰ ਤੇ ਲੋਕਾਂ ਦੀ ਧੌਣ। ਹਾਕਮਾਂ ਨੇ ਸਾਰਾ ਕੁਝ ਵੇਚਣੇ ਲਾਇਆ ਹੋਇਆ ਹੈ। ਸਾਡੀਆਂ ਜ਼ਮੀਨਾਂ ਜਾਇਦਾਦਾਂ, ਸਿਖਿਆ, ਸਿਹਤ, ਪਾਣੀ, ਬਿਜਲੀ, ਅਨਾਜ ਪੈਦਾ ਕਰ ਕੇ ਗ਼ਰੀਬਾਂ ਦਾ ਢਿਡ ਭਰਦੀ ਉਪਜਾਊ ਜ਼ਮੀਨ ਕੁਦਰਤੀ ਖਣਿਜਾਂ, ਤੇਲ ਸਭ ਚੁਪੀਤੇ- ਇਥੋਂ ਤੀਕ ਦੇਸ਼ ਦੀ ਗ਼ਰੀਬੀ ਵੀ ਗ਼ਰੀਬ ਲੋਕ ਵੀ। ਜੋ ਚਾਹੇ ਖਰੀਦੋ। ਕੌਣ ਖਰੀਦੇਗਾ, ਜਿਨ੍ਹਾਂ ਕੋਲ ਪੈਸਾ ਹੈ। ਪੈਸਾ ਕਿਸ ਕੋਲ ਹੈ? ਦੇਸੀ ਵਿਦੇਸ਼ੀ ਕੰਪਨੀਆਂ ਕੋਲ! ਤੇ ਜਿਸ ਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ। ਰਾਜ ਵੀ ਫਿਰ ਇਹ ਕੰਪਨੀਆਂ ਵਾਲੇ ਹੀ ਕਰਨਗੇ। ਸਿੱਟੇ ਵਜੋਂ ਦੇਸ਼ ਵਿਕ ਜਾਵੇਗਾ। ਨਿਲਾਮ ਹੋ ਜਾਵੇਗਾ। ਫੇਰ ਤੋਂ ਬਰਤਾਨੀਆ, ਅਮਰੀਕਾ ਤੇ ਹੋਰ ਅਮੀਰ ਮੁਲਕਾਂ ਦਾ ਗੁਲਾਮ ਹੋ ਜਾਵੇਗਾ। ਬਚਾ ਲਉ ਆਪਣੇ ਲੋਕ, ਆਪਣਾ ਦੇਸ਼, ਆਪਣੀਆਂ ਬੁਨਿਆਦੀ ਲੋੜਾਂ। ਵਰਨਾ ਕੋਈ ਜਮਹੂਰੀਅਤ ਨਹੀਂ ਰਹਿਣੀ। ਇਕੋ ਇਕ ਉਪਾਅ ਹੈ ਵਿਰੋਧ ਕਰੋ। ਵਿਰੋਧ ਕਰੋ। ਪਰ ਇਨ੍ਹਾਂ ਹਾਕਮਾਂ ਇਹ ਵਿਰੋਧ ਕਰਨ ਦਾ ਹੱਕ ਵੀ ਖੋਹ ਲੈਣਾ ਹੈ। ਅੱਧਿਓਂ ਵਧੇਰੇ ਖੋਹ ਲਿਆ ਹੈ। ਰੋਹ ਦੀ ਆਵਾਜ਼ ਬੁਲੰਦ ਕਰੋ। ਸਾਂਝੇ ਬੋਲ ਉਸਾਰੋ ਬਿਨਾਂ ਭੇਦ ਭਾਵ। ਚੁੱਪ ਰਹਿਣਾ ਬਹੁਤ ਖ਼ਤਰਨਾਕ ਹੈ।

ਘਾਤਕ ਹੈ ਬਹੁਤ ਘਾਤਕ, ਉਸ ਦਾ ਖਮੋਸ਼ ਰਹਿਣਾ,
ਸਿਰ, ਜੀਭ, ਕੰਨ, ਅੱਖਾਂ ਪੂਰੇ ਨੇ ਜਿਸ ਦੇ ਹਾਲੇ।

ਆਸਟ੍ਰੇਲੀਆ ਵਿਚ ਸੱਤਾ 'ਤੇ ਕਾਬਜ਼ ਲੇਬਰ ਪਾਰਟੀ ਹਾਰ ਗਈ ਹੈ। ਪ੍ਰਧਾਨ ਮੰਤਰੀ ਅਤੇ ਲੇਬਰ ਪਾਰਟੀ ਦੇ ਆਗੂ ਕੇਵਨ ਰੱਡ ਨੂੰ ਆਮ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਵਿਰੋਧੀ ਧਿਰ ਲਿਬਰਲ ਪਾਰਟੀ ਦੇ ਆਗੂ ਟੋਨੀ ਐਬਟ ਨੂੰ ਸਪੱਸ਼ਟ ਬਹੁਮਤ ਮਿਲ ਗਿਆ ਹੈ। ਇਨ੍ਹਾਂ ਕਾਲਮਾਂ ਵਿਚ ਤੁਸੀਂ ਆਸਟ੍ਰੇਲੀਆ ਦੀਆਂ ਪਾਰਲੀਮਾਨੀ ਚੋਣਾਂ ਬਾਰੇ ਗੁਰਚਨ ਸਿੰਘ ਕਾਹਲੋਂ ਦਾ ਇਕ ਲੇਖ ਪੜ੍ਹ ਚੁੱਕੇ ਹੋ। ਉਸੇ ਲੜੀ ਵਿਚ ਇਸ ਵਾਰ ਛਪਣ ਵਾਲਾ ਲੇਖ ਲੇਖਕ ਦੀ ਬੇਨਤੀ 'ਤੇ ਰੋਕਿਆ ਗਿਆ ਹੈ ਕਿਉਂਕਿ ਲੇਖਕ ਚੋਣਾਂ ਵਿਚ ਆਏ ਨਤੀਜੇ ਬਾਰੇ ਨਵਾਂ ਲੇਖ ਲਿਖ ਰਹੇ ਹਨ। ਜੋ ਬਾਅਦ ਵਿਚ ਛਾਪਿਆ ਜਾਵੇਗਾ। - ਸੰਪਾਦਕ

# ਜਸਵੀਰ ਮੰਡ ਦਾ ਨਾਵਲ 'ਖਾਜ'

ਬਲਜਿੰਦਰ ਨਸਰਾਲੀ
+91-94192-13117






ਲੰਮੇ ਵਕਫ਼ੇ ਬਾਅਦ ਜਸਵੀਰ ਮੰਡ ਅਪਣੇ ਨਵੇਂ ਨਾਵਲ 'ਖਾਜ' ਨਾਲ ਫਿਰ ਹਾਜ਼ਰ ਹੈ। ਪੰਜਾਬੀ ਲੇਖਕਾਂ ਨਾਲ ਉਸਦਾ ਰਾਬਤਾ ਨਾਂਹ ਦੇ ਬਰਾਬਰ ਹੀ ਹੈ। ਨਾਵਲ ਤੋਂ ਬਿਨਾਂ ਉਹ ਹੋਰ ਕੁਝ ਲਿਖਦਾ ਵੀ ਨਹੀਂ ਹੈ। ਸਾਹਿਤਕ ਮੇਲਿਆਂ-ਗੇਲਿਆਂ ਵਿਚ ਉਹ ਕਦੇ ਦਿਖਾਈ ਨਹੀਂ ਦਿੰਦਾ। 'ਖਾਜ' ਨਾਵਲ ਵੀ ਉਸ ਦੇ ਪਿਛਲੇ ਨਾਵਲ ਵਾਂਗ ਪ੍ਰਕਿਰਤੀਵਾਦੀ ਅਤੇ ਐਬਸਰਡ ਵਿਧੀ ਦੇ ਸੁਮੇਲ ਵਿਚ ਲਿਖਿਆ ਗਿਆ ਨਾਵਲ ਹੈ। ਇਨ੍ਹਾਂ ਦੋਵਾਂ ਨਾਵਲਾਂ ਰਾਹੀਂ ਪੰਜਾਬੀ ਨਾਵਲ ਯਥਾਰਥਵਾਦੀ ਸ਼ੈਲੀ ਦੇ ਸਮਾਨਅੰਤਰ ਇਕ ਹੋਰ ਸ਼ੈਲੀ ਦੀ ਪਰੰਪਰਾ ਨੂੰ ਸਥਾਪਤ ਕਰਨ ਦਾ ਆਹਰ ਕਰਦਾ ਵੀ ਪ੍ਰਤੀਤ ਹੁੰਦਾ ਹੈ।

'ਖਾਜ' ਵਿਚ ਪੰਜਾਬ ਦੀ ਦਹਿਸ਼ਤੀ ਲਹਿਰ ਦੇ ਖ਼ਤਮ ਹੋ ਜਾਣ ਤੋਂ ਬਾਅਦ ਦੇ 'ਸ਼ਾਂਤ' ਸਮੇਂ ਨੂੰ ਚਿਤਰਨ ਦਾ ਯਤਨ ਕੀਤਾ ਗਿਆ ਹੈ। ਉਹ ਸਮਾਂ ਜਦੋਂ ਪੰਜਾਬ ਦੀ ਮੁੱਖ ਧਾਰਾ ਦੇ ਲੋਕ 'ਹੋਏ ਬੀਤੇ' ਨੂੰ ਜਲਦੀ ਜਲਦੀ ਭੁੱਲ ਕੇ ਦੁਨੀਆ ਦੀ ਮੁੱਖ ਧਾਰਾ ਦੇ ਲੋਕਾਂ ਨਾਲ ਕਦਮ ਮਿਲਾ ਕੇ ਚੱਲਣ ਲੱਗ ਪਏ ਸਨ। ਜਦੋਂ ਪੰਜਾਬ ਸਰਕਾਰ ਨੇ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਗੁਰਦਾਸ ਮਾਨ ਦੇ ਅਖਾੜੇ ਲਗਵਾ ਕੇ ਲੋਕਾਂ ਨੂੰ ਘਰਾਂ ਵਿਚੋਂ ਬਾਹਰ ਕੱਢ ਲਿਆ ਸੀ ਤੇ ਬੜੀ ਤੇਜ਼ੀ ਨਾਲ ਤਾਜ਼ੇ ਤਾਜ਼ੇ ਅਤੀਤ ਨੂੰ ਮਿੱਟੀ ਨਾਲ ਪੋਚ ਦਿੱਤਾ ਸੀ। ਜਦੋਂ ਪੰਜਾਬ ਦੇ ਦਹਿਸ਼ਤੀ ਮਾਹੌਲ ਵਿਚ ਟੀ.ਵੀ. ਦੇ ਰੰਗਾ-ਰੰਗ ਪ੍ਰੋਗਰਾਮਾਂ ਅਤੇ ਸਭਿਆਚਾਰਕ ਮੇਲਿਆਂ ਦੀ ਧੂਫ਼ ਫੇਰ ਦਿੱਤੀ ਗਈ ਸੀ। ਜਿਵੇਂ ਪੰਜਾਬ ਦੇ ਭੂੰ ਦ੍ਰਿਸ਼ 'ਤੇ ਕੁਝ ਵਾਪਰਿਆ ਹੀ ਨਹੀਂ ਹੁੰਦਾ। ਦਹਿਸ਼ਤੀ ਧਿਰਾਂ, ਲੁੰਪਨਵਾਦੀ ਅੰਸ਼ਾਂ (ਲੁਟੇਰੇ ਤੇ ਬਲੈਕ ਕੈਟ) ਅਤੇ ਪੁਲੀਸ ਦਾ ਵਿਹਾਰ ਲੋਕਾਂ ਪ੍ਰਤੀ ਅਤੇ ਇਕ-ਦੂਜੇ ਪ੍ਰਤੀ ਏਨਾ ਜ਼ਾਲਮਾਨਾ ਸੀ ਕਿ ਪੰਜਾਬ ਦੇ ਲੋਕ ਇਨ੍ਹਾਂ ਨਾਲ ਇਸ ਕਦਰ ਨਾਰਾਜ਼ ਸਨ ਕਿ ਲੋਕਾਂ ਨੇ ਇਨ੍ਹਾਂ ਦੇ ਬਚੇ-ਖੁਚੇ ਜੀਆਂ ਪ੍ਰਤੀ ਵੀ ਪਿੱਠ ਮਰੋੜ ਲਈ ਸੀ। ਇਹ ਲੋਕ ਪੰਜਾਬ ਦੀ ਮੁੱਖ ਧਾਰਾ ਤੋਂ ਗਾਇਬ ਹੋ ਗਏ। ਹਾਲਾਂਕਿ ਇਹ ਲੜਾਈ ਪੰਜਾਬ ਦੇ ਆਰਥਕ ਅਤੇ ਇਤਿਹਾਸਕ ਹਾਲਾਤ ਦੀ ਉਪਜ ਸੀ ਜਿਸ ਨੂੰ ਲੜਨਾ ਕੁਝ ਬੰਦਿਆਂ ਦੇ ਹਿੱਸੇ ਹੀ ਆਉਣਾ ਸੀ ਤੇ ਆਇਆ। ਆਰਥਕ ਸੰਕਟ ਦੀ ਲੜਾਈ ਦੇ ਧਾਰਮਕ ਰੰਗਤ ਲੈ ਜਾਣ ਦੇ ਹੋਰ ਇਤਿਹਾਸਕ ਕਾਰਨ ਸਨ। ਬਹੁਤੇ ਪਰਿਵਾਰਾਂ ਵਿਚੋਂ ਇਕ-ਇਕ ਬੰਦਾ ਹੀ ਇਸ ਠੀਕ ਜਾਂ ਗਲਤ ਯੁੱਧ ਵਿਚ ਕੁੱਦਿਆ ਸੀ ਪਰ ਦੁਖਾਂਤ ਸਾਰੇ ਪਰਿਵਾਰ ਦਾ ਬਣ ਗਿਆ।

ਇਹ ਗੱਲ ਬਹੁਤੀ ਚਿਤਾਰੀ ਨਹੀਂ ਗਈ ਕਿ ਉਨ੍ਹਾਂ ਪਰਿਵਾਰਾਂ ਦੇ ਜੀਆਂ ਦਾ ਕੀ ਬਣਿਆ ਜਿਨ੍ਹਾਂ ਪਰਿਵਾਰਾਂ ਦਾ ਕੋਈ ਜੀਅ ਕਿਸੇ ਸਮੇਂ ਇਸ ਲਹਿਰ ਤੇ ਪੰਜਾਬ ਪੁਲੀਸ ਦੇ ਰੂਹੇ-ਰਵਾਂ ਸੀ। ਕੀ ਮੁੱਖ ਧਾਰਾ ਵਿਚ ਸ਼ਾਮਲ ਹੋਣਾ ਉਨ੍ਹਾਂ ਪਰਿਵਾਰਾਂ ਲਈ ਆਸਾਨ ਸੀ, ਜਿਨ੍ਹਾਂ ਪਰਿਵਾਰਾਂ ਦੇ ਜੀਅ ਏ.ਕੇ. ਸੰਤਾਲੀਆਂ ਅਤੇ ਸੈਲਫ ਲੋਡਿੰਗ ਰਾਈਫਲਾਂ ਦੀ ਭੇਟ ਚੜ੍ਹ ਗਏ ਸਨ? ਨਹੀਂ ਇਨ੍ਹਾਂ ਪਰਿਵਾਰਾਂ ਦੇ ਬਚੇ-ਖੁਚੇ ਜੀਅ ਤਾਂ ਪਲ-ਪਲ ਜੀਅ ਮਰ ਰਹੇ ਸਨ।

ਅਜਿਹੇ ਪਿਛੋਕੜ ਵਿਚੋਂ ਇਹ ਨਾਵਲ ਪੈਦਾ ਹੁੰਦਾ ਹੈ। ਇਸ ਨਾਵਲ ਦੀ ਕਥਾ ਲਾਹੌਰ ਦੇ ਨੇੜੇ ਦੇ ਪਿੰਡ ਤੋਂ ਆਈ ਸਾਦੀਆ ਦੇ ਨਜ਼ਰੀਏ ਤੋਂ ਬਿਆਨ ਕੀਤੀ ਗਈ ਹੈ। ਸਾਦੀਆ ਜਿਸ ਦਾ ਅੱਬਾ ਅਤੇ ਭਰਾ ਭਾਰਤ ਵਾਲੇ ਪਾਸੇ ਕਸ਼ਮੀਰ ਵਿਚ 'ਜਹਾਦ' ਵਿਚ ਮਾਰੇ ਜਾ ਚੁੱਕੇ ਹਨ ਤੇ ਜਿਸ ਦਾ ਦੂਸਰਾ ਭਰਾ ਵੀ ਕਸ਼ਮੀਰ ਵਿਚ ਲੜਨ ਲਈ ਸਰਹੱਦ ਪਾਰ ਕਰਕੇ ਆਇਆ ਹੋਇਆ ਹੈ ਤੇ ਜਿਸ ਨੂੰ ਮਨਾਉਣ ਲਈ, ਵਾਪਸ ਲੈ ਜਾਣ ਲਈ ਉਹ ਅਪਣੇ ਦਾਦੇ ਅਹਿਮਦ ਸਲੀਮ ਨਾਲ ਆਈ ਹੋਈ ਹੈ। ਅਹਿਮਦ ਸਲੀਮ ਅਪਣੇ ਸੰਤਾਲੀ ਤੋਂ ਪਹਿਲਾਂ ਦੇ ਪਿੰਡ ਰਾਮਪੁਰ ਵਿਚ ਆ ਕੇ ਠਹਿਰਾਅ ਕਰਦਾ ਹੈ। ਇਥੋਂ ਹੀ ਉਸ ਨੇ ਭਾਰਤੀ ਕਸ਼ਮੀਰ ਵਿਚ ਜਾਣ 'ਤੇ ਅਪਣੇ ਪੋਤਰੇ ਨੂੰ ਲੱਭਣ ਦਾ ਸਬੱਬ ਬਣਾਉਣਾ ਹੈ। ਪਿੰਡ ਵਿਚਲੇ ਠਹਿਰਾਅ ਸਮੇਂ ਉਹ ਪਿੰਡ ਦੀਆਂ ਥਾਵਾਂ, ਲੋਕਾਂ ਤੇ ਇਤਿਹਾਸ ਨਾਲ ਵਾਰਤਾਲਾਪ ਕਰਦੇ ਹਨ। ਸਾਦੀਆ ਨੂੰ ਇਸ ਪਿੰਡ ਦੇ ਲੋਕਾਂ ਦਾ ਬਹੁਤ ਕੁਝ ਸਮਝ ਨਹੀਂ ਆਉਂਦਾ, ਪਹਿਲਾਂ ਪਹਿਲ ਇਹੀ ਸਮਸਿਆ ਪਾਠਕ ਨੂੰ ਵੀ ਆਉਂਦੀ ਹੈ। ਜਿਉਂ ਜਿਉਂ ਸਾਦੀਆ ਸਾਹਮਣੇ ਬੰਦਿਆਂ ਦੇ ਭੇਤ ਖੁਲ੍ਹਦੇ ਜਾਂਦੇ ਹਨ ਤਿਉਂ ਤਿਉਂ ਪਾਠਕ ਵੀ ਨਾਵਲੀ ਰਹੱਸ ਤੋਂ ਵਾਕਫ ਹੁੰਦਾ ਜਾਂਦਾ ਹੈ।

ਇਸ ਨਾਵਲ ਦਾ ਬਿਰਤਾਂਤ ਲਕੀਰੀ ਪਾਸਾਰ ਵਿਚ ਨਹੀਂ ਫੈਲਿਆ ਹੋਇਆ। ਸ਼ਾਇਦ ਇਹੀ ਕਾਰਨ ਹੈ ਕਿ ਸਾਧਾਰਣ ਪਾਠਕ ਨੂੰ ਹੀ ਨਹੀਂ ਪ੍ਰੋੜ ਪਾਠਕ ਨੂੰ ਵੀ ਇਸਦੀ ਪੜ੍ਹਤ ਕੁਝ ਅੱਕਰੀ ਲੱਗਦੀ ਹੈ। ਇਸ ਦਾ ਬਿਰਤਾਂਤ ਪਰੰਪਰਿਕ ਵਿਧੀ ਨਾਲ ਪਿਛਲਝਾਤੀ ਨਹੀਂ। ਕਥਾ ਵਾਰ-ਵਾਰ ਪਿਛਲਝਾਤੀ ਵਿਧੀ ਨਾਲ ਪਿਛੋਕੜ ਨੂੰ ਵਰਤਮਾਨ ਨਾਲ ਜੋੜਦੀ ਹੈ ਤੇ ਇਕਦਮ ਵਰਤਮਾਨ ਵਿਚ ਪਰਤ ਆਉਂਦੀ ਹੈ । ਬੀਤੇ ਦੇ ਦ੍ਰਿਸ਼ਾਂ ਨੂੰ ਇਕ ਵਾਰ ਨਹੀਂ ਸਗੋਂ ਵਾਰ ਵਾਰ ਯਾਦ ਕੀਤਾ ਗਿਆ ਹੈ। ਇਹ ਨਾਵਲ ਪ੍ਰੰਪਰਿਕ ਤਰੀਕੇ ਦਾ ਰੌਚਿਕ ਨਾਵਲ ਨਹੀਂ ਹੈ। ਇਸ ਨੂੰ ਪੜ੍ਹਣ ਲਈ ਜਿਗਰਾ ਚਾਹੀਦਾ ਹੈ।

ਇਸ ਨਾਵਲ ਦੇ ਪਾਤਰ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਇਤਿਹਾਸ ਵਿਚ ਜਦੋਂ ਗਤਲੋਗਾਰਤ ਭਰੀ ਉਥਲ-ਪੁਥਲ ਹੁੰਦੀ ਹੈ ਤਾਂ ਉਹ ਅਪਣੇ ਨਿਸ਼ਾਨ ਬਾਹਰੀ ਜਗਤ ਦੀ ਥਾਂ ਮਾਨਸਿਕ ਜਗਤ 'ਤੇ ਵਧੇਰੇ ਛੱਡਦੀ ਹੈ। ਪੰਜਾਬ ਭਵਿੱਖ ਦੇ ਰਸਤੇ 'ਤੇ ਤੁਰ ਪਿਆ ਹੈ ਪਰ ਕੁਝ ਲੋਕ ਅਜੇ ਵੀ ਅਤੀਤ ਨਾਲ ਹੱਥੋ-ਪਾਈ ਹੋ ਰਹੇ ਹਨ। ਉਨ੍ਹਾਂ ਦੇ ਦਿਨ ਤੇ ਰਾਤਾਂ ਪ੍ਰੇਸ਼ਾਨੀ ਭਰੀਆਂ ਹਨ। ਅਵਤਾਰ ਦੀ ਦਾਦੀ, ਖਾੜਕੂ ਦਲਬੀਰ ਦੀ ਮਾਂ ਆਖਦੀ ਹੈ:

-ਫਿਰ ਬੜਾ ਹੋ ਕੇ ਟਰੈਕਟਰ ਦੀ ਅਹੀ ਜੀ ਹੀਗਣੀ ਚੜ੍ਹੀ..ਨਿਆਣਿਆਂ ਕਿੰਨੀ ਨਾ ਦੇਖੇ ਨਜ਼ਰ ਪਰ ਟਰੈਕਟਰ ਨੂੰ ਜ਼ਰੂਰ ਦੇਖਦਾ। ਹੁਣ ਇਹ ਚੰਦਰੀ ਮਸ਼ੀਨਰੀ ਨੇ ਕਿਹੜੇ ਕੋਈ ਮੋਹ ਦੇਣਾ ਤਾਂ, ਉਸੇ ਤਰ੍ਹਾਂ ਚੰਦਰਾ ਖਾਲੀ ਮੁੜ ਜਾਂਦਾ..ਕਿਹੜੇ ਪਤਾ ਤਾਂ ਜੰਮਦੇ ਵਕਤ ਸਭ ਇਕੋ ਜੇ ਲਗਦੇ।

-ਨਮੋਰਾ ਸੁਪਨੇ ਵਿਚ ਬਥੇਰਾ ਆਉਂਦਾ, ਓਹੀ ਸ਼ਕਲ, ਓਹੀ ਚਾਲ, ਕਦੇ ਖਾਲੀ ਹੱਥ ਹੋਵੇ ਤਾਂ ਗਲ ਲਾਮਾਂ। ਚੰਦਰਾ ਸੁਪਨੇ..ਮਾਂ ਵੀ ਖਾਲੀ ਹੱਥ ਨੀਂ ਆਉਂਦਾ।

ਮਾਂ ਦੇ ਅਚੇਤ ਵਿਚ ਪੁੱਤਰ ਦਾ ਹਥਿਆਰਾਂ ਨਾਲ ਲੈਸ ਚਿਤਰ ਸਟਿਲ ਹੋ ਗਿਆ ਹੈ। ਇਸੇ ਪਿੰਡ ਦਾ ਰਿਟਾਇਰਡ ਡੀ.ਐਸ.ਪੀ. ਹਰ ਸਮੇਂ ਕਮਲਿਆਂ ਵਾਂਗ ਗੱਲਾਂ ਕਰਦਾ ਰਹਿੰਦਾ:

-ਉਹ ਕੋਈ ਸਮਾਂ ਤਾ ਦਸ ਸਾਲ ਟੱਬਰ ਨੂੰ ਇਧਰ ਉਧਰ ਲੁਕੌਂਦਾ ਫਿਰਿਆ, ਨਾਲੇ ਅਫ਼ਸਰ ਸੀ ਮੈਂ, ਐਹ ਅਵਤਾਰ ਦਾ ਪਾਪਾ ਸੀ, ਕਈ ਵਾਰ ਬਚਿਆ।

-ਨੀਂਦ ਨੀਂ ਆਉਂਦੀ ਕਿਆ ਦੱਸਾਂ, ਸਹੁਰੀ ਦੇ ਸਾਰੇ ਮੁੱਛ ਫੁੱਟ ਜਦ ਵੀ ਅੱਖਾਂ ਅੱਗੇ ਦੀ ਲੰਘਦੇ, ਅਪਣੇ ਆਪ 'ਤੇ ਹਰਖ਼ ਆਉਂਦਾ, ਇਹ ਕਿਤੇ ਮਾਰਨੇ ਜੋਗੇ ਤੇ, ਸਾਦੀਆ ਤੂੰ ਐਥੀਂ ਏਂ? ਉਹ ਐਨਾ ਉੱਚੀ ਬੋਲਿਆ, ਸਭ ਹੈਰਾਨ ਹੋ ਗਏ। ਸਾਦੀਆ ਦੀ ਮੌਜੂਦਗੀ ਤੋਂ ਇਹ ਖੂੰਖਾਰ ਬੰਦਾ ਕਿਸ ਗੱਲ ਦਾ ਖੌਫ਼ ਖਾ ਰਿਹਾ ਸੀ।

-ਅਵਤਾਰ ਦੇ ਪਾਪਾ ਨੇ ਅਵਤਾਰ ਦੇ ਮਾਮੇ ਨੂੰ ਉਨ੍ਹਾਂ ਦੇ ਹੁਕਮ ਦੀ ਅਵੱਗਿਆ ਕਰਨ ਦੇ ਦੋਸ਼ ਵਿਚ ਮਾਰਿਆ ਸੀ। ਇਸ ਦੇ ਰੋਸ ਵਜੋਂ ਅਵਤਾਰ ਦੀ ਮੰਮੀ ਬੱਚਿਆਂ ਨੂੰ ਛੱਡ ਕੇ ਪੇਕੀਂ ਜਾ ਬੈਠੀ। ਸਾਦੀਆ ਅਵਤਾਰ ਨੂੰ ਨਾਲ ਲੈ ਕੇ ਮਨਾਉਣ ਜਾਂਦੀ ਹੈ। ਅਵਤਾਰ ਮੰਮੀ ਦੇ ਪੈਰਾਂ ਵਿਚ ਸਿਰ ਪਟਕ-ਪਟਕ ਮਾਰਦਾ ਹੈ। ਖ਼ੂਨ ਨਿਕਲ ਆਉਂਦਾ । ਫਿਰ ਇਕ ਜ਼ੋਰਦਾਰ ਦਹਾੜ। ਸਾਦੀਆ ਚੀਕਾਂ ਮਾਰਦੀ ਗਲੀ ਵਿਚ ਜਾ ਖੜਦੀ ਹੈ। ਇਹੋ ਜਿਹਾ ਅਸਧਾਰਣ ਵਿਹਾਰ ਇਨ੍ਹਾਂ ਪਾਤਰਾਂ ਦੀ ਹੋਣੀ ਹੈ।

ਛੇ ਭਾਗਾਂ ਅਤੇ ਅਠਤਾਲੀ ਕਾਂਡਾਂ ਵਿਚ ਵੰਡਿਆ ਇਹ ਨਾਵਲ 272 ਸਫ਼ਿਆਂ ਵਿਚ ਫੈਲਿਆ ਹੋਇਆ ਹੈ। ਇਸ ਨਾਵਲ ਦਾ ਪਾਠ ਇਤਿਹਾਸ ਦੀ ਯਾਤਰਾ ਕਰਨ ਵਾਂਗ ਹੈ। ਇਸ ਨਾਵਲ ਦਾ ਪਾਠ ਤਾਜ਼ੇ-ਤਾਜ਼ੇ ਬੀਤੇ ਅਤੀਤ ਦੀ ਯਾਤਰਾ ਕਰਨ ਵਾਂਗ ਵੀ ਹੈ, ਅਤੀਤ ਜਿਸ ਦੇ ਬਹੁਤ ਸਾਰੇ ਪਾਤਰ ਮਰ ਚੁੱਕੇ ਹਨ ਤੇ ਬਹੁਤ ਸਾਰੇ ਜਿਉਂਦੇ ਵੀ ਹਨ। ਇਸ ਨਾਵਲ ਦਾ ਪਾਠ ਵਰਤਮਾਨ ਦੀ ਯਾਤਰਾ ਕਰਨ ਵਾਂਗ ਵੀ ਹੈ ਕਿਉਂਕਿ ਘਾੜ ਦਾ ਇਲਾਕਾ ਕਿਸ ਤਰ੍ਹਾਂ ਕਰਵਟ ਲੈ ਰਿਹਾ ਹੈ, ਇਹ ਉਸ ਦੀ ਕੰਨਸੋਅ ਦਿੰਦਾ ਹੈ। ਇਸ ਨਾਵਲ ਦਾ ਪਾਠ ਦੋਵਾਂ ਪੰਜਾਬਾਂ ਦੀ ਨਵੀਂ ਪੀੜ੍ਹੀ ਦੇ ਮਿਲਾਪ ਦਾ ਗਵਾਹ ਵੀ ਹੈ।

Blend of flavours
Party Cakes – Cupcakes – Desserts
Gluten free menu
Thai & Asian cuisine
http://www.facebook.com/Blendofflavours
tania – 780-977-4589
(take away only)

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Lock Smith
If:
→ Your Car is Locked
→ Your Car Need Boost
Please Call
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਆਖ਼ਰ ਦਿਲ ਦਾ ਸਵਾਲ ਹੈ

ਦੁਨੀਆ ਭਰ ਵਿਚ ਸਾਹਮਣੇ ਆਉਣ ਵਾਲੇ 32 ਮਿਲੀਅਨ ਹਾਰਟ ਅਟੈਕ ਦੇ ਮਾਮਲਿਆਂ ਵਿਚੋਂ 12.5 ਮਿਲੀਅਨ ਜਾਨ ਲੇਵਾ ਹੁੰਦੇ ਹਨ। ਬਦਲਦੀ ਜੀਵਨ ਸ਼ੈਲੀ ਕਾਰਨ ਦਿਲ ਦੇ ਰੋਗਾਂ ਨਾਲ ਜੁੜੀਆਂ ਸਮੱਸਿਆਵਾਂ ਵੱਡੇ ਖਤਰੇ ਦੇ ਰੂਪ ਵਿਚ ਉਭਰੀਆਂ ਹਨ। ਦਿਲ ਦਾ ਪਹਿਲਾ ਦੌਰਾ ਤਿੰਨ ਵਿਚੋਂ ਇਕ ਵਿਅਕਤੀ ਦੀ ਜਾਨ ਲੈ ਲੈਂਦਾ ਹੈ ਅਤੇ 20 ਫ਼ੀਸਦੀ ਲੋਕਾਂ ਦੀ ਉਸ ਦੇ ਇਕ ਮਹੀਨੇ ਦੇ ਅੰਦਰ ਮੌਤ ਹੋ ਜਾਂਦੀ ਹੈ। ਮਤਲਬ ਹੁਣ ਦਿਲ ਦੇ ਮਾਮਲੇ ਵਿਚ ਲਾਪ੍ਰਵਾਹੀ ਕਰਨਾ ਠੀਕ ਨਹੀਂ ਹੋਵੇਗਾ।



## ਆਪਣੇ ਦਿਲ ਨੂੰ ਪਛਾਣੋ :-

ਦਿਲ ਸਾਡੇ ਸਰੀਰ ਦਾ ਅਹਿਮ ਹਿੱਸਾ ਹੈ। ਸਾਡੀ ਛਾਤੀ ਦੇ ਮੱਧ ਵਿਚ ਇਹ ਖੱਬੇ ਪਾਸੇ ਸਥਿਤ ਹੁੰਦਾ ਹੈ। ਸਾਡਾ ਦਿਲ ਹਰ ਮਿੰਟ ਵਿਚ ਲਗਭਗ 72 ਵਾਰ ਧੜਕਦਾ ਹੈ। ਹਰ ਧੜਕਣ ਨਾਲ ਦਿਲ ਸਰੀਰ ਵਿਚ ਖ਼ੂਨ ਨੂੰ ਭੇਜਦਾ ਹੈ। ਕੋਰੋਨਰੀ ਧਮਨੀਆਂ ਇਸ ਨੂੰ ਖ਼ੂਨ ਪਹੁੰਚਾਉਂਦੀਆਂ ਰਹਿੰਦੀਆਂ ਹਨ। ਇਸੇ ਨਾਲ ਸਾਡੇ ਦਿਲ ਨੂੰ ਆਕਸੀਜਨ ਅਤੇ ਪੋਸ਼ਣ ਮਿਲਦਾ ਹੈ। ਸਾਡੇ ਦਿਲ ਦੇ ਦੋ ਹਿੱਸੇ ਹੁੰਦੇ ਹਨ। ਸੱਜਾ ਹਿੱਸਾ ਸਰੀਰ 'ਚੋਂ ਗੰਦਾ ਖ਼ੂਨ ਪ੍ਰਾਪਤ ਕਰਦਾ ਹੈ ਅਤੇ ਉਸ ਨੂੰ ਫ਼ੇਫੜਿਆਂ ਵਿਚ ਪੰਪ ਕਰਦਾ ਹੈ ਤੇ ਖ਼ੂਨ ਫ਼ੇਫੜਿਆਂ ਵਿਚ ਸ਼ੁੱਧ ਹੋ ਕੇ ਖੱਬੇ ਹਿੱਸੇ ਵਿਚ ਵਾਪਸ ਪਰਤਦਾ ਹੈ। ਇਥੋਂ ਖ਼ੂਨ ਸਰੀਰ ਵਿਚ ਵਾਪਸ ਪੰਪ ਕੀਤਾ ਕਰ ਦਿੱਤਾ ਜਾਂਦਾ ਹੈ।

## ਦਿਲ ਦੇ ਰੋਗਾਂ ਦੀਆਂ ਕਿਸਮਾਂ

**ਕੋਰੋਨਰੀ ਹਾਰਟ ਡਿਸੀਜ਼ : –**
ਧਮਨੀਆਂ ਦੇ ਰਸਤੇ ਵਿਚ ਆਉਣ ਵਾਲੀ ਰੁਕਾਵਟ ਕਾਰਨ ਦਿਲ ਤਕ ਪਹੁੰਚਣ ਵਾਲਾ ਖ਼ੂਨ ਪ੍ਰਭਾਵਤ ਹੁੰਦਾ ਹੈ ਅਤੇ ਉਸ ਵਿਚ ਆਕਸੀਜਨ ਤੇ ਪੋਸ਼ਣ ਤੱਤਾਂ ਦੀ ਕਮੀ ਆ ਜਾਂਦੀ ਹੈ।

**ਅਰੀਮੀਆ :** – ਦਿਲ ਦੀ ਗਤੀ ਅਨਿਯਮਤ ਹੋ ਜਾਂਦੀ ਹੈ।

**ਕਾਰਡੀਓਮਾਓਪੈਥੀ :–** ਦਿਲ ਦੇ ਆਕਾਰ ਦਾ ਵੱਡਾ ਜਾਂ ਮੋਟਾ ਹੋਣ ਕਾਰਨ ਦਿਲ ਨੂੰ ਆਮ ਦੀ ਤੁਲਨਾ ਵਿਚ ਪੰਪ ਕਰਨ ਵਿਚ ਜ਼ਿਆਦਾ ਸਮਾਂ ਲਗਦਾ ਹੈ। ਇਸ ਨਾਲ ਕਈ ਵਾਰ ਦਿਲ ਦੀ ਗਤੀ ਰੁਕ ਜਾਂਦੀ ਹੈ ਜਾਂ ਫਿਰ ਅਰੀਮੀਆ ਹੋ ਜਾਂਦਾ ਹੈ।

**ਪੈਰੀਕਾਰਡਈਟਿਸ :** – ਦਿਲ 'ਤੇ ਬਣੀ ਇਕ ਪਤਲੀ ਝਿੱਲੀ ਹੁੰਦੀ ਹੈ ਪੈਰੀਕਾਰਡੀਅਮ। ਇਸ ਦੀਆਂ ਇਕ ਜਾਂ ਇਕ ਤੋਂ ਜ਼ਿਆਦਾ ਪਰਤਾਂ 'ਤੇ ਸੋਜਿਸ਼ ਆ ਜਾਣਾ।

**ਦਿਲ ਦੀ ਧੜਕਣ ਰੁਕ ਜਾਣਾ :** ਅਜਿਹੇ ਵਿਚ ਦਿਲ ਲੋੜੀਂਦੀ ਸ਼ਕਤੀ ਨਾਲ ਪੰਪ ਨਹੀਂ ਕਰ ਸਕਦਾ, ਜਿਸ ਨਾਲ ਸਰੀਰ ਨੂੰ ਮਿਲਣ ਵਾਲੀ ਆਕਸੀਜਨ ਅਤੇ ਪੋਸ਼ਣ ਤੱਤਾਂ ਵਿਚ ਕਮੀ ਆ ਜਾਂਦੀ ਹੈ। ਇਸ ਨਾਲ ਦਿਲ ਦੀਆਂ ਮਾਸਪੇਸ਼ੀਆਂ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ ਅਤੇ ਉਹ ਕਮਜ਼ੋਰ ਹੋ ਜਾਂਦੀਆਂ ਹਨ।

**ਦਿਲ ਵਾਲਵ ਸਬੰਧੀ ਰੋਗ :–** ਦਿਲ ਦੇ ਇਕ ਜਾਂ ਜ਼ਿਆਦਾ ਖ਼ੂਨ ਵਾਹਕ ਵਾਲਵ ਕੰਮ ਕਰਨਾ ਬੰਦ ਕਰ ਦਿੰਦੇ ਹਨ।

**ਵਾਸਕੂਲਰ (ਨਾੜੀ ਸਬੰਧੀ) ਡਿਸੀਜ਼ :–** ਦਿਲ ਦੇ ਰੋਗ ਅਕਸਰ ਸੰਚਾਰ ਤੰਤਰ (ਸਰਕੂਲੇਟਰੀ ਸਿਸਟਮ) ਨਾਲ ਸਬੰਧਤ ਹੁੰਦੇ ਹਨ, ਇਸ ਵਿਚ ਧਮਨੀਆਂ, ਨਾੜੀ ਅਤੇ ਖ਼ੂਨ ਨਾਲ ਜੁੜੀਆਂ ਸਮੱਸਿਆਵਾਂ ਸ਼ਾਮਲ ਹਨ।




## ਇਹ ਹਨ ਕਾਰਨ :-


ਸਿਗਰਟਨੋਸ਼ੀ


ਹਾਈ ਬਲੱਡ ਪ੍ਰੈਸ਼ਰ


ਹਾਈ ਕੈਲੇਸਟ੍ਰੋਲ


ਡਾਈਬਿਟੀਜ਼


ਮੋਟਾਪਾ

## ਫਾਸਟ ਫੈਕਟਸ : –

- ਭਾਰਤ ਦੀ ਦਸ ਫ਼ੀਸਦੀ ਜਨ ਸੰਖਿਆ ਦਿਲ ਦੇ ਰੋਗਾਂ ਦੀ ਲਪੇਟ ਵਿਚ ਹੈ। ਦਿਲ ਦੇ ਰੋਗਾਂ ਦੇ ਵਧਦੇ ਮਾਮਲਿਆਂ ਵਿਚ ਭਾਰਤ ਦਾ ਪਹਿਲਾ ਸਥਾਨ ਹੈ। 7 ਫ਼ੀਸਦੀ ਦਿਲ ਦੇ ਰੋਗੀਆਂ ਨਾਲ ਅਮਰੀਕਾ ਅਤੇ ਯੂਰਪ ਦੂਜੇ ਨੰਬਰ 'ਤੇ ਹਨ।
- ਡਬਲਿਊ.ਐਚ.ਓ. (ਵਰਲਡ ਹੈਲਥ ਔਰਗੇਨਾਈਜ਼ੇਸ਼ਨ) ਅਨੁਸਾਰ ਭਾਰਤ ਵਿਚ 2015 ਤਕ ਦਿਲ ਦੇ ਰੋਗ ਵਿਕਰਾਲ ਸਮੱਸਿਆ ਦੇ ਰੂਪ ਵਿਚ ਸਾਹਮਣੇ ਆ ਸਕਦੇ ਹਨ।
- 40 ਫ਼ੀਸਦੀ ਤੋਂ ਜ਼ਿਆਦਾ ਸ਼ਹਿਰੀ ਭਾਰਤੀਆਂ ਵਿਚ ਵਸਾ ਦਾ ਉਚ ਪੱਧਰ ਪਾਇਆ ਜਾਂਦਾ ਹੈ। ਇਹ ਵੀ ਦਿਲ ਦੇ ਰੋਗਾਂ ਦਾ ਇਕ ਕਾਰਨ ਹੈ।

## ਤਾਂ ਕਿ ਦਿਲ ਦੇ ਰੋਗ ਰਹਿਣ ਦੂਰ :-

• ਸਿਗਰਟਨੋਸ਼ੀ ਨਾ ਕਰੋ • ਕਸਰਤ ਕਰੋ • ਫਲ ਅਤੇ ਸਬਜ਼ੀਆਂ ਦਾ ਸੇਵਨ ਕਰੋ
• ਜ਼ਿਆਦਾ ਮਾਤਰਾ ਵਿਚ ਨਮਕ ਜਾਂ ਵਸਾ ਯੁਕਤ ਭੋਜਨ ਨਾ ਖਾਓ
• ਸਮੇਂ ਸਮੇਂ 'ਤੇ ਡਾਕਟਰੀ ਚੈਕਅੱਪ ਕਰਵਾਓ।

## ਡਾਕਟਰ ਕਹਿੰਦੇ ਹਨ :

ਪਹਿਲਾਂ ਦਿਲ ਦੇ ਰੋਗ ਦੀ ਸਮੱਸਿਆ ਵੱਡੀ ਉਮਰ ਦੇ ਲੋਕਾਂ ਵਿਚ ਜ਼ਿਆਦਾ ਦੇਖੀ ਜਾਂਦੀ ਸੀ, ਪਰ ਹੁਣ ਮਰੀਜ਼ਾਂ ਵਿਚ 20 ਫ਼ੀਸਦੀ ਗਿਣਤੀ ਨੌਜਵਾਨਾਂ ਦੀ ਹੁੰਦੀ ਹੈ। 2007 ਵਿਚ ਦਿਲ ਦੇ ਰੋਗਾਂ ਨਾਲ ਜੁੜੀ ਇਕ ਖੋਜ ਸਾਹਮਣੀ ਆਈ ਸੀ, ਇਸ ਵਿਚ ਲਿੰਗ, ਉਮਰ ਅਤੇ ਸਥਾਨ ਨਾਲ ਸਬੰਧ ਦਿਲ ਦੇ ਰੋਗਾਂ ਦੇ ਛੇ ਵੱਡੇ ਕਾਰਨ ਦੱਸੇ ਗਏ ਸਨ। ਇਹ ਕਾਰਨ ਹਨ, ਹਾਈਪਰਟੈਂਸ਼ਨ, ਕੈਲੇਸਟ੍ਰੋਲ, ਕਸਰਤ ਨਾ ਕਰਨਾ, ਤਣਾਅ, ਡਾਈਬਿਟੀਜ਼, ਫਲ ਅਤੇ ਸਬਜ਼ੀਆਂ ਦਾ ਸੇਵਨ ਨਾ ਕਰਨਾ। ਆਪਣੇ ਦਿਲ ਨੂੰ ਦਰੁੱਸਤ ਕਰਨ ਲਈ ਇਨ੍ਹਾਂ ਛੇ ਕਾਰਨਾਂ 'ਤੇ ਧਿਆਨ ਦੇਣ ਦੇ ਨਾਲ ਹੀ ਸੰਤੁਲਤ ਭੋਜਨ ਅਤੇ ਕਸਰਤ 'ਤੇ ਧਿਆਨ ਦੇਣਾ ਜ਼ਰੂਰੀ ਹੈ।

ਡਾ. ਅਮਿਤੇਸ਼ ਅਗਰਵਾਲ,
ਕਾਰਡੀਓਲਾਜਿਸਟ, ਜੀ.ਟੀ.ਬੀ. ਹਸਪਤਾਲ, ਦਿੱਲੀ

# ਵਿਨੀਪੈਗ ਕਬੱਡੀ ਐਸੋਸੀਏਸ਼ਨ ਵਲੋਂ ਕਬੱਡੀ ਟੂਰਨਾਮੈਂਟ

ਵਿਨੀਪੈਗ (ਸੁਰਿੰਦਰ ਮਾਵੀ) ਪਿਛਲੇ ਦਿਨੀਂ ਵਿਨੀਪੈਗ ਕਬੱਡੀ ਐਸੋਸੀਏਸ਼ਨ ਵੱਲੋਂ ਗਾਰਡਨ ਸਿਟੀ ਕਮਿਊਨਿਟੀ ਸੈਂਟਰ ਦੇ ਮੈਦਾਨ ਵਿੱਚ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਕਲਗੀਧਰ ਸਪੋਰਟਸ ਕਲੱਬ ਐਡਮਿੰਟਨ ਦੀ ਝੰਡੀ ਰਹੀ। ਜ਼ਿਕਰਯੋਗ ਹੈ ਕਿ ਇਸ ਕਲੱਬ ਦੀਆਂ ਚਾਰ ਟੀਮਾਂ ਨੇ ਜੇਤੂ ਸਥਾਨ ਹਾਸਲ ਕੀਤੇ।



ਟੂਰਨਾਮੈਂਟ ਵਿੱਚ ਕਲਗੀਧਰ ਸਪੋਰਟਸ ਕਲੱਬ ਐਡਮਿੰਟਨ, ਹਰਜੀਤ ਕਲੱਬ ਸਰੀ, ਵਿਨੀਪੈਗ ਕਬੱਡੀ ਐਸੋਸੀਏਸ਼ਨ ਅਤੇ ਵਿਨੀਪੈਗ ਤੇ ਟਰਾਂਟੋ ਕਬੱਡੀ ਐਸੋਸੀਏਸ਼ਨ ਦੀਆਂ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਕਲਗੀਧਰ ਸਪੋਰਟਸ ਕਲੱਬ ਐਡਮਿੰਟਨ ਅਤੇ ਹਰਜੀਤ ਕਲੱਬ ਸਰੀ ਵਿੱਚ ਹੋਇਆ, ਜਿਸ ਵਿੱਚ ਕਲਗੀਧਰ ਕਲੱਬ ਨੇ ਬਾਜ਼ੀ ਮਾਰੀ। ਟੂਰਨਾਮੈਂਟ ਵਿੱਚ ਪੱਪੀ ਖਹਿਰਾ ਨੂੰ ਬੈਸਟ ਜਾਫ਼ੀ ਅਤੇ ਭਲਵਾਨ ਰੰਗੀਆਂ ਨੂੰ ਬੈਸਟ ਧਾਵੀ ਦਾ ਖ਼ਿਤਾਬ ਦਿੱਤਾ ਗਿਆ। ਇਹਨਾਂ ਖਿਡਾਰੀਆਂ ਦਾ ਸੋਨੇ ਦੀ ਚੇਨ ਅਤੇ ਟਰਾਫ਼ੀ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਜੂਨੀਅਰ ਕਬੱਡੀ ਵੀ ਖੇਡੀ ਗਈ, ਜਿਸ ਵਿੱਚ ਅੰਡਰ 12 ਅੰਡਰ 14 ਅਤੇ ਅੰਡਰ 17 ਸਾਲਾ ਖਿਡਾਰੀਆਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ ਸ਼ੂਟਿੰਗ ਵੌਲੀਵਾਲ ਅਤੇ ਫੁਟਬਾਲ ਦੇ ਮੈਚ ਵੀ ਕਰਵਾਏ ਗਏ ਜਿਸ ਵਿੱਚ ਮੈਪਲ ਟੀਮਾਂ ਦੀ ਝੰਡੀ ਰਹੀ। ਤਾਸ਼ ਦੀ ਖੇਡ ਸੀਪ ਵਿੱਚ ਦਰਸ਼ਨ ਸਿੰਘ ਅਤੇ ਤੇਜਾ ਸਿੰਘ ਨੇ ਬਾਜ਼ੀ ਮਾਰੀ। ਇਸ ਤੋਂ ਇਲਾਵਾ ਬੱਚਿਆਂ ਦੀਆਂ ਹੋਰ ਖੇਡਾਂ ਵੀ ਕਰਵਾਈਆਂ ਗਈਆਂ। ਟੂਰਨਾਮੈਂਟ ਦੀ ਇੱਕ ਵਿਸ਼ੇਸ਼ਤਾ ਇਹ ਰਹੀ ਕਿ ਇਸ ਮੌਕੇ ਤੀਆਂ ਦਾ ਮੇਲਾ ਵੀ ਲਾਇਆ ਗਿਆ। ਟੂਰਨਾਮੈਂਟ ਦੇ ਅੰਤ ਵਿੱਚ ਚੰਗੇ ਖਿਡਾਰੀਆਂ ਅਤੇ ਵਲੰਟੀਅਰਾਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ, ਜਿਨ੍ਹਾਂ ਵਿੱਚ ਜੱਸੀ ਸਿੰਘ, ਜਸ਼ਨਦੀਪ ਸਿੰਘ, ਇੰਦਰਜੀਤ ਸਿੰਘ, ਸੁਰਿੰਦਰ ਮਾਵੀ ਅਤੇ ਰਣਜੋਧ ਸਿੰਘ ਦੇ ਨਾਂ ਸ਼ਾਮਿਲ ਹਨ। ਇਸ ਮੌਕੇ ਹਰਮਨਦੀਪ ਸਿੰਘ ਅਤੇ ਕੁਲਵਿੰਦਰ ਗਿੱਲ ਨੇ ਦਰਸ਼ਕਾਂ ਦਾ ਮੰਨੋਰੰਜਨ ਕੀਤਾ। ਅੰਤ ਵਿੱਚ ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਦੇ ਸਪੌਂਸਰ ਅਤੇ ਵਲੰਟੀਅਰਾਂ ਹੈਪੀ, ਬੱਬੀ, ਦਲਬੀਰ ਬਾਲਾ, ਚਰਨਜੀਤ ਸਿੰਘ, ਦੀਪ ਗਰੇਵਾਲ, ਗੁਰਮੀਤ ਗਿੱਲ, ਹਰਮਿੰਦਰ ਔਲਖ ਗੋਰਾ ਅਤੇ ਜਗਜੀਤ ਗਿੱਲ ਦਾ ਧੰਨਵਾਦ ਕੀਤਾ ਗਿਆ।

## ਕਨੇਡੀਅਨ ਪ੍ਰਭਜੀਤ ਕੌਰ ਦੁਸਾਂਝ ਨੇ ਮੈਡਲ ਜਿੱਤਿਆ



ਵੈਨਕੂਵਰ (ਨਦਬ) : ਕਨੇਡਾ ਦੇ ਜੰਮਪਲ ਪੰਜਾਬੀਆਂ ਵਲੋਂ ਖੇਡਾਂ ਵਿਚ ਮੱਲਾਂ ਮਾਰਨ ਦੀ ਪਿਰਤ ਨੂੰ ਅੱਗੇ ਤੋਰਦਿਆਂ ਪ੍ਰਭਜੀਤ ਕੌਰ ਦੁਸਾਂਝ ਨੇ ਡਿਸਕ ਥ੍ਰੋ 'ਚ ਮੈਡਲ ਜਿੱਤ ਕੇ ਭਾਈਚਾਰੇ ਦਾ ਮਾਣ ਵਧਾਇਆ ਹੈ। ਲੈਂਗਲੀ 'ਚ ਹੋਏ ਕੌਮੀ ਐਥਲੈਟਿਕ ਯੂਥ ਮੁਕਾਬਲਿਆਂ 'ਚ ਪ੍ਰਭਜੀਤ ਨੇ ਤੀਜਾ ਸਥਾਨ ਹਾਸਲ ਕੀਤਾ, ਜਦਕਿ ਕਨੇਡਾ ਦੀ ਰਾਜਧਾਨੀ ਔਟਾਵਾ ਵਿਚ ਰਾਸ਼ਟਰੀ ਚੈਂਪੀਅਨਸ਼ਿਪ 'ਚ ਉਹ ਪਹਿਲਾਂ ਹੀ ਜਿੱਤ ਹਾਸਲ ਕਰ ਚੁੱਕੀ ਹੈ। ਪੰਜਾਬ ਤੋਂ ਦੁਸਾਂਝ ਕਲਾਂ ਨਾਲ ਸਬੰਧਤ ਕੌਮਾਂਤਰੀ ਐਥਲੀਟ ਅਤੇ ਕੋਚ ਪਵਿੱਤਰ ਸਿੰਘ ਦੁਸਾਂਝ ਦੀ ਹੋਣਹਾਰ ਧੀ ਨੇ ਬ੍ਰਿਟਿਸ਼ ਕੋਲੰਬੀਆ ਹਾਈ ਸਕੂਲ ਚੈਂਪੀਅਨਸ਼ਿਪ ਵਿਚ ਸਿਲਵਰ ਮੈਡਲ ਜਿੱਤ ਕੇ ਪਰਿਵਾਰ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਭਜੀਤ ਦਾ ਕਹਿਣਾ ਹੈ ਕਿ ਪੰਜਾਬੀ ਕਨੇਡਾ 'ਚ ਖੇਡਾਂ 'ਚ ਸ਼ਾਨਦਾਰ ਜਿੱਤਾਂ ਹਾਸਲ ਕਰ ਕੇ ਦੇਸ਼ ਦੇ ਉਸਾਰੂ ਕਾਰਜਾਂ 'ਚ ਪ੍ਰਤੀਨਿਧਤਾ ਕਰ ਰਹੇ ਹਨ।

## ਨਵਾਂ ਰਿਕਾਰਡ ਕਾਇਮ ਮੈਨੀਟੋਬਾ ਦੇ ਖਿਡਾਰੀਆਂ ਨੇ ਜਿੱਤੇ 35 ਮੈਡਲ




ਵਿਨੀਪੈਗ (ਨਦਬ) ਸ਼ੇਰਬਰੂਕ ਕਿਊ ਵਿੱਚ ਦੋ ਹਫ਼ਤਿਆਂ ਦੇ ਚੱਲੇ ਮੁਕਾਬਲੇ ਵਿੱਚ ਮੈਨੀਟੋਬਾ ਦੇ ਖਿਡਾਰੀਆਂ ਨੇ 35 ਮੈਡਲ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੈਨੀਟੋਬਾ ਦੇ ਖਿਡਾਰੀਆਂ ਵੱਲੋਂ ਇਸ ਤੋਂ ਪਹਿਲਾਂ 1989 ਵਿੱਚ 29 ਮੈਡਲ ਜਿੱਤ ਕੇ ਰਿਕਾਰਡ ਬਣਾਇਆ ਗਿਆ ਸੀ ਪਰ ਹੁਣ ਇਸ ਰਿਕਾਰਡ ਵਿੱਚ ਦੋ ਮੈਡਲਾਂ ਦਾ ਹੋਰ ਵਾਧਾ ਹੋ ਗਿਆ ਹੈ। ਦੋ ਮੈਡਲਾਂ ਦਾ ਵਾਧਾ ਇਸ ਵਾਰ ਔਰਤਾਂ ਦੀ ਬਾਸਕਵਾਲ ਦੀ ਟੀਮ ਅਤੇ ਮਰਦਾਂ ਦੀ ਬੀਚ ਵੌਲੀਵਾਲ ਟੀਮ ਵੱਲੋਂ ਤਾਂਬੇ ਦੇ ਮੈਡਲ ਜਿੱਤਣ ਨਾਲ ਹੋਇਆ ਹੈ। ਜਿੱਤ ਦੀ ਖ਼ੁਸ਼ੀ ਵਿੱਚ ਮੈਨੀਟੋਬਾ ਵਿੱਚ ਜਸ਼ਨ ਦਾ ਮਹੌਲ ਬਣਿਆ ਹੋਇਆ ਹੈ। ਅਥਲੀਟ ਹਨ੍ਹਾ ਗਟਰਮਸਨ, ਸਟੀਫ਼ਨ ਲੋਰੀ ਅਤੇ ਕੈਨੀਓਕਐਕ ਵੱਲੋਂ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਗਿਆ।


# PUNJABI MEDIA ASSOCIATION OF ALBERTA

*Organizes a Seminar*
*On*

## Media's Symbiotic Relationship to Violence with special reference to Punjab:

*Speaker:*
*Known author and a journalist*

## GOBIND THUKRAL

**Now Editorial Advisor 'Desh Sewak'**
**& a former Bureau-Chief of The Tribune, Chandigarh**

**On Sunday, October 6, 2013; Time:1: 30 pm**
**At**
**Maharaja Banquet Facility**
**9257–34 A Avenue, Edmonton, AB, Canada**

**For more information contact:**

**Dr. P. R. Kalia: 780-440-2766; Kulmit Singh Sangha: 780-619-8485**
**Gursharan Buttar: 780-716-8253; Gurbhalinder Singh Sandhu: 780-953-2525**
**Navtej Bains: 780-200-2872; Harpreet Singh Sandhu: 780-200-9289**
**Raj Klair: 780-440-9110**

**BRIEF BIO OF THE SPEAKER:**



Gobind Thukral: Masters in English and post graduate degree in Mass Communication (Jorunalism); Worked with various newspapers from 1969 onwards. These included: Indian Express, Financial Express, India Today, The Hindustan Times, The Tribune, and now Editorial Advisor 'DeshSewak'; Fellow Indian Institute of Advanced Study, Shimla, from 2001 to 2004; Wrote book ***Troubled Reflections: Reporting Violence: Media's Symbiotic Relationship with Violence, Ethnic Violence, Terrorism, and War;*** Another book ***'The Great Indian media Bazaar'*** under preparations.

***FREE ENTRY***

# Ghadr Centennial Commemoration 2013

A Tribute to Patriots and Heroes of the Ghadr Movement

## PROGRESSIVE PEOPLES FOUNDATION OF EDMONTON

Presents

# MULTILINGUAL POETIC SYMPOSIUM

## SATURDAY, SEPTEMBER 21, 2013

**Time: 2.00pm**

**Place: Maharaja Banquet Hall**

**9257 - 34A Avenue**

**Edmonton, AB.**



Kartar Singh Sarabha



Lala Hardayal



Bibi Ghulab Kaur



Sohan Singh Bhakhna



Pt. Kanshi Ram



Maulvi Barkat Ullah

## ਗ਼ਦਰ ਸ਼ਤਾਬਦੀ ਨੂੰ ਸਮਰਪਿਤ
## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ
## ਪੇਸ਼ ਕਰਦੇ ਹਨ

# 'ਬਹੁ-ਭਾਸ਼ਾਈ ਕਵੀ ਸੰਮੇਲਨ'

ਸਮਾਂ: ਸ਼ਨੀਵਾਰ 21 ਸਤੰਬਰ 2013 ਬਾਅਦ ਦੁਪਿਹਰ 2 ਵਜੇ

ਸਥਾਨ: ਮਾਹਾਰਾਜਾ ਬੈਂਕੁਇਟ ਹਾਲ, 9241 34ਏ ਐਵਿਨਿਊ ਐਡਮਿੰਟਨ

FOR MORE INFORMATION CONTACT:

## The Ghadr Centennial Commemoration Planning Team

Dalbir Sangione: 780 995 5475; Dr. P.R Kalia: 780 485 2989; Prof. Raj Pannu: 780 439 9220;
Gurcharan Brar: 780 265 3752; Gurvarinder Gill: 780 497 8801; Gursewak Mann: 587 920 7710;
Parminder Dhaliwal: 780 994 1886; Darshan Khaira: 780 450 3834; Navtej Bains: 780 200 2872;
Joginder Randhawa: 780 914 6251; Bakhash Sangha: 780 660 7520; Kirtmeet Kohar: 780 200 5328;
Rabinder Sra: 780 431 1692; Usha Bhachhu: 780 200 3078; Surinder Deol: 780 239 9038;
Gurminder Moom: 780 450 2075; Gurtej Brar: 780 906 0371; Devinder Sunner: 780 952 7334;
Parminder Sooch: 780 297 6105; Jasbir Sangha: 780 863 4055

# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Enough Parking Space
Ph: 780-298-1114, 780-993-4441
6609 34 St. Edmonton, Alberta.

# ਨਵੀਂ ਦੁਨੀਆ ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ

## ਨਵੀਂ ਦੁਨੀਆ ਪ੍ਰਕਾਸ਼ਨ

ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ

ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

# STP ELECTRIC LTD.

stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations



ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# WILDROSE MASONARY & STONE WORKS



Commercial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

# HARRY`S EXCAVATING

PH: 780-918-2252
Specialist in :
Digging Basements & All Kind Of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।



Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4

# ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



# NEW WAY Stucco Ltd.



Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

# Moga Painting Company

Serving Since 1985
Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# JASON MILLAR WARD 2

FOR CITY COUNCIL
Building our future together......



WWW.JASONMILLAR.NET
PHONE: 780-245-3687
EMAIL: JMILLAR2013@HOTMAIL.COM


SHOWHOMES NOW OPEN!
Laurel CROSSING
A well-rounded community
Single family homes & duplexes
Settle into the well-rounded community of Laurel Crossing, where you're sure to find all the convenience your family could ever really need!
Community lake
Affordable living
Convenient location
Located in South East Edmonton!
SINGLE FAMILY HOMES
Sterling Homes
780.760.1160
Pacesetter Homes
780.756.0833
Tristate Signature Homes
780.756.4941
Landmark Homes
780.702.7279
DUPLEX STYLE HOMES
S2 by Sterling Homes
780.756.9409
Pacesetter Homes
780.757.7982
Bedrock Homes
780.436.8000
WHITEMUD FWY
50 STREET
34 STREET
17 STREET
23 AVENUE
16A AVENUE
www.laurel-crossing.com
780.463.1126
QUALICO | where community begins


.ਗਦਰ ਸ਼ਤਾਬਦੀ ਨੂੰ ਸਮਰਪਿਤ
Punjabi Cultural Association of Alberta
PRESENTS
31st Annual Cultural Program
Sunday 13th October 2013 @ 2.00PM
Jubilee Auditorium, 11455 87 Ave. Edmonton
ਬੜੇ ਮਾਣ ਨਾਲ ਪੇਸ਼ ਕਰਦੀ ਹੈ
31ਵਾਂ ਸਲਾਨਾ ਸੱਭਿਆਚਾਰਕ ਮੇਲਾ
ਐਤਵਾਰ 13 ਅਕਤੂਬਰ 2013 ਨੂੰ ਜੁਬਲੀ ਆਡੀਟੋਰੀਅਮ ਵਿਖੇ 2.00 ਵਜੇ
ਜਿਸ ਵਿਚ ਗਿੱਧਾ-ਭੰਗੜਾ, ਗੀਤ-ਸੰਗੀਤ, ਹਾਸਾ-ਠੱਠਾ, ਸਕਿੱਟਾਂ ਤੇ ਹੋਰ ਬਹੁਤ ਕੁਝ
Program Ticket
$ 5.00
Kids Under 10 Year Free
For More Info:
ਗੁਰਚਰਨ ਬਰਾੜ (780-265-3752), ਇੰਦਰਾ ਸਰੋਆ (780-904-6463),
ਦਲਬੀਰ ਸਾਂਗਿਆਂਣ (780-995-5475), ਗੁਰਸੇਵਕ ਮਾਨ (587-920-7710),
ਪਰਮਿੰਦਰ ਧਾਲੀਵਾਲ (780-994-1886), ਬਖ਼ਸ਼ ਸੰਘਾ (780-461-7528),
ਅਰਵਿੰਦ ਸ਼ੇਖੋਂ (780-965-9508), ਕਿਰਤਮੀਤ ਕੁਹਾੜ (780-200-5328),
ਵਰਿੰਦਰ ਭੁੱਲਰ (780-966-3121), ਗੁਰਵਿੰਦਰ ਗਿੱਲ (780-497-8801),
ਕੁਲਦੀਪ ਧਾਲੀਵਾਲ (780-278-0627)


BALL HOCKEY TOURNAMENT
SEPTEMBER 28 & 29
SERVUS CREDIT UNION PLACE
400 Campbell Road, St.Albert, Alberta
5RYouth
This September Come Watch And Cheer On Your Youth During The Annual Five Rivers Ball Hockey Tournament. This Event Is Not Possible Without Support From Community Members Like You!
Also, If You Are Interested In Sponsoring The Tournament We Have A Gold And A Silver Sponsorship Available!
Contact: Sam: 780-293-7477 or Jashan: 780-235-2587
Email us at: fiveriversyouth@gmail.com
Website: www.5riversyouth.com

# Effects of alcohol on human body

**Harjot**

Have you ever roamed on the streets of your city near bars and pubs after Saturday late night party? If 'Yes', then you would have come across a few people stumbling, not able to talk properly, claiming the world around them is spinning! You simply ignore their claims thinking they are a "little drunk". So, what exactly happens to these people when they consume the drinks or alcohol? It may be little more dangerous and complicated than perhaps we think of. Although, the glossary 'alcohol' stand for the entire family of organic compounds like methanol, ethanol, isopropanol, in more general terms, we mean 'ethanol' when we talk about alcohol. it goes to stomach where only 20% of the total quantity is absorbed by it. Remaining 80% is then absorbed by the small intestine from where it gets distributed throughout the human body. Alcohol travels through blood and comes into contact with cells of almost every organ. due to its high affection towards water, it can penetrate almost all cellular membranes resulting in absorption by all organs. the effects of alcohol on human body change gradually over the time. At initial stages, a person feels more relaxed and cheerful which is followed by more stumbling movements and animated speech. They become more confident, and often let go of their inhibitions. Too much alcohol may also affect the functioning of endocrine glands which are responsible for secreting growth hormones, tissue function etc.

Red face and alcohol often go hand in hand. And I'm not just talking about embarrassment here! At every party you see that one guy who has had a lot to drink and his face is all red. This particular occurrence is known as alcohol flush reaction and is one of the side effects of alcoholism. So what causes this reaction? The red face is more commonly seen among people of east Asian descent and hence, is also known as the Asian Flush. The red face makes the people feel more flustered. Most people do not know this, but an alcohol flush reaction is a potentially dangerous reaction in the body. Researchers say that this small mutation exists mostly amongst east Asians. Nearly 45-50% of east Asians face the problem of alcohol flush reaction, while it is rarely seen amongst people from other parts of the world. Unfortunately, there is no known sure-shot cure for the alcohol flush reaction

You are in a relationship for a long time and you find that your boyfriend/girlfriend is an alcoholic; or your parents in same habit ,you may discover they move towards alcoholism. Your taunts and nagging fall on deaf ears and you wonder how exactly to deal with a them. Alcohol addiction is a major and widespread problem in the world. Excessive alcohol consumption can not only crumble one's health, but, can also lead to problems in relationship. So, here are some tips on dealing with an alcoholic. The first and foremost thing you should follow is to talk about the problem. An open conversation usually works in solving all problems. Therefore, have a direct and honest conversation. You should talk about the serious disadvantages of alcoholism, and also explain that alcoholism will ruin career and entire life. You should be direct and specific in expressing your concern for that person. you must realize when dealing with an alcoholic is to not to let him tease you to yield to his demands. You need to be firm in denying his demands. Secondly, you should not ever cover up for him by denying the fact or making calls to give excuses on his behalf. If you think that you are helping him for the sake of love, it is time you reconsider your thoughts. you must remember to avoid confronting or making threats to an alcoholic when he is in a drunken state. This will result in worsening the situation and he may end up abusing you, verbally or even physically. It takes a lot of patience and determination to stay in a relationship with an alcoholic. It is generally very difficult for an alcoholic to accept the fact that he is the root cause of the problem. It is better to distance yourself and your children from him. This will help him realize that it is his fault and he has to change his habits to have you back. Do not trust an alcoholic spouse to pay any bills or assign any cash with him. You may continue to live under the illusion that they have paid the bills and you may end up indebted.

# Animal Testing

**Jagbir Singh**

Animal testing in the past few decades has been increased to a high level as well as more animal are being tested for the sake of human health and a cure of non-curable diseases such as cancer, aids, body parts replacement, TB and much more. So the question is, is it right to kill those innocent animal just for an experiment for the cure of diseases or to test those medicine on the animals. The animals which are usually used for these types of experiments are generally rats and monkeys due to their similar DNA structure with humans. So if the experiments work on the animals it is believed the experiments would also work for humans. Now a days in the world of high-tech, these experiments are probably faster and also behind those experiments there are also some illegal things happening which we are not aware of. Animals are being killed not for a reasonable experiment but just for satisfying the insanity of the people.

Many scientists and governments state that animals that are being tested on should suffer as little as possible. We are living in a high-tech world where almost everything is near to possible. Then why is there a need to kill those innocent animals when we have that much technology that assures us the accuracy of the medicine or cure. Animals have the right to be treated as beings of value in themselves, not as the means to human ends; this principle must be applies in order to guarantee the end of cruelty to animals. The application of this principle means that animals should never be experimented upon whatever the potential gain for humanity. To infect monkeys with the AIDS virus or to expose rodents to toxic chemicals and radiation is simply not acceptable, whatever the supposed benefits. So, due to my opinion, there should be animal testing but not at the cost of the lives of the animals and this testing should be done under the correct government procedures, and if illegal animal testing can be prevented the balance of the nature can be kept. It is only acceptable to test human medicines on human beings if they give their consent. Non-human animals are never able to give such consent. It is therefore never acceptable to test medicines on perfectly healthy animals, even if the treatments are for use on other animals.

# Bullying

**Harpreet**

*If you saw bullying, what would you do to stop it? Would you stand by and let it happen, take part in it or try to stop it? Not many students think about this, and that's part of the problem. 'Treat others the way you want to be treated.' That's the Golden Rule and it should be followed in every aspect of your life. If someone was in a position to stop you from being bullied and did nothing, how would you feel? If you find that unacceptable, you must do everything you can to stop others from hurting people. Are you even aware of how much pain these victims feel every day? They go to school knowing they're going to be hurt and they see no way out. This is because people like you and many others stand by and let it happen without knowing how much pain this is causing people. Ask yourself this: How would you feel if you were in the victim's position and could see no end to your pain? When the victims see no way out, they may choose to tragically end their life, leaving more hurt behind for those who were unable to stop it. Canada has the third-highest teen suicide rate of all the industrialized nations, with 15 deaths per 100,000 people. Suicide is the second leading cause of death for people ages 10-24, behind motor vehicle accidents. The death of a young person is always a waste of life, so how many more lives must be wasted before something is done? If you ignore bullying in any way, shape or form, you are taking part in it. Bullying is everyone's responsibility and the option of doing nothing is unacceptable in the world we live in. Some people may consider mocking someone funny, even though it is anything but funny to the victim. Small jabs taken every day can add up to a lot of pain and suffering. While it may seem innocent to the person taking the shots, the increasing effect of these daily jabs could be devastating. In addition to that, as the pain increases, each jab cuts a little deeper.*




# ਆਜ਼ਾਦੀ ਦੀ ਜਵਾਲਾ ਪ੍ਰਚੰਡ ਕਰਨ ਵਾਲਾ ਬਾਬਾ ਜਵਾਲਾ ਸਿੰਘ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ. ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

***ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ***

ਉਸ ਸਮੇਂ ਬਹੁਤੇ ਭਾਰਤੀ ਆਪਣੇ ਆਪ ਨੂੰ ਬੜੇ ਮਾਣ ਨਾਲ ਬਰਤਾਨਵੀ ਪਰਜਾ ਅਖਵਾਉਂਦੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਬਰਤਾਨਵੀ ਸਾਮਰਾਜ ਲਈ ਲੜੀਆਂ ਜੰਗਾਂ 'ਚ ਮਿਲੇ ਬਹਾਦਰੀ ਦੇ ਤਮਗੇ ਸਨ, ਜਿਹੜੇ ਥਾਂ ਪਰ ਥਾਂ ਦਿਖਾਏ ਜਾਂਦੇ ਸਨ ਪਰ ਫਿਰ ਵੀ ਬਰਤਾਨੀਆ ਦੀ ਹੀ ਦੂਸਰੀ ਬਸਤੀ ਕਨੇਡਾ ਵਿਚ ਉਨ੍ਹਾਂ ਦਾ ਅਪਮਾਨ ਹੁੰਦਾ ਸੀ। ਇਹ ਬਹਾਦਰੀ ਦੇ ਤਮਗੇ ਵੀ ਇੱਥੇ ਹੁੰਦੇ ਅਪਮਾਨ ਨੂੰ ਕੋਈ ਰੋਕ ਨਹੀਂ ਸਨ ਪਾਉਂਦੇ ਸਗੋਂ ਹੋਰ ਅਪਮਾਨ ਕਰਵਾਉਣ ਦਾ ਸੱਬਬ ਬਣਦੇ ਸਨ। ਆਜ਼ਾਦ ਮੁਲਕਾਂ ਦੇ ਲੋਕ ਆਖਦੇ, "ਜੇ ਏਨੇ ਹੀ ਬਹਾਦਰ ਹੋ ਤਾਂ ਆਪਣਾ ਦੇਸ਼ ਆਜ਼ਾਦ ਕਿਉ ਨਹੀਂ ਕਰਵਾ ਲੈਂਦੇ?" ਇਹ ਬਹਾਦਰੀ ਦੇ ਤਮਗੇ ਗੋਰੀ ਚਮੜੀ ਵਾਲਿਆਂ ਦੇ ਬਰਾਬਰ ਹੱਕ ਦਿਵਾਉਣ ਵਿਚ ਅਸਮਰਥ ਸਨ।

ਉਸ ਸਮੇਂ ਅਮਰੀਕਾ ਵਾਂਗ ਹੀ ਕਨੇਡਾ ਵਿਚ ਵੀ ਭਾਰਤੀਆਂ ਦੀਆਂ ਸਮੱਸਿਆਂਵਾਂ ਏਨੀਆਂ ਸਨ ਕਿ ਜਿਸ ਦਾ ਕਿਸੇ ਜਥੇਬੰਦੀ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਸੀ। ਜਪਾਨੀਆਂ ਤੇ ਚੀਨੀਆਂ ਦੇ ਮੁਕਾਬਲੇ 'ਤੇ ਭਾਰੀਆਂ ਲਈ ਕੋਈ ਨਾ ਕੋਈ ਬਹਾਨਾ ਟੋਲ੍ਹਿਆ ਜਾ ਰਿਹਾ ਸੀ ਕਿ ਇਨ੍ਹਾਂ ਦਾ ਦਾਖ਼ਲਾ ਕਨੇਡਾ ਵਿਚ ਨਾ ਹੋਵੇ, ਇਸੇ ਲਈ ਸਿੱਧੇ ਸਫ਼ਰ ਦੀ ਸ਼ਰਤ ਰੱਖੀ ਗਈ ਸੀ, ਜਿਹੜੀ ਕੋਈ ਵੀ ਭਾਰਤੀ ਪੂਰੀ ਨਹੀਂ ਸੀ ਕਰ ਸਕਦਾ। ਭਾਰਤੀਆਂ ਦੀਆਂ ਸਾਰੀਆਂ ਦਲੀਲਾਂ ਤੇ ਫਰਿਆਦਾਂ ਦੀ ਕਿਤੇ ਵੀ ਸੁਣਵਾਈ ਨਹੀਂ ਸੀ। ਉਹ ਅੱਕ-ਥੱਕ ਚੁੱਕੇ ਸਨ। ਹੋਰ ਤਾਂ ਹੋਰ ਜੇ ਕੋਈ ਭਾਰਤੀ ਮਰ ਜਾਂਦਾ ਤਾਂ ਉਸ ਦੇ ਸਸਕਾਰ ਲਈ ਥਾਂ ਤਕ ਨਾ ਦਿੱਤੀ ਜਾਂਦੀ। ਭਾਰਤੀ ਰਾਤ ਬਰਾਤੇ ਲੁੱਕ ਛਿਪ ਕੇ ਮੁਰਦੇ ਦਾ ਸਸਕਾਰ ਕਰਦੇ ਤਾਂ ਕਿ ਸਰਕਾਰ ਤੇ ਗੋਰਿਆਂ ਨੂੰ ਪਤਾ ਨਾ ਲੱਗ ਜਾਵੇ। ਉੱਥੇ ਦੀਆਂ ਸਥਿਤੀਆਂ ਇਸ ਗੱਲ ਦੀ ਮੰਗ ਕਰਦੀਆਂ ਸਨ ਕਿ ਕੋਈ ਐਸੀ ਜਥੇਬੰਦੀ ਹੋਵੇ, ਜਿਹੜੀ ਨਾ ਕੇਵਲ ਸਿਧਾਂਤ ਵਿਚ ਹੀ ਸਗੋਂ ਵਿਹਾਰ ਵਿਚ ਵੀ ਭਾਰਤੀਆਂ ਦੇ ਦੁੱਖਾਂ ਦਰਦਾਂ ਵਿਚ ਉਨ੍ਹਾਂ ਦੀ ਬਾਂਹ ਫ਼ੜੇ। ਇਸ ਲਈ ਮੁਢਲੀ ਤਿਆਰੀ ਪ੍ਰੋਫੈਸਰ ਤਾਰਕਨਾਥ ਦਾਸ ਦੇ ਪਰਚੇ ਨਾਲ ਹੀ ਹੋ ਗਈ ਸੀ। ਸੰਤੋਖ ਸਿੰਘ ਵਰਗੇ ਪੜ੍ਹੇ ਲਿਖੇ ਉਸ ਪਰਚੇ ਦੇ ਪਾਠਕ ਬਣ ਗਏ ਸਨ।

ਇਹ ਉਹ ਸਮਾਂ ਸੀ ਜਦੋਂ ਜਥੇਬੰਦੀ ਦੇ ਮੁਢਲੇ ਹਲਾਤ ਬਣ ਚੁੱਕੇ ਸਨ। ਅਮਰੀਕਾ ਕਨੇਡਾ ਵਿਖੇ ਰਹਿ ਰਹੇ ਹਿੰਦੁਸਤਨੀ ਇਕ ਦੂਸਰੇ ਨਾਲ ਚਿੱਠੀ ਪੱਤਰ ਰਾਹੀ ਸੰਪਰਕ ਕਰ ਰਹੇ ਸਨ। ਔਰਗਨ ਦੇ ਹਿੰਦੀਆਂ ਨੇ ਲਾਲਾ ਹਰਦਿਆਲ ਨੂੰ ਕੈਲੇਫੋਰਨੀਆ ਤੋਂ ਆਪਣੇ ਕੋਲ ਮੰਗਵਾ ਲਿਆ ਤੇ ਜਥੇਬੰਦੀ ਦਾ ਮੁਢਲਾ ਖਾਕਾ ਤਿਆਰ ਹੋਣ ਲੱਗਾ। ਜਿਹੜੀ ਪਹਿਲੀ ਜਥੇਬੰਦੀ ਬਣਾਈ ਗਈ, ਉਸ ਦਾ ਨਾਮ "ਹਿੰਦੀ ਐਸੋਸੀਏਸ਼ਨ" ਰੱਖਿਆ ਗਿਆ। ਇਸ ਜਥੇਬੰਦੀ ਦੇ ਕੈਲੇਫੋਰਨੀਆ ਸੈਕਸ਼ਨ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਨੂੰ ਬਣਾਇਆ ਗਿਆ। ਵੱਡੀ ਗਿਣਤੀ ਵਿਚ ਹਿੰਦੁਸਤਾਨ ਤੋਂ ਗਏ ਲੋਕ ਇਸ ਜਥੇਬੰਦੀ ਦੇ ਮੈਂਬਰ ਬਣ ਗਏ। ਲੋਕਾਂ ਦੇ ਮਨਾਂ ਵਿਚ ਉਤਸ਼ਾਹ ਸੀ। ਉਹ ਦਿਲ ਖੋਲ੍ਹ ਕੇ ਚੰਦੇ ਦੇ ਰਹੇ ਸਨ। ਵੱਡੀ ਗਿਣਤੀ ਵਿਚ ਰੁਪਿਆ ਜਮ੍ਹਾਂ ਹੋਣ ਲੱਗਾ। ਇਹ ਸਾਰਾ ਕੁਝ ਮਜ਼ਬੂਤ ਜਥੇਬੰਦੀ ਲਈ ਅਤਿ ਲੋੜੀਂਦਾ ਸੀ। ਜਥੇਬੰਦੀ ਨੇ ਅਖ਼ਬਾਰ ਕੱਢਣ ਦਾ ਪ੍ਰੋਗਰਾਮ ਬਣਾਇਆ। ਜਿਸ ਤਹਿਤ 'ਗ਼ਦਰ' ਨਾਮ ਦਾ ਅਖ਼ਬਾਰ ਪ੍ਰਕਾਸ਼ਤ ਹੋਇਆ, ਜਿਹੜਾ ਪਹਿਲਾਂ ਉਰਦੂ ਵਿਚ ਤੇ ਬਆਦ ਵਿਚ ਪੰਜਾਬੀ ਭਾਸ਼ਾ ਵਿਚ ਕੱਢਿਆ ਗਿਆ। ਜਥੇਬੰਦੀ ਦਾ ਦਫ਼ਤਰ ਕੈਲੀਫੋਰਨੀਆ ਦੇ ਸ਼ਹਿਰ ਸਾਨਫਰਾਂਸਿਸਕੋ ਵਿਚ ਰੱਖਿਆ ਗਿਆ, ਕਿਉਂਕਿ ਉੱਥੇ ਪੰਜਾਬੀ ਵੱਡੀ ਗਿਣਤੀ ਵਿਚ ਰਹਿ ਰਹੇ ਸਨ। ਇਹ ਜਥੇਬੰਦੀ ਦੀ ਅਖ਼ਬਾਰ ਏਨੀ ਪ੍ਰਸਿੱਧ ਹੋ ਗਈ ਕਿ ਅਖ਼ਬਾਰ ਦੇ ਨਾਮ ਉਪਰ ਹੀ ਬਆਦ ਵਿਚ ਪਾਰਟੀ ਦਾ ਨਾਮ 'ਗ਼ਦਰ ਪਾਰਟੀ' ਪ੍ਰਚਲਤ ਹੋ ਗਿਆ।

ਫਰਵਰੀ 1914 ਵਿਚ ਸਟਾਕਟਨ ਵਿਖੇ ਬਾਬਾ ਜਵਾਲਾ ਸਿੰਘ ਦੀ ਪ੍ਰਧਾਨਗੀ ਹੇਠ ਜਲਸਾ ਰੱਖਿਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕ ਪਹੁੰਚੇ। ਇਨ੍ਹਾਂ ਵਿਚ ਪ੍ਰਮੁੱਖ ਸਨ ਬਾਬਾ ਸਹੋਣ ਸਿੰਘ ਭਕਨਾ, ਬਾਬਾ ਕੇਸਰ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਉਧਮ ਸਿੰਘ ਕਸੇਲ, ਸ਼ਹੀਦ ਭਗਤ ਸਿੰਘ ਉਰਫ ਗਾਂਧਾ ਸਿੰਘ, ਸ਼ਹੀਦ ਕਾਂਸੀ ਰਾਮ, ਲਾਲਾ ਹਰਦਿਆਲ, ਤਾਰਕਨਾਥ ਦਾਸ, ਕਾਮਰੇਡ ਪ੍ਰਿਥਵੀ ਸਿੰਘ, ਬਾਬਾ ਕਰਮ ਸਿੰਘ ਚੀਮਾ, ਵਿਸਾਖਾ ਸਿੰਘ, ਪੂਰਨ ਸਿੰਘ ਜੰਡਿਆਲਾ, ਨਿਰੰਜਣ ਸਿੰਘ ਪੰਡੋਰੀ, ਦਲੀਪ ਸਿੰਘ ਫਾਲਾ, ਪੰਡਿਤ ਜਗਤ ਰਾਮ ਹਰਿਆਣਾ, ਕਰਮ ਸਿੰਘ ਧੂਤ, ਬਾਬਾ ਅਰੂੜ ਸਿੰਘ ਐਮ.ਐਲ.ਏ, ਨਿਧਾਨ ਸਿੰਘ ਮਹੇਸਰੀ, ਬਾਬਾ ਨਿਧਾਨ ਸਿੰਘ ਚੁੱਘਾ, ਸ਼ਹੀਦ ਬਾਬੂ ਹਰਨਾਮ ਸਿੰਘ, ਕਰਤਾਰ ਸਿੰਘ ਲਤਾਲਾ ਤੇ ਪੰਡਿਤ ਸੋਹਣ ਲਾਲ ਪੱਟੀ ਸਨ। ਬਾਅਦ ਵਿਚ ਛੇਤੀ ਹੀ ਅਜਿਹਾ ਹੀ ਜਲਸਾ ਰਿਆਸਤ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਹੋਇਆ। ਇਸ ਦੇ ਨਾਲ ਹੀ ਵੱਖ ਵੱਖ ਥਾਵਾਂ ਉਪਰ ਜਲਸੇ ਹੋਣ ਲੱਗੇ।



ਬਾਬਾ ਜਵਾਲਾ ਸਿੰਘ ਨੇ ਹੀ ਕਰਤਾਰ ਸਰਾਭਾ ਨੂੰ ਜਹਾਜ਼ ਚਲਾਉਣ ਦੀ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਸੀ। ਉਨ੍ਹਾਂ ਦੇ ਫਾਰਮ ਉਪਰ ਹੀ ਬੰਬ ਬਣਾਉਣ ਤੇ ਬੰਬ ਚਲਾਉਣ ਦੀ ਟਰੇਨਿੰਗ ਦਿੱਤੀ ਜਾਂਦੀ ਸੀ। ਅੰਗਰੇਜ਼ਾਂ ਦੇ ਦਸਤਾਵੇਜ਼ਾਂ ਮੁਤਾਬਕ ਇਸ ਕਾਰਜ ਲਈ ਜਗਤ ਰਾਮ, ਪ੍ਰਿਥੀ ਸਿੰਘ ਤੇ ਅਮਰ ਸਿੰਘ ਰਾਜਪੂਤ ਲੱਗੇ ਹੋਏ ਸਨ। ਅੰਗਰੇਜ਼ਾਂ ਮੁਤਾਬਕ ਇਕ ਚੌਥਾ ਆਦਮੀ ਉੱਤਰ ਪ੍ਰਦੇਸ਼ ਤੋਂ ਸੀ, ਜਿਸ ਦਾ ਨਾਮ ਉਨ੍ਹਾਂ ਨੂੰ ਪਤਾ ਨਹੀਂ ਲੱਗਾ, ਜਿਸ ਬਾਰੇ ਅੰਗਰੇਜ਼ਾਂ ਦੇ ਖੁਫੀਆ ਵਿਭਾਗ ਨੇ ਕਿਹਾ ਹੈ ਕਿ ਉਸ ਆਦਮੀ ਦੀ ਬਾਂਹ ਬੰਬ ਚਲਾਉਣ ਦੇ ਤਜ਼ਰਬੇ ਵਿਚ ਉੱਡ ਗਈ ਸੀ। ਭਾਵੇਂ ਅੰਗਰੇਜ਼ ਉਸ ਵਿਅਕਤੀ ਦਾ ਨਾਮ ਨਹੀਂ ਸਨ ਜਾਣ ਸਕੇ, ਅਸੀਂ ਇਹ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਹ ਵਿਅਕਤੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਹੀ ਸਨ। ਇਹ ਇਸ ਗੱਲ ਦਾ ਸਬੂਤ ਹੈ ਕਿ ਬਾਬਾ ਜੀ ਅਮਰੀਕਾ ਵਿਚ ਗ਼ਦਰ ਦਾ ਧੁਰਾ ਸਨ।

ਕਾਮਾਗਾਟਾਮਾਰੂ ਜਹਾਜ਼ ਨੂੰ ਜਦੋਂ ਕਨੇਡਾ ਦੀ ਹਕੂਮਤ ਨੇ ਵੈਨਕੂਵਰ ਪੁੱਜਣ ਤੋਂ ਬਾਅਦ ਵੀ ਬੰਦਰਗਾਹ 'ਤੇ ਨਹੀਂ ਸੀ ਲੱਗਣ ਦਿੱਤਾ ਤਾਂ ਬਿਦੇਸ਼ਾਂ ਵਿਚ ਬੈਠੇ ਹਿੰਦੁਸਤਾਨੀਆਂ ਦੇ ਦਿਲ ਵਲੂੰਦਰੇ ਗਏ। ਪਰ ਗ਼ਦਰੀਆਂ ਤੋਂ ਬਿਨਾਂ ਕਿਸੇ ਵੀ ਰਾਜਸੀ ਧਿਰ ਨੇ ਹਾਅ ਦਾ ਨਾਅਰਾ ਤਕ ਨਹੀਂ ਸੀ ਨਹੀਂ ਮਾਰਿਆ। ਇਹ ਭਾਰਤੀਆਂ ਦੀ ਸਭ ਤੋਂ ਵੱਡੀ ਬੇਇਜ਼ਤੀ ਸੀ। 23 ਜੁਲਾਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਮੋੜ ਦਿੱਤਾ ਗਿਆ ਸੀ। ਇਹ ਪਹਿਲੀ ਸੰਸਾਰ ਜੰਗ ਦੇ ਦਿਨ ਸਨ। ਗ਼ਦਰ ਪਾਰਟੀ ਵੱਲੋਂ ਬਾਬਾ ਸੋਹਣ ਸਿੰਘ ਭਕਨਾ ਜਪਾਨ ਜਾ ਕੇ ਯੋਕੋਹਾਮਾ ਵਿਚ ਹਿੰਦੁਸਤਾਨੀ ਮੁਸਾਫਰਾਂ ਨੂੰ ਮਿਲਣ ਗਏ ਸਨ। ਫਿਰ ਸ਼ਹੀਦ ਕਰਤਾਰ ਸਿੰਘ ਸਰਾਭਾ ਵੀ ਇਸ ਕੰਮ ਲਈ ਗਿਆ ਸੀ ਤੇ ਫ਼ੈਸਲਾ ਕੀਤਾ ਗਿਆ ਸੀ ਕਿ ਇਸ ਜਹਾਜ਼ ਦੇ ਸਾਰੇ ਮੁਸਾਫ਼ਰ ਹਿੰਦੁਸਤਾਨ ਵਾਪਸ ਚਲੇ ਜਾਣ ਤੇ ਹਥਿਆਰਬੰਦ ਘੋਲ ਦੀਆਂ ਤਿਆਰੀਆਂ ਕਰਨ। ਇਸ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਨੇ ਗ਼ਦਰੀਆਂ ਦੇ ਮਨਾਂ ਵਿਚ ਬੇਚੈਨੀ ਦੇ ਬੀਜ ਬੀਜ ਦਿੱਤੇ ਸਨ। ਇਸੇ ਹੀ ਸਮੇਂ ਦੌਰਾਨ ਸਾਨਫਰਾਂਸਿਸਕੋ ਤੋਂ ਕੋਰੀਯਾ ਨਾਮ ਦਾ ਜਹਾਜ਼ 62 ਭਾਰਤੀਆਂ ਨੂੰ ਲੈ ਕੇ ਕੈਲੇਫੋਰਨੀਆ ਤੋਂ ਚੱਲਿਆ ਸੀ, ਜਿਨ੍ਹਾਂ ਵਿਚੋਂ 60 ਗ਼ਦਰ ਪਾਰਟੀ ਦੇ ਮੈਂਬਰ ਸਨ। ਜਿਨ੍ਹਾਂ ਵਿਚ ਬਾਬਾ ਜਵਾਲਾ ਸਿੰਘ ਵੀ ਸਨ। ਦੂਸਰੇ ਦੋ ਮੈਂਬਰ ਸੀ.ਆਈ.ਡੀ ਦੇ ਬੰਦੇ ਸਨ। ਇਸੇ ਜਹਾਜ਼ ਵਿਚ ਯੋਕੋਹਾਮਾ ਤੋ ਸਾਥੀਆਂ ਸਮੇਤ ਪੰਡਿਤ ਪ੍ਰਮਾਨੰਦ ਝਾਂਸੀ ਵੀ ਚੜ੍ਹੇ ਸਨ। ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਤੋਂ ਬਾਅਦ ਬਰਤਾਨਵੀ ਹਰ ਮੁਸਾਫਰ ਜਹਾਜ਼ ਨਾਲ ਸਖ਼ਤੀ ਨਾਲ ਪੇਸ਼ ਆ ਰਹੀ ਸੀ। ਜਿਸ ਜਹਾਜ਼ ਵਿਚ ਬਾਬਾ ਜਵਾਲਾ ਸਿੰਘ ਸਨ, ਉਸ ਜਹਾਜ਼ ਨੂੰ ਵੀ ਅੰਡੇਮਾਨ ਹੀ ਰੋਕ ਲਿਆ ਗਿਆ। ਅਖੀਰ ਬਾਬਾ ਜਵਾਲਾ ਸਿੰਘ ਆਪਣੇ ਨਾਲ ਅਰੂੜ ਸਿੰਘ ਸ਼ੇਰ ਸਿੰਘ ਵੇਈ ਪੋਈ, ਈਸ਼ਰ ਸਿੰਘ ਮਰਹਾਣਾ ਤੇ ਸੱਜਣ ਸਿੰਘ ਨੂੰ ਨਾਲ ਲੈ ਕੇ ਗਵਰਨਰ ਦੀ ਕੋਠੀ ਵਿਚ ਉਸ ਨੂੰ ਮਿਲਣ ਲਈ ਗਏ। ਲੰਮੀ ਗੱਲਬਾਤ ਤੋਂ ਬਾਅਦ ਗਵਰਨ ਜਹਾਜ਼ ਨੂੰ ਤੋਰਨ ਲਈ ਰਾਜ਼ੀ ਹੋ ਗਿਆ ਤੇ ਮੁਸ਼ਾਫਰਾਂ ਨੂੰ ਰਾਸ਼ਣ ਲਈ ਪੰਦਰਾਂ ਸੌ ਰੁਪਿਆ ਵੀ ਦਿੱਤਾ। ਪਰ ਇਹ ਜਹਾਜ਼ ਕਲਕੱਤੇ ਹੀ ਰੋਕ ਲਿਆ ਗਿਆ ਤੇ ਇਸ ਦੇ ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕਰ ਕੇ ਵੱਖ ਵੱਖ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਬਾਬਾ ਜਵਾਲਾ ਸਿੰਘ ਨੂੰ ਵੀ ਮਿੰਟਗੁਮਰੀ ਜੇਲ੍ਹ ਵਿਚ ਕੈਦ ਕੀਤਾ ਗਿਆ। ਇਥੋਂ ਹੀ ਬਾਬਾ ਜੀ ਦਾ ਜੇਲ੍ਹ ਸਫਰ ਆਰੰਭ ਹੋ ਗਿਆ।

ਜਦੋਂ ਪਹਿਲਾ ਲਾਹੌਰ ਸਾਜ਼ਿਸ਼ ਕੇਸ ਚੱਲਿਆ, ਉਸ ਸਮੇਂ ਬਾਬਾ ਜਵਾਲਾ ਸਿੰਘ ਨੂੰ ਵੀ ਪਾਰਟੀ ਬਣਾਇਆ ਗਿਆ। ਜਿਸ ਦਿਨ ਸ਼ਨਾਖ਼ਤ ਹੋ ਰਹੀ ਸੀ, ਉਸੇ ਦਿਨ ਜਵਾਲਾ ਸਿੰਘ ਦੀ ਝੜਪ ਸਰਕਾਰੀ ਵਕੀਲ ਨਾਲ ਹੋ ਗਈ, ਜਿਸ ਕਰ ਕੇ ਤੀਹ ਬੈਤਾਂ ਦੀ ਸਜ਼ਾ ਦਿੱਤੀ ਗਈ। ਪੰਦਰਾਂ ਇਕ ਆਦਮੀ ਨੇ ਮਾਰੇ ਪੰਦਰਾਂ ਦੂਸਰੇ ਨੇ ਮਾਰੇ। ਬਾਬਾ ਜਵਾਲਾ ਸਿੰਘ ਦੇ ਹੌਸਲੇ ਦੀ ਦਾਤ ਦੇਣੀ ਬਣਦੀ ਹੈ ਕਿ ਉਹ ਹਾਲ ਪਾਰਿਆ ਪਾਉਣ ਦੀ ਥਾਂ ਇਕ ਦੋ ਤਿੰਨ .. ਗਿਣਨ ਲੱਗ ਪਏ। ਇਹ ਦੇਖ ਕੇ ਜੇਲ੍ਹ ਦੇ ਅਫਸਰ ਦੰਗ ਰਹਿ ਗਏ। ਜਦੋਂ ਸਜ਼ਾ ਖ਼ਤਮ ਹੋ ਗਈ ਤਾਂ ਬੈਂਤ ਦੇ ਜ਼ਖ਼ਮਾਂ ਉਪਰ ਮਲ੍ਹਮ ਲਗਾਉਣ ਲਈ ਸਰਕਾਰ ਨੇ ਕੋਸ਼ਿਸ਼ ਕੀਤੀ ਤਾਂ ਬਾਬਾ ਜੀ ਨੇ ਮਲ੍ਹਮ ਲਗਵਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਿਰ ਤੋਂ ਪੈਰਾਂ ਤਕ ਬੈਂਤਾਂ ਦੇ ਨਿਸ਼ਾਨਾਂ ਤੋਂ ਬਾਅਦ ਜਵਾਲਾ ਸਿੰਘ ਧਾਰੀਦਾਰ ਸ਼ੇਰ ਵਰਗਾ ਜਾਪਣ ਲੱਗ ਪਿਆ ਸੀ। ਸ਼ੇਰ ਜਿਸ ਦੀ ਇਕ ਦਹਾੜ ਨਾਲ ਜੇਲ੍ਹਰ ਤਾਂ ਕੀ ਜੇਲ੍ਹ ਦੀਆਂ ਕੰਧਾਂ ਕੰਬਣ ਲੱਗ ਪੈਂਦੀਆਂ ਸਨ। ਜੇਲ੍ਹ ਵਿਚ ਸਾਥੀਆਂ ਨੂੰ ਇਸ ਸਜ਼ਾ ਦਾ ਉਦੋਂ ਪਤਾ ਲਗਾ ਜਦੋਂ ਇਹ ਧਾਰੀਦਾਰ ਸ਼ੇਰ ਨਹਾਉਣ ਲਈ ਕੱਪੜੇ ਉਤਾਰ ਰਿਹਾ ਸੀ। ਜਿੱਥੇ ਹਾਕਮ ਇਸ ਸਾਰੇ ਵਰਤਾਰੇ ਨੂੰ ਦੇਖ ਕੇ ਦੰਗ ਰਹਿ ਗਏ ਸਨ, ਉੱਥੇ ਨਾਲ ਦੇ ਸਾਥੀ ਪ੍ਰੇਸ਼ਾਨ ਹੋ ਗਏ ਕਿ ਇਹ ਜ਼ੁਲਮ ਕਿਉ ਕੀਤਾ ਗਿਆ ਹੈ? ਇਸ ਮੁਕੱਦਮੇ ਦੇ ਸਮੇਂ ਬਾਬਾ ਸੋਹਣ ਸਿੰਘ ਭਕਨਾ ਸਮੇਤ 26 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਇਸ ਵੱਡੀ ਬੇਇਨਸਾਫ਼ੀ ਖ਼ਿਲਾਫ਼ ਵੀ ਅਦਾਲਤ ਅੰਦਰ ਹੀ ਜਵਾਲਾ ਸਿੰਘ ਦੇ ਅੰਦਰਲੀ ਜਵਾਲਾ ਭੜਕ ਉੱਠੀ ਸੀ ਤੇ ਉਹ ਕੜਕ ਕੇ ਅਦਾਲਤ ਵਿਚ ਬੋਲੇ ਸਨ "ਕੀ ਮੇਰਾ ਦੋਸ਼ ਕਿਸੇ ਨਾਲੋਂ ਘੱਟ ਹੈ? ਮੈਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ?" ਇਹ ਦੇਖ ਕੇ ਬਾਰਤਾਨਵੀ ਹਕੂਮਤ ਨੂੰ ਕੰਨ ਹੋ ਗਏ ਸਨ ਕਿ ਅਮਰੀਕਾ ਦੇ ਸਵਰਗ ਨੂੰ ਲੱਤ ਮਾਰ ਕੇ ਆ ਜਾਣ ਵਾਲੇ ਇਹ ਭਾਰਤੀ ਭਾਵੁਕ ਕਿਸਮ ਦੇ ਬੰਦੇ ਨਹੀਂ ਸਗੋਂ ਦੁਨੀਆਂ ਦੇ ਮਹਾਨ ਇਨਕਲਾਬੀਆਂ ਤੋਂ ਵੀ ਬੇਹਤਰ ਹਨ। ਬਾਅਦ ਵਿਚ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਸਾਥੀਆਂ ਦੀ ਫਾਂਸੀ ਵਾਇਸਰਾਏ ਨੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ ਤੇ ਕਰਤਾਰ ਸਰਾਭਾ ਸਮੇਤ 7 ਨੂੰ ਫਾਂਸੀ ਹੋਈ ਸੀ। ਇਹ ਮੁਕੱਦਮਾ 64 ਸਾਥੀਆਂ ਉਪਰ ਚੱਲਿਆ ਸੀ। ਬਾਬਾ ਜਵਾਲਾ ਸਿੰਘ ਤੇ ਕੁੱਝ ਸਾਥੀਆਂ ਨੂੰ ਉਮਰ ਕੈਦ ਦੇ ਨਾਲ ਨਾਲ ਜਾਇਦਾਦ ਜ਼ਬਤੀ ਦੇ ਹੁਕਮ ਵੀ ਹੋਏ ਸਨ। ਅਮਰੀਕਾ ਵਿਚੋਂ ਸਭ ਕੁੱਝ ਛੱਡ ਕੇ ਆਏ ਬਾਬਾ ਜਵਾਲਾ ਸਿੰਘ ਦੀ ਭਾਰਤੀ ਜਾਇਦਾਦ ਅੰਗਰੇਜ਼ਾਂ ਨੇ ਕੁਰਕ ਕਰਨ ਦੇ ਹੁਕਮ ਦਿੱਤੇ ਸਨ।

**ਬਾਕੀ ਅਗਲੇ ਅੰਕ 'ਚ**



# ਸਫ਼ਾ 7 ਦੀ ਬਾਕੀ

## ਸ਼ਹਿਰ ਦੇ ਵਿਕਾਸ 'ਚ ਯੋਗਦਾਨ...

ਮੈਨੂੰ ਇਹ ਵੀ ਜਾਪਦਾ ਹੈ ਕਿ ਮੈਂ ਆਪਣੇ ਭਾਈਚਾਰੇ ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਉਨ੍ਹਾਂ ਵਾਸਤੇ ਕੁੱਝ ਖਾਸ ਕਰ ਸਕਦਾ ਹਾਂ ਤੇ ਇਸ ਲਈ ਹੁਣ ਮੈਂ ਆਪਣੇ ਆਪ ਨੂੰ ਤਿਆਰ ਮਹਿਸੂਸ ਕਰਦਾਂ ਹਾਂ। ਮੈਂ ਇੱਕ ਉਦਯੋਗਪਤੀ ਹੋਣ ਦੇ ਨਾਤੇ ਚਾਹੁੰਦਾ ਹਾਂ ਕਿ ਸਿਟੀ ਕੌਂਸਲ ਦੇ ਸਾਹਮਣੇ ਵੱਡੇ ਉਦੇਸ਼ ਰੱਖੇ ਜਾਣ ਤਾਂ ਜੋ ਸਿਟੀ ਕੌਂਸਲ ਦੀਆਂ ਪ੍ਰਾਪਤੀਆਂ ਵੀ ਵੱਡੀਆਂ ਹੋਣ। ਹਾਰਵੇ ਪਨੇਸਰ ਕਮਿਊਨਿਟੀ ਦੇ ਭਵਿੱਖ ਲਈ ਸਥਾਨਕ ਵਿਕਾਸ ਨੂੰ ਤਰਜੀਹ ਦੇਣ ਦੀ ਗੱਲ ਕਰਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਅਸੀਂ ਐਡਮਿੰਟਨ ਵਰਗੇ ਵਿਕਾਸਸ਼ੀਲ ਸ਼ਹਿਰ ਦਾ ਵਿਕਾਸ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਮੁਕਾਮੀ ਵਿਕਾਸ ਵੱਲ ਸਭ ਤੋਂ ਵੱਧ ਧਿਆਨ ਦੇਣਾ ਹੋਵੇਗਾ, ਜਿਵੇਂ ਕਿ ਸੜਕਾਂ ਦੀ ਹਾਲਤ ਵਿਚ ਸਾਨੂੰ ਤੁਰੰਤ ਸੁਧਾਰ ਕਰਨਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਹੋਰ ਵੀ ਬਹੁਤ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਦਾ ਹੱਲ ਜਲਦੀ ਅਤੇ ਸੌਖਿਆਂ ਕੀਤਾ ਜਾ ਸਕਦਾ ਹੈ ਪਰ ਉਨ੍ਹਾਂ ਸਮੱਸਿਆਵਾਂ ਵੱਲ ਸਾਨੂੰ ਆਪਣਾ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਹੀ ਸਾਨੂੰ ਸ਼ਹਿਰ ਦੇ ਨੌਜਵਾਨਾਂ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ। ਮਾਹਰ ਨੌਜਵਾਨਾਂ ਦੀ ਕਾਬਲੀਅਤ ਸੰਭਾਲਣ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਅਜਿਹੇ ਨੌਜਵਾਨ ਸ਼ਹਿਰ ਦੇ ਵਿਕਾਸ ਵਿਚ ਭਰਵਾਂ ਯੋਗਦਾਨ ਪਾ ਸਕਦੇ ਹਨ ਪਰ ਇਹ ਮਾਮਲਾ ਸਾਨੂੰ ਤਰਜੀਹ ਦੇ ਆਧਾਰ 'ਤੇ ਲੈਣ ਦੀ ਜ਼ਰੂਰਤ ਹੈ। ਵੱਖ-ਵੱਖ ਭਾਈਚਾਰਿਆਂ ਦੇ ਆਪਸੀ ਤਾਲਮੇਲ ਨੂੰ ਲੈ ਕੇ ਹਾਰਵੇ ਪਨੇਸਰ ਕਾਫ਼ੀ ਗੰਭੀਰ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਵੱਖ-ਵੱਖ ਭਾਈਚਾਰਿਆਂ ਵਿਚ ਆਪਸੀ ਤਾਲਮੇਲ ਹੋਵੇਗਾ ਤਾਂ ਨਾ ਸਿਰਫ਼ ਇਹ ਸ਼ਹਿਰ ਦੇ ਵਿਕਾਸ ਲਈ ਲਾਹੇਵੰਦ ਹੋਵੇਗਾ ਸਗੋਂ ਇਸ ਵਰਤਾਰੇ ਨਾਲ ਸਮੁੱਚੇ ਤੌਰ 'ਤੇ ਸਮਾਜ ਹੋਰ ਮਜ਼ਬੂਤ ਹੋਵੇਗਾ। ਹੋਰ ਜਾਣਕਾਰੀ ਲਈ ਵੋਟਰ ਹਾਰਵੇ ਪਨੇਸਰ ਨਾਲ ਫੋਨ ਨੰ: (780) 436-4075 ਅਤੇ ਈ-ਮੇਲ Hello@VoteHarvey.ca. 'ਤੇ ਸੰਪਰਕ ਕਰ ਸਕਦੇ ਹਨ।

## ਚੋਣ ਮੁਹਿੰਮ ਸਿਖ਼ਰ 'ਤੇ

ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਹੁਣ ਵੀ ਆਪਣਾ ਕੰਮ ਫੁੱਲ ਟਾਈਮ ਕਰ ਰਹੀ ਹੈ, ਹਾਲਾਂਕਿ ਉਸ ਦੀ ਚੋਣ ਮੁਹਿੰਮ ਭਖੀ ਹੋਈ ਹੈ। ਆਪਣੇ ਇਸ ਸੰਤੁਲਨ ਬਾਰੇ ਉਸ ਦਾ ਕਹਿਣਾ ਹੈ, 'ਇਕੋ ਸਮੇਂ ਦੋਵੇਂ ਤਰ੍ਹਾਂ ਦੇ ਕੰਮ ਕਰਨੇ ਮੈਨੂੰ ਔਖੇ ਨਹੀਂ ਸਗੋਂ ਦਿਲਚਪਸ ਲੱਗਦੇ ਹਨ। ਮੈਂ ਦਿਨੇ ਮੁਲਾਜ਼ਮ ਦੇ ਤੌਰ 'ਤੇ ਪੂਰਾ ਸਮਾਂ ਕੰਮ ਕਰਦੀ ਹਾਂ ਤੇ ਰਾਤ ਭਰ ਚੋਣ ਮੁਹਿੰਮ ਦੇਖਦੀ ਹਾਂ। ਮੇਰੀ ਕੋਸ਼ਿਸ਼ ਹੈ ਕਿ ਮੈਂ ਆਪਣਾ ਸੁਨੇਹਾ ਲੈ ਕੇ ਵੱਧ ਤੋਂ ਵੱਧ ਲੋਕਾਂ ਕੋਲ ਜਾਵਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਮੈਂ ਉਨ੍ਹਾਂ ਦੀ ਆਵਾਜ਼ ਬਣ ਸਕਦੀ ਹਾਂ ਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਮਿਹਨਤ ਕਰ ਸਕਦੀ ਹਾਂ। ਲੋਕ ਸੇਵਾ ਲਈ ਸਖ਼ਤ ਮਿਹਨਤ ਕਰਨ ਨੂੰ ਲੈ ਕੇ ਮੈਂ ਪੂਰੀ ਤਰ੍ਹਾਂ ਦ੍ਰਿੜ ਹਾਂ। ਅੱਜਕੱਲ੍ਹ ਮੇਰੀ ਹਰ ਸ਼ਾਮ ਵਾਰਡ ਨੰਬਰ ਦੋ ਦੇ ਲੋਕਾਂ ਨਾਲ ਮੀਟਿੰਗਾਂ ਕਰਦਿਆਂ ਬੀਤਦੀ ਹੈ। ਇਸ ਤੋਂ ਬਾਅਦ ਮੈਂ ਚੋਣ ਮੁਹਿੰਮ ਨਾਲ ਜੁੜੇ ਦੂਸਰੇ ਕੰਮਾਂ ਨਾਲ ਨਜਿੱਠਦੀ ਹਾਂ ਤੇ ਇਸ ਸਭ ਦੇ ਨਾਲ-ਨਾਲ ਵਿੱਤੀ ਪ੍ਰਬੰਧਾਂ ਨੂੰ ਵੀ ਦੇਖਦੀ ਹਾਂ। ਅਸੀਂ ਕਹਿ ਸਕਦੇ ਹਾਂ ਕਿ ਦਿਨ-ਰਾਤ ਹੀ ਕੰਮ ਚੱਲ ਰਿਹਾ ਹੈ।' ਨੀਟਾ ਜਲਕੇਨਨ ਨੇ ਚੋਣ ਲੜਨ ਦਾ ਮਨ ਕਿਉਂ ਬਣਾਇਆ ਇਸ ਬਾਰੇ ਉਸ ਦਾ ਕਹਿਣਾ ਹੈ, 'ਮੇਰਾ ਮੰਨਣਾ ਹੈ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੇ ਵੋਟਰਾਂ ਦੀ ਪੂਰੀ ਤਨਦੇਹੀ ਨਾਲ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ। ਹਰ ਤਰ੍ਹਾਂ ਦੀ ਸਰਕਾਰ ਵਿਚ ਹਰ ਪੱਧਰ 'ਤੇ ਲੋਕ ਨੁਮਾਇੰਦਿਆਂ ਨੂੰ ਇਮਾਨਦਾਰੀ ਦਿਖਾਉਣੀ ਚਾਹੀਦੀ ਹੈ, ਇਹੀ ਸਿਧਾਂਤ ਸਿਟੀ ਕੌਂਸਲ 'ਤੇ ਵੀ ਲਾਗੂ ਹੁੰਦਾ ਹੈ। ਸ਼ਹਿਰ ਦੇ ਵਿਕਾਸ ਲਈ ਜਿਹੜੇ ਲੋਕ ਟੈਕਸ ਦਿੰਦੇ ਹਨ, ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਲੋਕ ਨੁਮਾਇੰਦਿਆਂ ਦਾ ਫਰਜ਼ ਹੈ। ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ ਆਮ ਲੋਕਾਂ ਦੀ ਆਵਾਜ਼ ਵੱਲ ਕੋਈ ਵੀ ਨੁਮਾਇੰਦਾ ਤਵੱਜੋ ਨਹੀਂ ਦੇ ਰਿਹਾ। ਇਸ ਨਾਕਾਰਾਤਮਕ ਰੁਝਾਨ ਨੂੰ ਦੇਖ ਕੇ ਹੀ ਮੇਰੇ ਮਨ ਵਿਚ ਲੋਕਾਂ ਲਈ ਕੰਮ ਕਰਨ ਦੀ ਇੱਛਾ ਪੈਦਾ ਹੋਈ ਹੈ। ਮੇਰਾ ਮੰਨਣਾ ਹੈ ਕਿ ਹਰ ਵੋਟਰ ਦੀ ਆਵਾਜ਼ ਦੀ ਬਿਨਾਂ ਕਿਸੇ ਪੱਖਪਾਤ ਤੋਂ ਉਚਿਤ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ।'

## ਆਦਰਸ਼ ਸਮਾਜ ਦੀ ਸਿਰਜਣਾ ਲਈ...

ਵੱਖ-ਵੱਖ ਬਹੁ ਭਾਸ਼ਾਈ ਅਖ਼ਬਾਰਾਂ ਵਿੱਚ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਮੁਜਾਹਿਦ ਚੱਕ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੇਰਾ ਵਿਸ਼ਵਾਸ ਹੈ ਕਿ ਵਾਰਡ ਦੀ ਪ੍ਰਤੀਨਿਧਤਾ ਉਹ ਵਿਅਕਤੀ ਹੀ ਵਧੀਆ ਢੰਗ ਨਾਲ ਕਰ ਸਕਦਾ ਹੈ, ਜਿਹੜਾ ਵਾਰਡ ਵਿੱਚ ਰਹਿ ਰਿਹਾ ਹੋਵੇ ਤੇ ਵਾਰਡ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰਨ ਦਾ ਚਾਹਵਾਨ ਹੋਵੇ। ਉਹਨਾਂ ਕਿਹਾ ਕਿ ਮੈਂ ਕਮਿਊਨਿਟੀ ਸੰਗਠਨਾਂ, ਗੈਰ ਮੁਨਾਫੇ ਵਾਲੀਆਂ ਏਜੰਸ਼ੀਆਂ, ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਦੇ ਹੱਕ ਵਿੱਚ ਹਾਂ, ਕਿਉਂਕਿ ਇਹ ਸੰਸਥਾਵਾਂ ਸ਼ਹਿਰ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਦੀਆਂ ਹਨ। ਮੁਜਾਹਿਦ ਚੱਕ ਦੀ ਇੱਛਾ ਹੈ ਕਿ ਉਹ ਸਮਾਜ ਭਲਾਈ ਦੇ ਕੰਮ ਨਾ ਸਿਰਫ਼ ਵਾਰਡ ਸਗੋਂ ਸੂਬਾ ਅਤੇ ਫੈਡਰਲ ਪੱਧਰ 'ਤੇ ਵੀ ਕਰੇ, ਜਿਹੜੇ ਕਿ ਦੂਸਰੇ ਲੋਕਾਂ ਲਈ ਇੱਕ ਮਿਸ਼ਾਲ ਬਣਨ। ਪਰ ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਵਾਰਡ ਦੇ ਲੋਕ ਉਸਨੂੰ ਆਪਣੀ ਸਹਿਮਤੀ ਦੇਣ। ਮੁਜਾਹਿਦ ਚੱਕ ਦੇ ਦੋ ਮੁੱਖ ਉਦੇਸ਼ ਹਨ, ਇੱਕ ਐਲਆਰਟੀ ਦਾ ਸਮਰਥਨ ਅਤੇ ਦੂਸਰਾ ਇਹ ਕਿ ਸ਼ਹਿਰ ਦੇ ਪ੍ਰਬੰਧਨ ਵਿੱਚ ਸਾਰੇ ਹੀ ਭਾਈਚਾਰਿਆਂ ਦੇ ਲੋਕ ਸ਼ਾਮਲ ਹੋਣ। ਮੁਜਾਹਿਦ ਚੱਕ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦਫ਼ਤਰ ਆ ਕੇ ਉਸਨੂੰ ਮਿਲਣ ਤੇ ਵਾਰਡ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਤਾਂ ਜੋ ਉਹਨਾਂ ਦੀ ਆਵਾਜ਼ ਨੂੰ ਸਿਟੀ ਕੌਂਸਲ ਤੱਕ ਪਹੁੰਚਾਇਆ ਜਾ ਸਕੇ। ਚੱਕ ਦਾ ਚੋਣ ਦਫ਼ਤਰ 8211 ਅਰਜਿਲ ਰੋਡ 'ਤੇ ਸਥਿਤ ਹੈ। ਹੋਰ ਜਾਣਕਾਰੀ ਲਈ www.chak11.ca. 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

## ਸਫ਼ਾ 19 ਦੀ ਬਾਕੀ — ਗੋਆ ਦੀ ਆਜ਼ਾਦੀ ਦਾ ਸ਼ਹੀਦ ਮਾ. ਕਰਨੈਲ ਸਿੰਘ ਈਸੜੂ

ਬੈਲਗਾਓਂ ਤੋਂ ਗੋਆ ਦੀ ਸਰਹੱਦ ਬਾਦਾ ਤਕ ਟਰੱਕਾਂ ਵਿਚ ਜਾਣਾ ਸੀ ਪਰ ਮਹਾਰਾਸ਼ਟਰ ਸਰਕਾਰ ਨੇ ਟਰੱਕਾਂ 'ਤੇ ਪਾਬੰਦੀ ਲਾ ਦਿੱਤੀ। ਸਹੀ ਅਰਥਾਂ ਵਿਚ ਸਰਕਾਰ ਇਸ ਨੂੰ ਜਨਤਕ ਸਤਿਆਗ੍ਰਹਿ ਤਬਦੀਲ ਹੋ ਜਾਣ ਤੋਂ ਰੋਕਣਾ ਚਾਹੁੰਦੀ ਸੀ। ਲੋਕਾਂ ਦਾ ਗੁੱਸਾ ਅਥਾਹ ਸੀ। ਪੰਜਾਬ ਦੇ ਜਥੇ ਨੂੰ ਬਾਦਾ ਤਕ ਬੱਸ ਦੀਆਂ ਟਿਕਟਾਂ ਮਿਲ ਗਈਆਂ। 15 ਅਗਸਤ 1955 ਦਾ ਦਿਨ ਚੜ੍ਹਿਆ ਝੰਡੇ ਦਾ ਪੂਜਣ ਹੋਣ ਪਿਛੋਂ ਜਥਾ ਸਰਹੱਦ ਵੱਲ ਮਾਰਚ ਕਰਨ ਲੱਗਾ। ਦੇਸੀ, ਵਿਦੇਸ਼ੀ ਪੱਤਰਕਾਰ ਰਿਪੋਰਟ ਲੈਣ ਲਈ ਜਥੇ ਦੇ ਸੱਜੇ-ਖੱਬੇ ਚੱਲ ਰਹੇ ਸਨ। ਆਗੂਆਂ ਦਾ ਡਰ ਸੀ ਕਿ ਗੋਲੀ ਚੱਲਣ ਦੀ ਹਾਲਤ ਵਿਚ ਭਗਦੜ ਨਾ ਮਚੇ। ਸਰਹੱਦ ਪਾਰ ਕਰਦਿਆਂ ਹੀ ਪੁਰਤਗੇਜ਼ੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਝੰਡੇ ਵਾਲਾ ਜਥਾ ਰੁਕਿਆ, ਉਨ੍ਹਾਂ ਦੇ ਪੱਟਾਂ ਨੂੰ ਗੋਲੀਆਂ ਨੇ ਛਲਣੀ ਕਰ ਦਿੱਤਾ ਸੀ। ਲੇਟ ਜਾਣ ਦਾ ਹੁਕਮ ਹੋਇਆ। ਕੋਈ ਭਗਦੜ ਨਹੀਂ ਮਚੀ, ਝੰਡੇ ਵੱਲ ਸਾਰਿਆਂ ਦੀਆਂ ਅੱਖਾਂ ਸਨ, ਮਧੂਕਰ ਜ਼ਖ਼ਮੀ ਹੋਣ ਨਾਲ ਝੰਡਾ ਟੇਢਾ ਹੋ ਗਿਆ। ਇਕ ਇਸਤਰੀ ਵਲੰਟੀਅਰ ਲਾਈਨਾਂ ਚੀਰਦੀ ਹੋਈ। ਝੰਡਾ ਉਚਾ ਚੁੱਕਣ ਲਈ ਅੱਗੇ ਵਧੀ ਦੋ ਗੋਲੀਆਂ ਉਸ ਦੀ ਬਾਂਹ ਵਿਚੀਂ ਲੰਘ ਚੁੱਕੀਆਂ ਸਨ, ਉਸ ਵੀਰ ਸਪੁੱਤਰੀ ਨੂੰ ਸਾਂਭਣ ਲਈ ਚਿਤਲੇ ਖੜਾ ਹੋ ਗਿਆ ਤੇ ਧਰਤੀ 'ਤੇ ਕੌਮੀ ਝੰਡਾ ਗੱਡ ਦਿਤਾ। ਬਰਾਂਡੇ ਵਾਲੀ ਬੰਦੂਕ ਦਾ ਮੂੰਹ ਹੁਣ ਪੰਡਤ ਕਿਸ਼ੋਰੀ ਲਾਲ ਦੀ ਛਾਤੀ ਵੱਲ ਸੀ ਪਰ ਕਰਨੈਲ ਦੌੜਦਾ ਹੋਇਆ ਅੱਗੇ ਵਧਿਆ। ਪੰਡਤ ਜੀ ਨੂੰ ਧੱਕਾ ਦੇ ਧਰਤੀ 'ਤੇ ਸੁੱਟ ਦਿੱਤਾ। ਹੁਣ ਤਕ ਗੋਲੀ ਲੱਗਣ ਕਾਰਨ ਕਰਨੈਲ ਚਾਰ ਕਦਮ ਅੱਗੇ ਉਛਲ ਕੇ ਡਿੱਗਾ। ਸਾਥੀ ਚਿਤਲੇ ਅਤੇ ਉਸ ਦੇ ਰਖਸ਼ਕਾਂ ਨੇ ਉਸ ਨੂੰ ਦਬਾ ਲਿਆ। ਇਹ ਤਾਂ ਪੰਜਾਬ ਦਾ ਸੂਰਮਾ ਕਰਨੈਲ ਸਿੰਘ ਹੀ ਸੀ, ਜੋ ਸ਼ਹੀਦੀ ਜਾਮ ਪੀ ਗਿਆ ਸੀ। ਮਧੂਕਰ ਦਾ ਸਰੀਰ ਵੀ ਗੋਲੀਆਂ ਛਲਣੀ ਕਰ ਗਈਆਂ ਸਨ। ਇਹ ਸਾਰਾ ਵਾਕਿਆ ਪੌਣੇ ਘੰਟੇ ਵਿਚ ਮੁਕੰਮਲ ਹੋ ਚੁੱਕਾ ਸੀ। ਅਸੀਂ ਆਪਣੇ ਦੋ ਸਾਥੀਆਂ ਦੀਆਂ ਲਾਸ਼ਾਂ ਤੇ ਅਨੇਕਾਂ ਜ਼ਖ਼ਮੀਆਂ ਨੂੰ ਸਹਾਰਾ ਦਿੰਦੇ ਵਾਪਸ ਮੁੜਨ ਦੇ ਹੁਕਮ ਦੀ ਪਾਲਣ ਕਰ ਰਹੇ ਸਾਂ। ਇਨ੍ਹਾਂ ਦੋਵੇਂ ਬਹਾਦਰਾਂ ਦੇ ਸਰੀਰ ਪੂਨੇ ਵਿਚ ਅਗਨ ਭੇਟ ਕੀਤੇ ਗਏ। ਉਸ ਦਿਨ ਸਮੁੱਚੇ ਮਹਾਰਾਸ਼ਟਰ ਵਿਚ ਹੜਤਾਲ ਹੋਈ। ਪੰਡਤ ਜੀ ਨੇ ਸਤਿਆਗ੍ਰਹਿ ਸੰਮਤੀ ਵਲੋਂ ਕਰਨੈਲ ਸਿੰਘ ਦੀਆਂ ਅਸਥੀਆਂ ਇਕ ਕਲਸ਼ ਵਿਚ ਪ੍ਰਾਪਤ ਕੀਤੀਆਂ ਅਤੇ ਵਾਪਸੀ ਸਫ਼ਰ ਸਮੇਂ ਹਰ ਸਟੇਸ਼ਨ 'ਤੇ ਲੋਕਾਂ ਦੇ ਭਾਰੀ ਜਨ ਸਮੂਹ ਉਨ੍ਹਾਂ ਦੇ ਸੁਆਗਤ ਲਈ ਆ ਜੁੜਦੇ ਸਨ। ਪੰਡਤ ਕਿਸ਼ੋਰੀ ਲਾਲ ਕਰਨੈਲ ਸਿੰਘ ਸ਼ਹੀਦ ਦੇ ਇਹ ਸ਼ਬਦ ਕਈ ਵਾਰੀ ਦੁਹਰਾਇਆ ਕਰਦੇ ਸਨ, "ਮੈਂ ਸਾਈਕਲ ਵੇਚ ਕੇ ਜਾਣ ਦੇ ਕਿਰਾਏ ਦਾ ਪ੍ਰਬੰਧ ਕਰ ਲਿਆ ਹੈ, ਲਿਆਉਣ ਦਾ ਪ੍ਰਬੰਧ ਤੁਹਾਨੂੰ ਕਰਨਾ ਹੋਵੇਗਾ।" 15 ਅਗਸਤ ਦੇ ਦਿਨ ਸਾਰੀਆਂ ਰਾਜਸੀ ਪਾਰਟੀਆਂ ਪਿੰਡ ਈਸੜੂ ਆਪੋ-ਆਪਣੀਆਂ ਰਾਜਸੀ ਕਾਨਫ਼ਰੰਸਾਂ ਕਰ ਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ਅਤੇ ਉਸ ਨੂੰ ਆਪਣਾ ਹੋਣ ਦਾ ਲੋਕਾਂ ਵਿਚ ਲਾਂਦਰਾ ਖੜਾ ਕਰਨ ਦਾ ਯਤਨ ਕਰਦੀਆਂ ਹਨ। ਰਾਜ ਕਰਤਾ ਪਾਰਟੀਆਂ ਵੀ ਹਰ ਵਰ੍ਹੇ ਸ਼ਹੀਦ ਦੇ ਜੱਦੀ ਘਰ ਨੂੰ ਸਾਂਭਣ, ਸੁਆਰਣ ਤੇ ਨਵੀਂ ਦਿਖ ਦੇਣ ਦੇ ਵਾਅਦੇ ਕਰ ਕੇ ਭੁੱਲ ਜਾਂਦੀਆਂ ਹਨ। ਅਗਲੇ ਸਾਲ ਫਿਰ ਉਸ ਤੋਂ ਅਗਲੇਰੇ ਸਾਲ ਇਹੀ ਚੱਕਰ ਨਿਰੰਤਰ ਚੱਲ ਰਿਹਾ ਹੈ। ਸਾਥੀ ਕਰਨੈਲ ਸਿੰਘ ਈਸੜੂ ਦੇਸ਼ ਵਿਚੋਂ ਪੁਰਤਗੇਜ਼ੀ ਸਾਮਰਾਜੀ ਰਹਿੰਦ-ਖੂੰਹਦ ਹੂੰਝਣ ਲਈ ਆਪਣੀ ਜਾਨ ਵਾਰ ਗਿਆ। ਅੱਜ ਇਹ ਗੋਆ, ਦਮਨ, ਦੇਵ ਤੇ ਨਗਰ ਹਵੇਲੀ ਭਾਰਤ ਦਾ ਅੰਗ ਹਨ। ਸ਼ਹੀਦ ਕਰਨੈਲ ਸਿੰਘ ਬਸਤੀਵਾਦੀ ਪ੍ਰਬੰਧ ਦਾ ਜੂਲ ਲਾਹੁਣ ਲਈ ਜ਼ਿੰਦਗੀ ਭਰ ਜੂਝਿਆ। ਆਓ ਨਵ-ਬਸਤੀਵਾਦੀ ਦੀ ਵੱਗ ਹਨੇਰੀ ਨੂੰ ਠੱਲ੍ਹਣ ਲਈ ਅੱਗੇ ਆਈਏ, ਇਹੀ ਉਸ ਸੂਰਵੀਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ,*
*ਪੌਣ ਦੀ ਝੋਲੀ 'ਚ ਖੁਸ਼ਬੂ ਗੀਤ ਪਾਉਂਦੇ ਰਹੀਦਾ।*

## ਵਾਰਡਾਂ ਦੇ ਆਧੁਨਿਕੀਕਰਨ...

ਸ਼ਹਿਰ ਦੇ ਵਿਕਾਸ ਨੂੰ ਲੈ ਕੇ ਯੋਜਨਾ ਸਬੰਧੀ ਦੇਵਜੀ ਦਾ ਵਿਚਾਰ ਬਿਲਕੁੱਲ ਸਿੱਧਾ ਹੈ। ਉਨ੍ਹਾਂ ਅਨੁਸਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਫਿਰ ਜਿੰਨਾ ਵੀ ਹੋ ਸਕੇ, ਉਨ੍ਹਾਂ ਨੂੰ ਲੈ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਵੋਟਰਾਂ ਨੂੰ ਅਪੀਲ ਹੈ ਕਿ ਆਉਣ ਵਾਲੀ 21 ਅਕਤੂਬਰ ਨੂੰ ਉਹ ਸਹੀ ਚੋਣ ਕਰਨ। ਉਨ੍ਹਾਂ ਦਾ ਨਾਅਰਾ ਹੈ 'ਸਹੀ ਚੋਣ ਹੀ ਸਾਡਾ ਭਵਿੱਖ ਹੈ।' ਦੇਵਜੀ ਵੱਲੋਂ ਵਾਰਡ ਨੰਬਰ ਦਸ ਦੇ ਸਾਰੇ ਵਾਸੀਆਂ ਨੂੰ ਸੱਦਾ ਹੈ ਕਿ ਉਹ ਇੱਕ ਵਾਰ ਉਨ੍ਹਾਂ ਦੇ ਦਫ਼ਤਰ ਜ਼ਰੂਰ ਪਹੁੰਚਣ, ਜਿਹੜਾ ਕਿ ਵਾਈਟਮਡ ਕਰੌਸਿੰਗ ਸੈਂਟਰ ਵਿਚ ਸਥਿਤ ਹੈ। ਦਫ਼ਤਰ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤਕ ਸਵੇਰੇ ਦਸ ਵਜੇ ਤੋਂ ਲੈ ਕੇ ਸ਼ਾਮ ਨੂੰ ਅੱਠ ਵਜੇ ਤਕ ਖੁੱਲ੍ਹਦਾ ਹੈ ਅਤੇ ਸ਼ਨੀਵਾਰ ਤੇ ਐਤਵਾਰ ਨੂੰ ਇਹ ਸਮਾਂ ਸਵੇਰੇ ਦਸ ਵਜੇ ਤੋਂ ਲੈ ਕੇ ਸ਼ਾਮ ਨੂੰ ਛੇ ਵਜੇ ਤਕ ਦਾ ਹੈ। ਹੋਰ ਜਾਣਕਾਰੀ ਲਈ ਵੋਟਰ ਫੋਨ ਨੰਬਰ 780-908-3914 'ਤੇ ਸੰਪਰਕ ਕਰ ਸਕਦੇ ਹਨ।

## ਉੱਤਰ-ਪੱਛਮੀ ਇਲਾਕੇ 'ਚ ਪੁਲੀਸ...

ਕਈ ਇਲਾਕਿਆਂ ਵਿੱਚ ਤਾਂ ਅਪਰਾਧ ਦਰ ਵਿੱਚ ਇੰਨੀ ਵੱਡੀ ਪੱਧਰ 'ਤੇ ਵਾਧਾ ਹੋਇਆ ਹੈ ਕਿ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਹੋ ਰਹੇ ਵਿਕਾਸ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ 2013 ਵਿੱਚ ਇਸ ਪ੍ਰਤੀਸ਼ਤਤਾ ਵਿੱਚ ਹੋਰ ਵਾਧਾ ਹੋਵੇਗਾ। ਜਦੋਂਕਿ ਉੱਤਰ-ਪੂਰਬੀ ਡਵੀਜ਼ਨ 'ਤੇ ਪਹਿਲਾਂ ਹੀ ਜਰੂਰਤ ਤੋਂ ਕਿਤੇ ਵੱਧ ਭਾਰ ਪਿਆ ਹੋਇਆ ਹੈ। ਹੁਣ ਜਦੋਂ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਹੁੰਦਾ ਉਦੋਂ ਤੱਕ ਅਪਰਾਧ ਵਿੱਚ ਵਾਧੇ ਨੇ ਜਾਰੀ ਰਹਿਣਾ ਹੈ। ਇੱਥੇ ਦੱਸਣਯੋਗ ਹੈ ਕਿ ਮੌਕੇ ਦੀ ਕੌਂਸਲ ਨੇ ਨਿਊ ਉੱਤਰ-ਪੂਰਬੀ ਸਹੂਲਤ ਦੇ ਫੰਡਾਂ ਲਈ ਮਨਜ਼ੂਰੀ ਦੇ ਦਿੱਤੀ ਹੈ। ਪਰ ਅਜੇ ਫੰਡਾਂ ਦੀ ਘਾਟ ਕਾਰਣ ਇਸ ਤਰ੍ਹਾਂ ਦੇ ਕਈ ਹੋਰ ਵੀ ਮਾਮਲੇ ਲਟਕੇ ਹੋਏ ਹਨ। ਮੈਨੂੰ ਇਹ ਵੀ ਡਰ ਹੈ ਕਿ ਉੱਤਰ-ਪੱਛਮੀ ਪੁਲਿਸ ਡਵੀਜ਼ਨ ਕਿਧਰੇ ਇਸ ਪ੍ਰੋਜੈਕਟ ਨੂੰ ਲਟਕਾ ਨਾ ਦੇਵੇ। ਜੇਸਨ ਮਿਲਰ ਨੇ ਕਿਹਾ ਕਿ ਮੇਰਾ ਵਾਰਡ ਨੰਬਰ ਦੋ ਦੇ ਵਾਸੀਆਂ ਨਾਲ ਇਹ ਵਾਅਦਾ ਹੈ ਕਿ ਜੇਕਰ ਮੈਨੂੰ ਚੋਣਾਂ ਵਿੱਚ ਚੁਣਿਆ ਗਿਆ ਤਾਂ ਮੈਂ ਇਸ ਗੱਲ ਨੂੰ ਯਕੀਨੀ ਬਣਾਵਾਂਗਾ ਕਿ ਉੱਤਰ ਪੱਛਮੀ ਇਲਾਕੇ ਵਿੱਚ ਪੁਲਿਸ ਸਟੇਸ਼ਨ ਦੀ ਸਥਾਪਨਾ ਸਮੇਂ ਸਿਰ ਹੋਵੇ ਤਾਂ ਜੋ ਵਾਰਡ ਦੇ ਵਾਸੀ ਆਪਣੇ ਆਪ ਨੂੰ ਦੂਜੇ ਲੋਕ ਵਾਂਗ ਸੁਰੱਖਿਅਤ ਮਹਿਸੂਸ ਕਰਨ। ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਪ੍ਰਸ਼ਨ ਵਾਸਤੇ ਵੋਟਰ ਫੋਨ ਨੰ: 780-245-3687 'ਤੇ ਸਿੱਧਾ ਸੰਪਰਕ ਕਰ ਸਕਦੇ ਹਨ ਜਾਂ ਵੈਬਸਾਈਟ www.jasonmillar.net 'ਤੇ ਵਿਜ਼ਿਟ ਕਰ ਸਕਦੇ ਹਨ।

## ਸੰਵੇਦਨਸ਼ੀਲ ਮਿਊਂਸੀਪਲ ਢਾਂਚਾ...

ਜੇਕਰ ਤੁਸੀਂ ਐਡਮਿੰਟਨ ਵਿੱਚ ਆਪਣਾ ਬਿਜਨਸ ਚਲਾ ਰਹੇ ਹੋ ਤੇ ਆਸ ਰੱਖਦੇ ਹੋ ਕਿ ਇਸਦਾ ਵਿਸਥਾਰ ਸੇਂਟ ਅਲਬਰਟ ਤਕ ਕੀਤਾ ਜਾਵੇ ਤਾਂ ਇਸ ਲਈ ਤੁਹਾਨੂੰ ਵੱਖਰੇ ਤਰ੍ਹਾਂ ਦੇ ਮਿਊਂਸੀਪਲ ਨਿਯਮਾਂ ਅਨੁਸਾਰ ਸਵੀਕ੍ਰਿਤੀ ਲੈਣੀ ਹੋਵੇਗੀ। ਸਾਡੇ ਕੋਲ ਹੁਣ ਇਹ ਇੱਕ ਮੌਕਾ ਹੈ ਕਿ ਨਵਾਂ ਸੰਵੇਦਨਸ਼ੀਲ ਮਿਊਂਸੀਪਲ ਢਾਂਚਾ ਤਿਆਰ ਕਰੀਏ। ਇਸ ਮਾਮਲੇ ਵਿੱਚ ਸਾਨੂੰ ਟਰਾਂਟੋ ਅਤੇ ਵੈਨਕੂਵਰ ਵਰਗਾ ਢਾਂਚਾ ਤਿਆਰ ਕਰਨਾ ਚਾਹੀਦਾ ਹੈ। ਇੱਥੇ ਕਈਂ ਮਿਊਂਸੀਪਲਟੀਆਂ ਦਾ ਮਿਲਾਓ ਕਰਕੇ ਇੱਕ ਪ੍ਰਸਾਸ਼ਨਿਕ ਬਾਡੀ ਬਣਾਈ ਗਈ ਹੈ। ਜਿਹੜੀ ਕਿ ਯੋਜਨਾਬੱਧ ਤੇ ਇਲਾਕੇ ਦੇ ਭੂਗੋਲਿਕ ਹਾਲਤਾਂ ਅਨੁਸਾਰ ਕੰਮ ਕਰਦੀ ਹੈ। ਇੱਥੇ ਅਸੀਂ ਐਡਮਿੰਟਨ ਦੇ ਮਾਮਲੇ ਵਿੱਚ ਮਿਲਾਓ ਦੀ ਗੱਲ ਨਹੀਂ ਕਰਦੇ ਪਰ ਆਉਂਦੇ ਸਾਲਾਂ ਵਿੱਚ ਛੋਟੇ-ਵੱਡੇ ਸ਼ਹਿਰਾਂ ਦੀਆਂ ਮਿਊਂਸੀਪਲਟੀਆਂ ਇਸ ਤਰ੍ਹਾਂ ਇੱਕ ਦੂਜੇ ਵਿੱਚ ਆ ਵੜਨਗੀਆਂ ਕਿ ਇੱਕ ਮਿਊਂਸੀਪਲਟੀ ਦਾ ਫੈਸਲਾ ਦੂਜੀ ਨੂੰ ਪ੍ਰਭਾਵਿਤ ਕਰੇਗਾ। ਤੁਸੀਂ ਸੋਚੋ ਇਸ ਵੇਲੇ ਸ਼ੇਰਵੁੱਡ ਪਾਰਕ ਆਪਣੇ ਦੱਖਣੀ ਪਾਸੇ ਵਾਲੇ ਗੁਆਂਢੀ ਐਨਥਨੀ ਹਾਂਡੇ ਨਾਲੋਂ ਵੀ ਡਾਊਨਟਾਊਨ ਐਡਮਿੰਟਨ ਦੇ ਜ਼ਿਆਦਾ ਨੇੜੇ ਆ ਗਿਆ ਹੈ। ਜਿਨ੍ਹਾਂ ਨੇ ਹੁਣ ਤੱਕ ਇਸ ਸਮੱਸਿਆ ਬਾਰੇ ਨਹੀਂ ਸੋਚਿਆ ਸੀ ਉਹਨਾਂ ਨੂੰ ਹੁਣ ਗਰੇਟਰ ਐਡਮਿੰਟਨ ਰਿਜਨਲ ਮਿਊਂਸੀਪਲ ਪ੍ਰਸਾਸ਼ਨ ਬਾਰੇ ਸੋਚਣਾ ਚਾਹੀਦਾ ਹੈ।

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਰੂੜੀ

ਗੁਰਮੀਤ ਕੜਿਆਲਵੀ
+91-8146100994



ਪਿੰਡ ਤਾਂ ਹੁਣ ਬਿਲਕੁਲ ਸ਼ਹਿਰ ਦੇ ਕੰਧੇਰੀਆ ਚੜ੍ਹਿਆ। ਇਕ ਵੱਡਾ ਛੱਪੜ ਤੇ ਅਠਾਰਾਂ-ਵੀਹ ਪੈਲੀਆਂ ਹੀ ਸੰਨ ਰਹਿ ਗਿਆ ਪਿੰਡ ਤੇ ਸ਼ਹਿਰ ਦੇ ਵਿਚਕਾਰ। ਪਿੰਡ ਹੈ ਵੀ ਜੀ.ਟੀ. ਰੋਡ ਦੇ ਐਨ ਉਤੇ। ਇਸ ਪਿੰਡ ਦੀ ਜ਼ਮੀਨ ਸ਼ਹਿਰ ਨਾਲੋਂ ਵੀ ਮਹਿੰਗੀ ਵਿਕ ਰਹੀ ਸੀ, ਕਿਉਂਕਿ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿਚੋਂ ਨਿਕਲ ਕੇ ਸਰਦੇ-ਪੁੱਜਦੇ ਲੋਕ, ਬਾਹਰ ਪਿੰਡ ਦੇ ਨਾਲ ਕਰ ਕੇ ਮਹੱਲ ਨੁਮਾ ਕੋਠੀਆਂ ਪਾਈ ਜਾਂਦੇ ਸਨ। ਹੋਰ ਦਹੁੰ-ਚੌਂਹ ਸਾਲਾਂ ਤਕ ਪਿੰਡ ਅਤੇ ਸ਼ਹਿਰ ਦਾ ਕੋਈ ਫ਼ਰਕ ਈ ਨਹੀਂ ਰਹਿਣਾ। ਛੱਪੜ ਦੇ ਨਾਲ ਦੀ ਲੰਘਦੀ ਫਿਰਨੀ ਤੋਂ ਅੱਗੇ ਖਾਲੀ ਪਈ ਥਾਂ ਵਿਚ ਵਿਹੜੇ ਵਾਲਿਆਂ ਦੇ ਘਰਾਂ ਦਾ ਗੰਦ ਸਮੇਟਣ ਵਾਲੀਆਂ ਰੂੜੀਆਂ ਨੇ। ਅਣਗਿਣਤ ਸਾਲਾਂ ਤੋਂ ਵਿਹੜੇ ਵਾਲੀਆਂ ਜ਼ਨਾਨੀਆਂ ਘਰਾਂ ਦਾ ਗੋਹਾ-ਕੂੜਾ ਇਸੇ ਥਾਂ ਸੁੱਟਦੀਆਂ ਆ ਰਹੀਆਂ ਨੇ। ਗੋਹਾ ਪੱਥਣ ਲਈ ਤੀਵੀਆਂ ਨੇ ਪਖਤਣਾ ਵੀ ਘੜੀਆਂ-ਸੁਆਰੀਆਂ ਹੋਈਆਂ ਨੇ। ਸੁੱਕੀਆਂ ਪਾਥੀਆਂ ਨੂੰ ਸਲੀਕੇ ਨਾਲ ਚਿਣ ਕੇ ਗਹੀਰੇ ਵੀ ਲਾਏ ਹੋਏ ਸਨ। ਵਿਹੜੇ ਵਾਲੀਆਂ ਕਈ ਜ਼ਨਾਨੀਆਂ ਭਾਵੇਂ ਆਪ ਪਸ਼ੂ ਨਹੀਂ ਰੱਖਦੀਆਂ ਪਰ ਜੱਟਾਂ ਜ਼ਿਮੀਦਾਰਾਂ ਦੇ ਘਰਾਂ 'ਚ ਕੰਮ ਕਰਦੀਆਂ ਗੋਹੇ ਦਾ ਬੱਠਲ ਭਰ ਕੇ ਲੈ ਆਉਂਦੀਆਂ। ਉਸੇ ਗੋਹੇ ਨੂੰ ਪੱਥ ਕੇ ਚੰਗੀਆਂ-ਖਾਸੀਆਂ ਪਾਥੀਆਂ ਜਮ੍ਹਾਂ ਕਰਦੀਆਂ ਨੇ ਜੋ ਆਪਣੇ ਬਾਲਣ ਤੋਂ ਇਲਾਵਾ ਵੇਚਣ ਜੋਗੀਆਂ ਵੀ ਹੁੰਦੀਆਂ। ਇੰਜ ਇਹ ਰੂੜੀਆਂ ਪਿਛਲੀਆਂ ਕਈ ਸਦੀਆਂ ਤੋਂ ਜਿਵੇਂ ਵਿਹੜੇ ਵਾਲਿਆਂ ਦੇ ਜੀਵਨ ਦਾ ਅਟੁੱਟ ਅੰਗ ਹੀ ਬਣੀਆਂ ਹੋਈਆਂ ਸਨ। ਪਿਛਲੇ ਲੰਮੇ ਸਮੇਂ ਤੋਂ ਵਿਹੜੇ ਦੀਆਂ ਕੁੜੀਆਂ-ਮੁੰਡਿਆਂ ਦੀਆਂ ਆਪਸੀ ਬਹੁਤ ਸਾਰੀਆਂ ਗੱਲਾਂ ਦਾ ਵੀ ਭੇਤ ਇਨ੍ਹਾਂ ਰੂੜੀਆਂ ਕੋਲ ਹੈ ਸੀ। ਇਸ਼ਕ-ਮੁਹੱਬਤ ਦੇ ਅਨੇਕਾਂ ਚਿੱਠੀਆਂ-ਪੱਤਰ ਗਹੀਰਿਆਂ ਦੀਆਂ ਕੁੰਦਰਾਂ ਨੇ ਜੇਰੇ ਵਾਲੀ ਜ਼ਨਾਨੀ ਵਾਂਗੂੰ ਆਪਣੀ ਹਿੱਕ ਵਿਚ ਸਾਂਭੇ ਹੋਏ ਸਨ।

ਉਂਜ ਪਿੰਡ ਵਾਲਿਆਂ ਜਾਂ ਵਿਹੜੇ ਵਾਲਿਆਂ ਲਈ ਇਹ ਗੱਲ ਬਹੁਤੇ ਮਾਅਨੇ ਨਹੀਂ ਸੀ ਰੱਖਦੀ ਕਿ ਪਿੰਡ ਦੇ ਕੁੱਝ ਨੀਵੀਆਂ ਜਾਤੀਆਂ ਦੇ ਲੋਕ ਪੜ੍ਹ ਲਿਖ ਗਏ ਨੇ, ਉਨ੍ਹਾਂ ਨੂੰ ਇਨ੍ਹਾਂ ਰੂੜੀਆਂ ਤੋਂ ਮੁਸ਼ਕ ਆਉਣ ਲੱਗ ਪਿਆ ਹੈ। ਇਹ ਗੱਲ ਵੱਖਰੀ ਹੈ ਕਿ ਪੜ੍ਹੇ ਲਿਖੇ ਤੇ ਹੁਣ ਖੱਬੀ ਖਾਨ ਬਣੇ ਫ਼ਿਰਦੇ ਇਨ੍ਹਾਂ ਲੋਕਾਂ ਦਾ ਜੀਵਨ ਵੀ ਇਨ੍ਹਾਂ ਰੂੜੀਆਂ ਵਿਚ ਬੀਤਿਆ ਹੈ। ਇਹ ਪੜ੍ਹੇ ਲਿਖੇ ਨੌਕਰੀ ਪੇਸ਼ਾ ਲੋਕ ਰੂੜੀਆਂ ਦੀ ਬਦਬੂ ਤੋਂ ਡਰਦੇ ਸ਼ਹਿਰ ਵਿਚ ਜਾ ਰਹਿਣ ਲੱਗੇ ਨੇ। ਉਂਜ ਇਹ ਗੱਲ ਹੈ ਵੀ ਅਜੀਬ। ਕਈ ਤਾਂ ਸ਼ਹਿਰ ਦੇ ਉਸ ਹਿੱਸੇ ਵਿਚ ਰਹਿੰਦੇ ਨੇ, ਜਿਨ੍ਹਾਂ ਦੀ ਹਾਲਤ ਪਿੰਡ ਦੇ ਰੂੜੀਆਂ ਲਾਗੇ ਰਹਿਣ ਵਾਲੇ ਇਸ ਹਿੱਸੇ ਤੋਂ ਕਿਤੇ ਬਦਤਰ ਹੈ। ਸਗੋਂ ਪਿੰਡ ਦੇ ਵਿਹੜੇ ਵਾਲੇ ਤਾਂ ਇਨ੍ਹਾਂ ਲੋਕਾਂ ਨੂੰ ਕਹਿੰਦੇ ਨੇ ਕਿ ਇਹ ਸੁਰਗ ਵਿਚੋਂ ਨਿਕਲ ਕੇ ਨਰਕ ਵਿਚ ਜਾ ਫਸੇ ਨੇ। ਇਸ ਦੇ ਉਲਟ ਸ਼ਹਿਰ ਜਾ ਕੇ ਕਿਰਾਏ 'ਤੇ ਰਹਿਣ ਲੱਗਾ ਗਿੰਦੂ ਮਜ਼੍ਹਬੀ ਦਾ ਮਾਸਟਰ ਬਣਿਆ ਪੁੱਤ ਕਹਿੰਦਾ ਹੈ, "ਪਿੰਡ 'ਚ ਤਾਂ ਜ਼ਿੰਦਗੀ ਰੂੜੀਆਂ ਵਰਗੀ ਈ ਸੀ। ਹਰ ਇਕ ਸਾਨੂੰ ਗੰਦ ਈ ਸਮਝਦਾ ਸੀ। ਇਥੇ ਆ ਕੇ ਕਮ ਸੇ ਕਮ ਬੰਦੇ ਤਾਂ ਸਮਝੇ ਜਾਣ ਲੱਗੇ ਆਂ। ਆਂਢ-ਗੁਆਂਢ ਕਿਸੇ ਨੂੰ ਨਹੀਂ ਪਤਾ ਕਿ ਅਸੀਂ ਕਿਹੜੀ ਜਾਤ ਕੁਜਾਤ ਦੇ ਹਾਂ। ਘਰ ਦੇ ਬਾਹਰ ਮਾਸਟਰ ਅਮਰੀਕਾ ਸਿੰਘ ਰੰਧਾਵਾ, ਐਮ.ਏ. ਬੀ.ਐੱਡ ਦੀ ਫੱਟੀ ਲਾ ਲਈ ਆ। ਆਂਢ-ਗੁਆਂਢ ਰੰਧਾਵਾ ਸਾਬ੍ਹ-ਰੰਧਾਵਾ ਸਾਬ੍ਹ ਕਰਦੇ ਆ। ਸੋਹਣੀ ਇੱਜ਼ਤ ਬਣੀ ਵੀ ਐ। ਪਿੰਡ ਕੀ ਸੀ? ਪਿੰਡ ਆਲੇ ਤਾਂ ਬੱਸ ਆਹੀ ਸਮਝਦੇ ਸੀ ਕਿ ਗਿੰਦੂ ਮਜ਼੍ਹਬੀ ਨਈਂ ਸੱਚ ਗਿੰਦੂ ਚੂਹੜੇ ਦਾ ਪੁੱਤ ਮਰੀਕਾ ਆ ਜਿਹੜੇ ਨਿੱਕੇ ਹੁੰਦਿਆਂ ਸਾਡੇ ਨਾਲ ਮਾਲ ਚਾਰਦਾ ਹੁੰਦਾ ਸੀ। ਬੰਦਾ ਤਾਂ ਉਹ ਸਾਨੂੰ ਸਮਝਦਾ ਈ ਨਈਂ। ਦੂਜਿਆਂ ਦਾ ਕੀ ਕਹਿਣਾ- ਆਵਦਾ ਕੁਨਬਾ-ਕਬੀਲਾ ਕਿਹੜਾ ਸਮਝਦਾ। ਉਹ ਵੀ ਇਹੀ ਕਹਿੰਦਾ ਵਈ ਮਾਸਟਰ ਕਿਵੇਂ ਬਣ ਗਿਆ। ਸਾਡੇ ਵਾਂਗੂ ਦਿਹਾੜੀਆਂ ਕਿਉਂ ਨਹੀਂ ਕਰਦਾ। ਭਾਈਚਾਰੇ ਦੀ ਸੋਚ ਵਿਚ ਈ ਰੂੜੀਆਂ ਵਰਗਾ ਗੰਦ ਭਰਿਆ ਪਿਆ ਹੈ।"

ਵਿਹੜੇ ਦਾ ਦਸਵੀਂ ਕਰਨ ਉਪਰੰਤ ਨੌਕਰੀ ਲੱਭਦਾ-ਲੱਭਦਾ ਲੀਡਰ ਬਣਿਆ ਅਤੇ ਦੂਰ ਦੁਰਾਡੇ ਰੈਲੀਆਂ-ਮੁਜ਼ਾਹਰਿਆਂ 'ਤੇ ਜਾਂਦਾ ਕਿਰਪੂ ਜੁਲਾਹੇ ਦਾ ਛੋਟਾ ਮੁੰਡਾ ਗਾਮਾ ਵੱਖਰੀ ਤਰ੍ਹਾਂ ਸੋਚਦਾ ਹੈ। ਉਹ ਵਿਹੜੇ ਵਾਲਿਆਂ ਨੂੰ ਗੁਲਾਮ ਆਖਦਾ ਹੈ। ਉਸ ਦਾ ਕਹਿਣਾ ਹੈ ਕਿ ਇਨ੍ਹਾਂ ਵਿਹੜੇ ਆਲਿਆਂ ਨੂੰ ਸਦੀਆਂ ਤੋਂ ਗੁਲਾਮ ਬਣਾ ਕੇ ਰੱਖਿਆ ਹੋਇਆ। ਇਨ੍ਹਾਂ ਨੂੰ ਆਪਸ ਵਿਚ ਲੜਾ ਕੇ ਰਾਜ-ਭਾਗ ਤੋਂ ਵਾਂਝਿਆ ਕੀਤਾ ਗਿਆ। ਜੇਕਰ ਇਨ੍ਹਾਂ ਨੂੰ ਇਕਮੁੱਠ ਕਰ ਲਈਏ ਤਾਂ ਪਿੰਡ ਦੀ ਸਰਪੰਚੀ ਵੱਟ 'ਤੇ ਪਈ ਆ। ਜੇ ਵਿਹੜੇ ਦੀਆਂ ਗਲੀਆਂ ਨਾਲੀਆਂ ਟੁੱਟੀਆਂ ਤਾਂ ਇਹਦੇ ਲਈ ਉਹ ਆਪ ਦੋਸ਼ੀ ਹਨ। ਉਨ੍ਹਾਂ ਨੂੰ ਆਪ ਹੰਭਲਾ ਮਾਰ ਕੇ ਸਰਪੰਚੀ ਲੈਣੀ ਚਾਹੀਦੀ ਐ। ਵਿਹੜੇ ਵਾਲੇ ਗਿਣਤੀ ਪੱਖੋਂ ਜ਼ਿਆਦਾ ਹਨ। ਸਰਪੰਚੀ ਲੈਣੀ ਕੋਈ ਐਡਾ ਔਖਾ ਕੰਮ ਨਹੀਂ। ਪਿੰਡ ਦੀ ਚੌਧਰ ਇਕ ਵਾਰ ਹੱਥ 'ਚ ਕਰ ਕੇ ਸਾਰੇ ਕੰਮ ਆਪ ਕਰਨ ਦੇ ਲੈਕ ਬਣਨ। ਸਰਪੰਚ ਬਣ ਕੇ ਗਲੀਆਂ-ਨਾਲੀਆਂ ਪੱਕੀਆਂ ਕਰਨ। ਵਾਟਰ ਵਰਕਸ ਪਾਣੀ ਵਿਹੜੇ ਨੂੰ ਛੱਡ ਕੇ ਸਾਰੇ ਪਿੰਡ ਪਹੁੰਚਦਾ ਏ। ਵਿਹੜੇ ਵੱਲ ਮਹਿਕਮੇ ਨੇ ਪਾਈਪ ਹੀ ਨਹੀਂ ਵਿਛਾਈ। ਗਾਮਾ ਕਹਿੰਦਾ ਰਹਿੰਦਾ ਏ ਕਿ ਸਰਪੰਚੀ ਹੱਥ ਥੱਲੇ ਕਰ ਕੇ ਵਿਹੜੇ ਵਾਲੇ ਵਾਟਰ ਵਰਕਸ ਦਾ ਸਾਫ਼ ਪਾਣੀ ਪੀਣ ਲੱਗ ਜਾਣਗੇ। ਵਿਹੜੇ ਦੇ ਵਿਚਕਾਰ ਦੀ ਹੋ ਕੇ ਗੰਦੇ ਪਾਣੀ ਵਾਲਾ ਨਾਲਾ ਜਾਂਦਾ ਏ। ਅੱਗੇ ਜਾ ਕੇ ਇਹ ਨਾਲ, ਵੱਡੀ ਸੇਮ ਵਿਚ ਜਾ ਪੈਂਦਾ ਸੀ। ਮੀਂਹ ਦਾ ਪਾਣੀ ਇਸ ਨਾਲੇ ਰਾਹੀਂ ਹੀ ਜਾਂਦਾ ਸੀ। ਹੁਣ ਪਿਛਲੇ ਕਾਫ਼ੀ ਸਮੇਂ ਤੋਂ ਪਿੰਡ ਦੇ ਬਹੁਤ ਸਾਰੇ ਜੱਟਾਂ ਨੇ ਖਾਲੇ ਨੂੰ ਵਾਹ ਕੇ ਆਪਣੇ ਖੇਤਾਂ ਵਿਚ ਰਲਾ ਲਿਆ ਹੋਇਆ ਹੈ। ਇਸ ਕਰ ਕੇ ਮੀਂਹ ਦਾ ਪਾਣੀ ਸੇਮ ਵਿਚ ਨਹੀਂ ਜਾਂਦਾ। ਮੀਂਹਾਂ ਦੇ ਦਿਨਾਂ ਵਿਚ ਤਾਂ ਸਾਰਾ ਵਿਹੜਾ ਤਲਾਅ ਬਣ ਜਾਂਦਾ ਹੈ। ਪਾਣੀ ਘਰਾਂ ਵਿਚ ਜਾ ਵੜਦਾ ਹੈ। ਕਈ ਘਰਾਂ ਦੇ ਭਾਂਡੇ-ਟੀਂਡੇ ਮੀਂਹ ਦੇ ਪਾਣੀ ਵਿਚ ਤਰਨ ਲੱਗੇ ਹਨ। ਗਾਮਾ ਅਕਸਰ ਰੌਲਾ ਪਾਉਂਦਾ ਹੈ ਕਿ ਵਿਹੜੇ ਵਾਲੇ ਹੱਲਾ ਮਾਰ ਕੇ ਖਾਲਾ ਜ਼ਿਮੀਦਾਰਾਂ ਤੋ ਖਾਲੀ ਕਰਵਾਉਣ। ਕਈ ਵਾਰ ਪੰਚਾਇਤ ਨੂੰ ਲਿਖ ਕੇ ਦਿੱਤਾ ਏ ਪਰ ਨਤੀਜਾ ਕੁੱਝ ਨਹੀਂ ਨਿਕਲਿਆ। ਸਰਪੰਚ ਮੂੰਹ ਫਾੜ ਕੇ ਕਿਸੇ ਨੂੰ ਖਾਲੇ ਦੀ ਨੱਪੀ ਜਗ੍ਹਾ ਛੱਡਣ ਲਈ ਕਹਿੰਦਾ ਹੀ ਨਹੀਂ। ਮੀਂਹਾਂ ਦੇ ਦਿਨਾਂ ਵਿਚ ਵਿਹੜੇ ਵਾਲੇ ਜ਼ਰੂਰ ਰੌਲਾ ਰੱਖਾ ਪਾਉਂਦੇ ਨੇ ਫਿਰ ਗੱਲ ਆਈ ਗਈ ਹੋ ਜਾਂਦੀ ਹੈ। ਆਏ ਸਾਲ ਹੀ ਇਉਂ ਹੁੰਦਾ ਹੈ। ਨਗਾਰਖਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ? ਗਾਮਾ ਇਕੱਲਾ ਰੌਲਾ ਪਾਉਂਦਾ ਹੈ, ਵਿਹੜੇ ਦੇ ਖੜਪੈਂਚ ਤਾਂ ਸਗੋਂ ਇਹ ਕਹਿੰਦੇ ਨੇ ਕਿ ਪੜ੍ਹ ਲਿਖ ਕੇ ਗਾਮੇ ਦਾ ਦਿਮਾਗ਼ ਚੱਕਿਆ ਗਿਆ। ਉਹ ਆਵਦੀ ਲੀਡਰੀ ਚਮਕਾਉਣ ਲਈ ਵਿਹੜੇ ਵਾਲਿਆਂ ਨੂੰ ਜੱਟਾਂ ਨਾਲ ਲੜਾਉਣ ਨੂੰ ਫਿਰਦਾ। ਸਰਪੰਚ ਅਤੇ ਉਸ ਦੇ ਕਈ ਪਾਸ਼ੂ ਗਾਮੇ 'ਤੇ ਖਾਸੇ ਔਖੇ ਭਾਰੇ ਨੇ। ਉਹ ਵਿਹੜੇ ਵਾਲਿਆਂ ਨੂੰ ਪ੍ਰਚਾਰ ਕਰਦੇ ਨੇ ਗਾਮਾ ਬਾਹਰਲੇ ਮੁਲਕਾਂ ਦਾ ਏਜੰਟ ਹੈ, ਇਸ ਨੂੰ ਪਿੰਡ ਦੇ ਲੋਕਾਂ ਨੂੰ ਆਪਸ ਵਿਚ ਲੜਾ ਕੇ ਰੱਖਣ ਲਈ ਪੈਸੇ ਮਿਲਦੇ ਹਨ। ਸਰਪੰਚ ਦੇ ਪਾਸ਼ੂਆਂ ਦਾ ਇਹ ਪ੍ਰਚਾਰ ਚੰਗੀ ਕਾਟ ਕਰਦਾ ਹੈ। ਇਸ ਕਰ ਕੇ ਦੋਹ-ਚਹੁੰ ਨੂੰ ਛੱਡ ਕੇ ਗਾਮੇ ਦੀ ਕੋਈ ਨਹੀਂ ਸੁਣਦਾ।

ਗਾਮਾ ਉਮਰੋਂ ਤਾਂ ਭਾਵੇਂ ਛੋਟਾ ਹੈ ਪਰ ਗੱਲਾਂ ਵੱਡੀਆਂ-ਵੱਡੀਆਂ ਕਰਦਾ ਹੈ। ਇਸ ਕਰ ਕੇ ਚੌਧਰੀ ਕਿਸਮ ਦੇ ਬੰਦੇ ਉਹਦੇ ਬਾਰੇ ਕਹਿੰਦੇ ਨੇ, "ਜੰਮ ਅਜੇ ਮੁੱਕਿਆ ਨਈਂ ਗੱਲਾਂ ਕਰਦਾ ਰਾਜ-ਪਾਟ ਦੀਆਂ।" ਗਾਮਾ ਵਿਹੜੇ ਵਾਲਿਆਂ ਨੂੰ ਕਹਿੰਦਾ ਰਹਿੰਦਾ ਹੈ ਕਿ ਆਪਣੇ ਘਰਾਂ ਮੂਹਰੇ ਸਫ਼ਾਈ ਰੱਖਣ। ਵਿਹੜੇ ਦੀਆਂ ਜ਼ਨਾਨੀਆਂ ਕੂੜਾ ਸੁੱਟਦੀਆਂ-ਸੁੱਟਦੀਆਂ ਰੂੜੀ ਫਿਰਨੀ ਵੱਲ ਲੈ ਆਉਂਦੀਆਂ ਨੇ। ਅੱਧੀ ਫਿਰਨੀ ਤਕ ਉਹ ਰੂੜੀ ਹੀ ਲਾ ਦਿੰਦੀਆਂ ਨੇ। ਕਈ ਵਾਰ ਤਾਂ ਫਿਰਨੀ ਬੰਦ ਹੀ ਹੋ ਜਾਂਦੀ ਹੈ। ਲੰਘਣ ਵਾਲਿਆਂ ਵਾਸਤੇ ਥਾਂ ਵੀ ਨਹੀਂ ਬਚਦਾ। ਸ਼ਹਿਰ ਜਾਣ ਲਈ ਸਾਰੇ ਪਿੰਡ ਦਾ ਲਾਂਘਾ ਫਿਰਨੀ ਤੋਂ ਵੀ ਹੈ। ਵਿਹੜੇ ਵਾਲੀਆਂ ਜ਼ਨਾਨੀਆਂ ਦੀਆਂ ਲਾਈਆਂ ਰੂੜੀਆਂ ਕਰ ਕੇ ਰਾਹੀਆਂ ਦਾ ਲੰਘਣਾ ਔਖਾ ਹੁੰਦਾ ਹੈ। ਮੀਹਾਂ ਦੇ ਦਿਨਾਂ ਵਿਚ ਤਾਂ ਹਾਲਤ ਡਾਹਢੀ ਖ਼ਰਾਬ ਹੋ ਜਾਂਦੀ ਹੈ। ਚਾਰੇ ਪਾਸੇ ਚਰਗਲ ਪੱਜ ਜਾਂਦਾ ਹੈ। ਸਾਰੇ ਪਿੰਡ ਦੇ ਗੰਦੇ ਪਾਣੀ ਦਾ ਨਿਕਾਸ ਇਧਰ ਨੂੰ ਕੀਤਾ ਹੋਇਆ ਹੈ। ਰੂੜੀਆਂ ਪਾਣੀ ਵਿਚ ਤਰਨ ਲੱਗਦੀਆਂ ਨੇ। ਮੀਂਹ ਦੇ ਪਾਣੀ ਦਾ ਰੰਗ ਬਿਨਾਂ ਦੁੱਧ ਦੀ ਮਾਰੂ ਚਾਹ ਵਾਂਗੂੰ ਬਣ ਜਾਂਦਾ ਹੈ। ਸੜਿਆਂਦ ਨੱਕ ਨੂੰ ਚੜ੍ਹਨ ਲੱਗਦੀ ਹੈ। ਸਰਦੇ-ਪੁਜਦੇ ਘਰਾਂ ਦੀਆਂ ਲਿਪੀਆਂ-ਪੋਚੀਆਂ ਜ਼ਨਾਨੀਆਂ ਲਈ ਤਾਂ ਨੱਕ ਉਪਰ ਰੁਮਾਲ ਰੱਖ ਕੇ ਵੀ ਲੰਘਣਾ ਔਖਾ ਹੋ ਜਾਂਦਾ ਹੈ। ਚਿੱਕੜ ਦੇ ਛਿੱਟੇ ਕਈ ਵਾਰ ਨਵੇਂ ਨਕੋਰ ਕੱਪੜਿਆਂ ਵਾਲੇ ਮੈਂਬਰਾਂ ਨੂੰ ਆਪਣੇ ਘਰ ਸੱਦਣ ਲਈ ਚੌਂਕੀਦਾਰ ਭੇਜ ਦਿੰਦਾ ਹੈ ਪਰ ਪਰ ਕੰਮ ਧੰਦੇ ਲਈ ਕਦੇ-ਕਦਾਈਂ ਉਸ ਨੂੰ ਇਧਰ ਗੇੜਾ ਮਾਰਨਾ ਹੀ ਪੈ ਜਾਂਦਾ ਹੈ। ਵਿਹੜੇ ਵਾਲੇ ਇਸ ਨਰਕ ਦਾ ਕੋਈ ਨਾ ਕੋਈ ਹੱਲ ਕਰਨ ਲਈ ਹੱਥ ਜੋੜ ਕੇ ਸਰਪੰਚ ਨੂੰ ਕਹਿੰਦੇ ਤਾਂ ਹੈਨ ਪਰ ਤਾੜ ਕੇ ਨਹੀਂ। ਵਿਹੜੇ 'ਚੋਂ ਬਣੇ ਮੈਂਬਰ ਗ਼ਰੀਬ ਸਿਹੁੰ ਅਤੇ ਆਸਰਾ ਰਾਮ ਆਏ ਸਾਲ ਆਪਣੇ ਭਰਾਵਾਂ ਨੂੰ ਵਿਸ਼ਵਾਸ ਦੁਆਉਂਦੇ ਹਨ ਕਿ ਬੰਦ ਪਿਆ ਖਾਲਾ ਪਟਵਾ ਦੇਣਗੇ। ਪਾਣੀ ਦਾ ਨਿਕਾਸ ਹੋਣ ਨਾਲ ਮੀਂਹਾਂ ਦੇ ਦਿਨਾਂ ਵਿਚ ਨਰਕ ਨਹੀਂ ਵੱਜੇਗਾ।

ਕਈ ਸਰਪੰਚੀਆਂ ਲੰਘ ਗਈਆਂ ਨੇ, ਇਸ ਨਰਕ ਤੋਂ ਖਹਿੜਾ ਛੁਡਾਉਣ ਦੀਆਂ ਤਰਕੀਬਾਂ ਬਣਦੀਆਂ ਆਈਆਂ ਨੇ। ਪਹਿਲੇ ਸਰਪੰਚ ਸਪੀਕਰ ਵਿਚ ਆਵਾਜ਼ਾਂ ਦੁਆਉਂਦੇ ਰਹਿੰਦੇ ਸਨ, "ਆਪਣੀ-ਆਪਣੀ ਰੂੜੀ ਫਿਰਨੀ ਤੋਂ ਪਿੱਛੇ ਹਟਾ ਲੋ ਭਾਈ --ਨਈਂ ਭਾਈ ਸਰਕਾਰ ਕਾਰਵਾਈ ਕਰੂਗੀ --ਭਾਈ ਸਰਪੈਂਚ ਸਾਹਿਬ ਕਹਿੰਦੇ ਫੇਰ ਮੈਨੂੰ ਉਲਾਂਭਾ ਨਾ ਦੇਇਓ।" ਗੁਰਦੁਆਰੇ ਦੇ ਭਾਈ ਜੀ ਵਲੋਂ ਤਿੰਨ ਚਾਰ ਦਿਨ ਲਗਾਤਾਰ ਆਵਾਜ਼ ਦੇਣ ਨਾਲ ਲੋਕ ਰੂੜੀਆਂ ਕੁਝ ਪਿਛਾਂਹ ਖਿੱਚ ਦਿੰਦੇ ਪਰ ਮਹੀਨੇ ਕੁ ਦੇ ਵਿਚ-ਵਿਚ ਹੀ ਰੂੜੀ ਫਿਰ ਪਹਿਲਾਂ ਵਾਲੇ ਥਾਂ ਹੀ ਆ ਜਾਂਦੀ। ਫਿਰਨੀ 'ਤੇ ਵੱਜਦੇ ਨਰਕ ਤੋਂ ਜੇ ਕੋਈ ਸਭ ਤੋਂ ਵੱਧ ਦੁਖੀ ਹੈ ਤਾਂ ਉਹ ਹੈ ਗਾਮਾ। ਉਹ ਜਿਥੇ ਵਿਹੜੇ ਵਾਲਿਆਂ ਨੂੰ ਰੂੜੀਆਂ ਪਿਛੇ ਹਟਾਉਣ ਲਈ ਕਹਿੰਦਾ ਰਹਿੰਦਾ ਹੈ, ਉਥੇ ਫਿਰਨੀ ਦੇ ਨਾਲ-ਨਾਲ ਦੋ-ਦੋ ਫੁੱਟ ਕੰਧ ਕਰਨ ਅਤੇ ਸੇਮ ਤਕ ਖਾਲ਼ਾ ਕਢਵਾਉਣ ਲਈ, ਬੀ.ਡੀ.ਪੀ.ਓ., ਡੀ.ਡੀ.ਪੀ.ਓ. ਅਤੇ ਡੀ.ਸੀ. ਦਫ਼ਤਰ ਅਰਜ਼ੀਆਂ ਵੀ ਦਿੰਦਾ ਰਹਿੰਦਾ ਹੈ। ਉਂਜ ਇਹ ਗੱਲ ਵੱਖਰੀ ਕਿ ਉਸ ਦੀ ਕਿਸੇ ਅਰਜ਼ੀ 'ਤੇ ਅੱਜ ਤਕ ਅਮਲ ਨਹੀਂ ਹੋਇਆ।

ਲਿਪੀਆਂ-ਪੋਚੀਆਂ, ਬਣ-ਠਣ ਕੇ ਸ਼ਹਿਰ ਨੂੰ ਨਿਕਲਦੀਆਂ ਜ਼ਨਾਨੀਆਂ ਅਤੇ ਬੰਦਿਆਂ ਦੇ ਫਿਰਨੀ ਦੇ ਨਾਲ ਲੱਗਦਾ ਇਹ ਰੂੜੀਆਂ ਵਾਲਾ ਥਾਂ ਚਿਰਾਂ ਤੋਂ ਅੱਖਾਂ ਵਿਚ ਰੜਕਦਾ ਹੈ। ਪਿਛਲੇ ਸਮੇਂ ਤੋਂ ਇਸ ਥਾਂ ਦੀ ਰੜਕ ਸਫ਼ੈਦ ਪੋਸ਼ਾਂ ਦੇ ਲਾਣੇ ਵਾਲੇ ਸ਼ੇਰ ਸਿਹੁੰ, ਜਿਸ ਨੂੰ ਪਿੰਡ ਵਾਲੇ ਵਿੱਠ ਪਿੱਛੇ 'ਗਿੱਦੜ' ਕਹਿੰਦੇ ਨੇ, ਦੀ ਅੱਖ ਵਿਚ ਹੋਣ ਲੱਗੀ ਸੀ। ਸਫ਼ੈਦ ਪੋਸ਼ ਪੂਰਾ ਹੰਢਿਆ ਜੁਆਰੀਆ ਹੈ। ਉਸ ਦੀ ਜ਼ਮੀਨ ਇਕ ਪਾਸਿਓਂ ਇਨ੍ਹਾਂ ਰੂੜੀਆਂ ਦੇ ਨਾਲ ਲਗਦੀ ਹੈ ਤਾਂ ਦੂਜੇ ਪਾਸਿਓਂ ਵੱਡੇ ਛੱਪੜ ਦੇ ਨਾਲ। ਉਹ ਅੰਦਰੇ-ਅੰਦਰ ਸਕੀਮਾਂ ਘੜਦਾ ਰਹਿੰਦਾ, ਜੇਕਰ ਇਹ ਰੂੜੀਆਂ ਵਾਲੀ ਥਾਂ ਕਬਜ਼ੇ ਵਿਚ ਆ ਜਾਏ ਤਾਂ ਹੌਲੀ-ਹੌਲੀ ਅੱਧਾ ਛੱਪੜ ਵੀ ਕਬਜ਼ੇ ਹੇਠ ਕੀਤਾ ਜਾ ਸਕਦਾ ਹੈ। ਸ਼ਹਿਰ ਦੇ ਬਿਲਕੁਲ ਨਾਲ ਆ ਲੱਗਣ ਕਰ ਕੇ ਇਹ ਥਾਂ ਹੀਰਿਆਂ ਦੀ ਖਾਣ ਬਣ ਚੁੱਕੀ ਸੀ। ਸਫ਼ੈਦ ਪੋਸ਼ ਅੱਖਾਂ ਨਾਲ ਹੀ ਰੂੜੀਆਂ ਵਾਲੀ ਥਾਂ ਨੂੰ ਫੁੱਟਾਂ ਅਤੇ ਗਜਾਂ ਨਾਲ ਮਿਣਦਾ ਰਹਿੰਦਾ। ਗਜਾਂ-ਫੁੱਟਾਂ ਨੂੰ ਰੁਪਈਆਂ ਨਾਲ ਜ਼ਰਬਾ ਦਿੰਦਾ, ਹਿਸਾਬ-ਕਿਤਾਬ ਕਰੋੜਾਂ ਤਕ ਲੈ ਜਾਂਦਾ। ਸਫ਼ੈਦ ਪੋਸ਼ ਸਰਪੰਚ ਦਾ ਲੰਗੋਟੀਆ ਹੈ। ਆਥਣ ਹੁੰਦਿਆਂ ਹੀ ਸਰਪੰਚ ਦੀ ਹਵੇਲੀ, ਗਿਲਾਸੀ ਖੜਕਣ ਲੱਗਦੀ। ਪਿੰਡ ਦੇ ਵਿਕਾਸ ਦੀਆਂ ਸਕੀਮਾਂ ਉਥੇ ਹੀ ਘੜੀਆਂ ਜਾਂਦੀਆਂ। ਸਫ਼ੈਦ ਪੋਸ਼ ਦੀ ਸਕੀਮ ਸਰਪੰਚ ਦੇ ਦਿਲ ਲੱਗੀ ਸੀ ਕਿ ਵਿਹੜੇ ਵਾਲਿਆਂ ਦੇ ਘਰਾਂ ਮੂਹਰੇ ਲੱਗੀਆਂ ਰੂੜੀਆਂ ਹਟਾ ਕੇ ਉਥੇ ਪਾਰਕ ਬਣਾ ਦੇਣਾ ਚਾਹੀਦਾ ਹੈ। ਬਿਲਕੁਲ ਉਹੋ ਜਿਹਾ ਹੀ ਪਾਰਕ ਜਿਹੋ-ਜਿਹਾ ਸ਼ਹਿਰ ਦੇ ਪੌਸ਼ ਇਲਾਕੇ ਦੀ ਆਬਾਦੀ ਦੇ ਵਿਚਕਾਰ ਬਣਿਆ। ਪਾਰਕ ਵਿਚ ਬੱਚਿਆਂ ਦੇ ਖੇਡਣ ਲਈ ਝੂਲੇ ਲਗਾਏ ਜਾ ਸਕਦੇ ਹਨ ਅਤੇ ਨਾਲ ਲੱਗਦੇ ਛੱਪੜ ਦੀ ਸਫ਼ਾਈ ਕਰਵਾ ਕੇ ਤਲਾਅ ਬਣਾਇਆ ਜਾ ਸਕਦਾ। ਸੈਰ ਕਰਨ ਲਈ ਇਹ ਇਕ ਵਧੀਆ ਪਿਕਨਿਕ ਸਥਾਨ ਹੋਵੇਗਾ, ਜਿਥੇ ਦੂਰ-ਦੂਰ ਤੋਂ ਲੋਕ ਆਇਆ ਕਰਨਗੇ। ਇਸ ਨਾਲ ਪਿੰਡ ਦੀ ਆਮਦਨ ਵੀ ਵਧਣੀ ਹੈ। ਇਹ ਸਕੀਮ ਸਫ਼ੈਦ ਪੋਸ਼ ਅਤੇ ਸਰਪੰਚ ਨੇ ਬੜੀ ਵਿਚਾਰ ਬਾਅਦ ਘੜੀ ਹੈ। ਵਿਹੜੇ ਵਾਲਿਆਂ ਦੇ ਕਬਜ਼ੇ ਵਿਚ ਕਰੋੜਾਂ ਰੁਪਏ ਦੀ ਥਾਂ ਇੰਜ ਹੀ ਖ਼ਾਲੀ ਕਰਵਾਈ ਜਾ ਸਕਦੀ ਸੀ। ਸਰਪੰਚ ਤੇ ਸਫ਼ੈਦ ਪੋਸ਼ ਚੰਗੀ ਤਰ੍ਹਾਂ ਜਾਣਦੇ ਨੇ ਕਿ ਗਾਮਾ ਵਿਹੜੇ ਵਾਲਿਆਂ ਨੂੰ ਚੱਕੇਗਾ ਜਿਸ ਕਰ ਕੇ ਰੂੜੀਆਂ ਵਾਲੀ ਥਾਂ ਪੋਲੇ-ਪੈਰੀਂ ਉਨ੍ਹਾਂ ਖਾਲੀ ਨਹੀਂ ਕਰਨੀ। ਸਫ਼ੈਦ ਪੋਸ਼ ਨੇ ਦਿਮਾਗ਼ ਲੜਾਇਆ ਸੀ,

"ਆਪਾਂ ਪੰਚਾਇਤ 'ਚ ਪਾਸ ਕਰਦੇ ਆਂ ਬਈ ਪਿੰਡ ਦੀ ਦਿੱਖ ਸੰਵਾਰਨ ਲਈ ਏਹਨੂੰ ਨਮੂਨੇ ਦਾ ਪਿੰਡ ਬਣਾਉਣ ਲਈ, ਫਿਰਨੀ ਤੇ ਲੱਗੀਆਂ ਰੂੜੀਆਂ ਵਾਲੀ ਥਾਂ 'ਤੇ ਪਾਰਕ ਬਣਾਇਆ ਜਾਵੇਗਾ। ਪਾਰਕ ਬਣਾਉਣ ਲਈ ਚਾਰ-ਦੀਵਾਰੀ ਵੀ ਕਰ ਦਿਆਂਗੇ। ਦੋ-ਚਹੁੰ ਸਾਲਾਂ ਤਕ ਲੋਕ ਭੁੱਲ ਭੁਲਾ ਜਾਣਗੇ ਤਾਂ ਥਾਂ ਕਬਜ਼ੇ ਹੇਠ ਕਰ ਲਵਾਂਗੇ।"

ਅੰਦਰ ਖਾਤੇ ਗੱਲ ਤੈਅ ਹੋ ਗਈ ਕਿ ਪੰਚਾਇਤ ਸਰਕਾਰੀ ਰੇਟਾਂ 'ਤੇ ਇਹ ਥਾਂ ਸਫ਼ੈਦ ਪੋਸ਼ ਨੂੰ ਦੇਵੇਗੀ। ਸਫ਼ੈਦ ਪੋਸ਼ ਅੱਗੇ ਇਹ ਥਾਂ ਫੁੱਟਾਂ ਦੇ ਹਿਸਾਬ ਨਾਲ ਵੇਚੇਗਾ। ਬਣਦੇ ਲਾਭ 'ਚੋਂ ਸਰਪੰਚ ਅਤੇ ਸਫ਼ੈਦ ਪੋਸ਼ ਨੇ ਅੱਧੋ-ਅੱਧ ਕਰਨਾ ਸੀ।

ਰੂੜੀਆਂ ਵਾਲੀ ਥਾਂ 'ਤੇ ਪਾਰਕ ਉਸਾਰਨ ਦਾ ਮਤਾ ਪਾਉਣ ਲਈ ਵਿਹੜੇ ਵਾਲੇ ਮੈਂਬਰਾਂ ਗਰੀਬ ਸਿੰਘ ਅਤੇ ਆਸਰਾ ਰਾਮ ਨੂੰ ਹੱਥਾਂ ਹੇਠ ਕਰਨ ਲਈ ਸਰਪੰਚ ਨੇ ਕਣਕ ਦੀਆਂ ਦੋ-ਦੋ ਬੋਰੀਆਂ ਆਪਣੇ ਸੀਰੀਆਂ ਰਾਹੀਂ ਦੋਵਾਂ ਦੇ ਘਰੇ ਭੇਜ ਦਿੱਤੀਆਂ। ਘਰ ਦੀ ਕੱਢੀ ਦਾਰੂ ਦੀ ਇਕ-ਇਕ ਕੈਨੀ ਵੀ ਦੋਵਾਂ ਕੋਲ ਜਾ ਪੁੱਜੀ। ਦੋ ਦਿਨ ਲਗਾਤਾਰ ਸਰਪੰਚ ਦੇ ਘਰ ਦਾਰੂ-ਪਿਆਲਾ ਛਕਦਿਆਂ, ਉਨ੍ਹਾਂ ਦੀ ਬੋਲੀ ਬਦਲ ਗਈ, "ਭਲਿਓ ਮਾਨਸੋ! ਸਾਰੀ ਉਮਰ ਰੂੜੀ ਦੇ ਗੰਦ 'ਚ ਰਹਿਣਾ ਸੁੱਖ ਕੇ ਦਿੱਤਾ ਆਪਾਂ ਨੂੰ। ਏਥੇ ਬਣੂ ਪਾਰਕ... ਮਾਰ ਦੂਰ-ਦੂਰ ਤੋਂ ਲਾਲੇ-ਲਾਲੀਆਂ ਸੈਲ-ਸਪਾਟੇ ਕਰਨ ਆਇਆ ਕਰਨਗੇ। ਆਪਣੇ ਲਈ ਸੁਰਗ। ਕੀ ਕਹਿੰਦੇ, ਸੁਰਗ ਨਾ ਬਣਜੂ?" ਮੈਂਬਰ ਥਾਂ-ਥਾਂ 'ਤੇ ਪ੍ਰਚਾਰ ਕਰਨ ਲੱਗੇ ਸਨ।

"ਪਾਰਕ ਤਾਂ ਬਣਜੂ.... ਜੰਮ-ਜੰਮ ਬਣਾਉਣ ਪਰ ਆਪਾਂ ਰੂੜੀਆਂ ਕਿਥੇ ਲਾਮਾਂਗੇ?" ਕੁੱਝ ਲੋਕਾਂ ਨੇ ਸਵਾਲ ਖੜਾ ਕੀਤਾ ਸੀ।

"-ਅਸੀਂ ਵੇਖਾਂ ਬੈਠੇ -- ਜੁੰਮੇਦਾਰ - ਢਾਬ ਆਲੀ ਪੰਚੈਤੀ ਜ਼ਮੀਨ 'ਚੋਂ ਰੂੜੀਆਂ ਆਸਤੇ ਦੋ-ਦੋ ਮਰਲੇ ਦਾ ਪਲਾਟ ਕਟਵਾ ਦੇਮਾਂਗੇ ਥੋਨੂੰ। ਭਮੇ ਘਰ ਈ ਪਾ ਲਿਓ।" ਮੈਂਬਰਾਂ ਨੂੰ ਸਰਪੰਚ ਨੇ ਚੰਗੀ ਤਰ੍ਹਾਂ ਪਾੜ੍ਹਤ ਪੜ੍ਹਾਈ ਸੀ। ਮੈਂਬਰਾਂ ਦੇ ਕਹਿਣ 'ਤੇ ਵਿਹੜੇ ਦੇ ਕਈ ਘਰ ਸ਼ਾਂਤ ਟਿਕ ਬੈਠੇ ਸਨ।

"—ਊਂ ਤਾਂ ਜ਼ਾਰ ਠੀਕ ਆ - ਬਾਰ੍ਹਾਂ ਮੂਹਿਓਂ ਰੂੜੀਆਂ ਚੱਕੀਆਂ ਜਾਣ ਤਾਂ। ਇਕ ਤਾਂ ਜੰਮ ਉਹੋ ਜੀ ਜਾਤ 'ਚ ਪਏ ਆਂ। ਉਤੋਂ ਗੰਦ ਦੇ ਢੇਰ ਐਨ ਦਰਾਂ ਮੂਹ੍ਰੇ ਲਾਈ ਬੈਠੇ ਆਂ। ਇਥੇ ਕਾਂ ਚੰਗ ਬਣਜੂ ਤਾਂ ਆਪਾਂ ਨੂੰ ਈ ਫੈਦਾ। ਆਪਣੇ ਈ ਨਿਆਣੇ ਖੇਡਿਆ ਕਰਨਗੇ।" ਵਿਹੜੇ ਦੇ ਕਈ ਬੰਦੇ ਕਹਿਣ ਲੱਗੇ ਸਨ।

"ਢਾਬ ਆਲੀ ਜ਼ਮੀਨ 'ਚੋਂ ਦੋ-ਦੋ ਮਰਲੇ ਮਿਲਗੇ ਤਾਂ ਨਵੇਂ ਵਿਆਹੇ ਮੁੰਡਿਆਂ ਨੂੰ ਉਥੇ ਦੋ ਖਣ ਛੱਤ ਦਿਆਂਗੇ। ਢੋਲੇ ਦੀਆਂ ਲਾਉਣ ਉਥੇ ਜਾ ਕੇ ਬਹੂਆਂ ਨਾਲ... ਕਨੀ?" ਕਈ ਤੱਤੇ ਕਾਹਲਿਆਂ ਨੇ ਤਾਂ ਢਾਬ 'ਤੇ ਵਸੋਂ ਕਰਨ ਲਈ ਖਿਆਲੀ ਮਹਿਲ ਵੀ ਉਸਾਰਨੇ ਸ਼ੁਰੂ ਕਰ ਦਿੱਤੇ ਸਨ।

"ਸਰਦਾਰ ਸੈਂਬਰ ਰੂੜੀਆਂ ਆਂਲੀ ਥਾਂ ਕੇਹੜੀ ਆਪਣੇ ਨਾਂ ਚੜ੍ਹੀਂ ਵੀਂ ਐਂ -- ਜੇ ਭਲਾਂ ਧੱਕੇ ਨਾਲ ਖਾਲੀ ਕਰਵਾ ਲੈਣ.... ਫੇਰ ਕੀ ਠੈਣਾ ਫੜਲਾਂਗੇ।" ਨੰਜਣ ਨੰਗ ਗੁਣਗੁਣਾ ਸੀ। ਉਸ ਨੇ ਆਪਣਾ ਕਾਨੂੰਨੀ ਨੁਕਤਾ ਦੱਸਣਾ ਵਾਜਬ ਸਮਝਿਆ ਸੀ।

ਵਿਹੜੇ ਦੇ ਬੰਦਿਆਂ ਵਲੋਂ ਮੈਬਰਾਂ ਮਗਰ ਲੱਗ ਜਾਣ 'ਤੇ ਗਾਮਾ ਬੜਾ ਔਖਾ ਸੀ। ਉਸ ਨੇ ਕੱਲੇ-ਕੱਲੇ ਬੰਦੇ ਕੋਲ ਜਾ ਕੇ ਸਰਪੰਚ ਜੁੰਡਲੀ ਦੀ ਮਨਸ਼ਾ ਦੱਸੀ, "ਪਾਰਕ-ਪੂਰਕ ਕਿਸੇ ਭੜੂਏ ਨਈਂ ਬਣਾਉਣ - ਸਭ ਰੂੜੀਆਂ ਵਾਲੀ ਥਾਂ ਕਬਜ਼ੇ ਕਰਨ ਦੀ ਸਕੀਮ ਐ ਸਰਪੰਚ ਤੇ ਸਫ਼ੈਦ ਪੋਸ਼ ਦੀ। ਪਾਰਕ ਦੇ ਬਹਾਨੇ ਪਾਰਕ 'ਤੇ ਕਬਜ਼ਾ ਕਰ ਲੈਣਾ ਆ - ਤੁਸੀਂ ਵੇਖੋਂਗੇ ਹੱਥ ਲਾ-ਲਾ। ਥੋਨੂੰ ਪਲਾ-ਪਲੂਟ ਵੀ ਕਿਸੇ ਕੰਜਰ ਨੇ ਨ੍ਹੀਂ ਦੇਣੇ। ਐਵੇਂ ਗੱਲਾਂ 'ਚ ਨਾ ਆਓ।"

"ਪਿੰਡ ਦੀ ਸਾਂਝੀ 82 ਕਿਲੇ ਜ਼ਮੀਨ 'ਚੋਂ ਚੌਥੇ ਹਿੱਸੇ ਦੀ ਵੀਹ ਕਿੱਲੇ ਸਾਡੀ ਬਣਦੀ ਆ। ਇਹ ਵਿਹੜੇ ਵਾਲਿਆਂ ਨੂੰ ਠੇਕੇ 'ਤੇ ਮਿਲਣੀ ਚਾਹੀਦੀ ਪਰ ਮਿਲਦੀ ਕਨਾਲ ਵੀ ਨਹੀਂ। ਕਿਸੇ ਨੂੰ ਕੀ ਦੋਸ਼? ਸਾਡਾ ਆਵਦਾ ਮਾਲ ਵਿਕਾਊ - ਪੱਟੀ ਨੀ ਬੱਝਣ ਦਿੰਦਾ। ਜ਼ਿਮੀਂਦਾਰ ਕੋਈ ਲੰਡੂ ਜਿਹਾ ਮਜ਼੍ਹਬੀ ਪੱਟ ਲੈਂਦੇ ਨੇ ਆਏ ਸਾਲ। ਉਹ ਹਿੱਸੇ ਆਉਂਦੀ ਵੀਹ ਕਿੱਲੇ ਦੀ ਬੋਲੀ ਦੇ ਕੇ ਜ਼ਮੀਨ ਅੱਗੇ ਜ਼ਿਮੀਂਦਾਰ ਨੂੰ ਦੇ ਦਿੰਦਾ। ਅਸੀਂ ਤਾਂ ਬਸ ਆਵਦੀਆਂ ਕਮਜ਼ੋਰੀਆਂ ਦੇ ਈ ਮਾਰੇ ਪਏ ਆਂ। ਸਾਡੇ ਨਾਲੋਂ ਤਾਂ ਯੂ.ਪੀ.

ਦੇ ਭਈਏ ਚੰਗੇ, ਉਨ੍ਹਾਂ ਕੁੱਛ ਤਾਂ ਕੀਤੈ।" ਵਿਹੜੇ ਦੇ ਕਈ ਬੰਦੇ, "ਗੱਲਾਂ ਤਾਂ ਮੁੰਡਾ ਸੱਚੀਆਂ ਈ ਕਰਦਾ।" ਕਹਿੰਦੇ ਪਰ ਲੋੜ ਵੇਲੇ ਗਾਮੇ ਨਾਲ ਤੁਰਦਾ ਕੋਈ ਨਾ।

ਗਾਮਾ ਵਿਹੜੇ ਵਾਲੇ ਮੈਂਬਰਾਂ ਦੀਆਂ ਅੱਖਾਂ ਵਿਚ ਸਭ ਤੋਂ ਵੱਧ ਰੜਕਦਾ ਹੈ। ਉਨ੍ਹਾਂ ਨੂੰ ਗੁੱਸਾ ਹੈ ਕਿ ਗਾਮਾ ਮਜ੍ਹਬੀਆਂ ਦਾ ਲੀਡਰ ਬਣਨ ਨੂੰ ਫਿਰਦਾ। ਮੈਂਬਰਾਂ ਨੂੰ ਡਰ ਹੈ ਕਿ ਜੇਕਰ ਵਿਹੜੇ ਵਾਲਿਆਂ ਗਾਮੇ ਮਗਰ ਲੱਗਣਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਦੀ ਚੌਧਰ ਸਦਾ-ਸਦਾ ਲਈ ਖ਼ਤਮ ਹੋ ਜਾਵੇਗੀ ਤੇ ਨਾਲ ਹੀ ਬੰਦ ਹੋ ਜਾਊ ਚੱਲਦਾ ਆਉਂਦਾ ਤੋਰੀ ਫੁਲਕਾ। ਮੈਂਬਰਾਂ ਦਾ ਫ਼ਿਕਰ ਜਾਇਜ਼ ਹੈ ਕਿਉਂਕਿ ਨਵੀਂ ਪੀੜ੍ਹੀ ਦੇ ਕਈ ਮੁੰਡੇ ਖੁੰਡੇ ਗਾਮੇ ਦੀ ਗੱਲ ਸੁਣਨ ਲੱਗੇ ਨੇ, ਉਂਜ ਭਾਵੇਂ ਘਰਦਿਆਂ ਤੋਂ ਡਰ ਕੇ ਖੁੱਲ੍ਹ ਕੇ ਗਾਮੇ ਨਾਲ ਆਉਣ ਨੂੰ ਅਜੇ ਤਿਆਰ ਨਹੀਂ ਹੁੰਦੇ। ਉਨ੍ਹਾਂ ਦਾ ਭਰਿਆ ਨਿੱਕਾ ਜਿਹਾ ਹੁੰਗਾਰਾ ਹੀ ਗਾਮੇ ਲਈ ਬੜੀ ਵੱਡੀ ਗੱਲ ਹੈ। ਮੈਂਬਰਾਂ ਦੇ ਫਿਕਰ ਵਿਚ ਸਰਪੰਚ ਅਤੇ ਸਫ਼ੈਦ ਪੋਸ਼ ਦਾ ਫ਼ਿਕਰ ਵੀ ਸ਼ਾਮਲ ਹੁੰਦਾ ਏ। ਸਰਪੰਚ ਨੇ ਆਪਣੇ ਖਾਸ ਬੰਦੇ ਰਾਹੀਂ ਗਾਮੇ ਨਾਲ ਸੁਲਾਹ ਸਫ਼ਾਈ ਦੀ ਗੱਲ ਕਰਨੀ ਵੀ ਮਾੜੀ ਨਹੀਂ ਸਮਝੀ। ਸਰਪੰਚ ਅਕਸਰ ਹੀ ਕਹਿੰਦਾ ਰਹਿੰਦਾ ਏ, "ਹੁਣ ਤਾਂ ਸਰਕਾਰਾਂ ਵੀ ਮਿਲੀਆਂ-ਜੁਲੀਆਂ ਬਣਦੀਆਂ। ਧੌਂਸਬਾਜ਼ੀ ਆਲਾ ਤੇ ਇਕੱਲੇ ਚੱਲਣ ਆਲਾ ਜ਼ਮਾਨਾ ਵਗ ਗਿਐ। ਹੁਣ ਤਾਂ ਮਿਲ-ਮਿਲਾ ਕੇ ਚੱਲਣ ਦਾ ਵੇਲਾ।" ਸਰਪੰਚ ਚੰਗੀ ਤਰ੍ਹਾਂ ਮਹਿਸੂਸ ਕਰਦਾ ਕਿ ਆਵਦੀ ਚੌਧਰ ਬਚਾ ਕੇ ਰੱਖਣ ਲਈ ਗਾਮੇ ਨੂੰ ਨਾਲ ਲੈਣਾ ਈ ਪਊ। ਜੇ ਕਿਧਰੇ ਗਾਮੇ ਨੇ ਦੂਸਰੇ ਧੜੇ ਨਾਲ ਅੱਟੀ ਸੱਟੀ ਲਾ ਲਈ ਤਾਂ ਆਉਂਦੀਆਂ ਚੋਣਾਂ 'ਚ ਧੋਬੀ ਪਟੜਾ ਵੀ ਲੱਗ ਸਕਦਾ।

"ਗੁਰਨਾਮ ਸਿਆਂ, ਪਾਰਕ ਬਣਾਉਣ 'ਤੇ ਫਿਰ ਇਹਦਾ ਪ੍ਰਬੰਧ ਚਲਾਉਣ ਆਸਤੇ ਪੰਚਾਇਤ ਨੇ ਇਕ ਕਮੇਟੀ ਬਣਾਉਣੀ ਐ। ਜੇ ਤੂੰ ਹੁੰਗਾਰਾ ਭਰੇ ਤਾਂ ਤੈਨੂੰ ਏਹਦਾ ਸੈਕਟਰੀ ਬਣਵਾ ਦਿੰਨੇ ਆ। ਸਰਪੈਂਚ ਨੇ ਤਾਂ ਸਹਿਮਤ ਨੀਂ ਹੋਣਾ ਤੇਰੇ ਨਾਂ 'ਤੇ, ਪਰ ਏਹ ਮੇਰੀ ਜ਼ੁੰਮੇਦਾਰੀ ਆ - ਮੈਂ ਆਪੇ ਮਨਾ ਲੂੰ। ਪਾਰਕ ਤੋਂ ਆਮਦਨ ਵੀ ਖਾਸੀ ਹੋਊ...। ਆਉਂਦੀਆਂ ਚੋਣਾਂ 'ਚ ਮਿੰਬਰੀ ਵੀ ਤੇਰੀ ਪੱਕੀ-ਭਮੇ ਆਪ ਲੈਂਲੀ ਭਮੇ ਕਿਸੇ ਨੂੰ ਦੁਆਈਂ। ਸੋਚ ਲੈ.... ਜੇ ਮੰਨਦਾ ਚਿੱਤ ਤਾਂ ਚਲਾਮਾ ਗੱਲ ਸਰਪੈਂਚ ਨਾਲ...।" ਸਰਪੰਚ ਦੇ ਏਲਚੀ ਨੇ ਖੜੇ ਪਾਣੀਆਂ ਵਿਚ ਰੋੜਾ ਚਲਦਾ ਮਾਰਿਆ। ਗਾਮਾ ਜਾਣਦਾ ਕਿ ਸਾਰੀ ਘਾੜਤ ਸਰਪੰਚ ਨੇ ਘੜੀ ਉਹ ਕੇਵਲ ਮਿੰਨਾ ਜਿਹਾ ਹੱਸਿਆ ਸੀ, "ਕੋਈ ਨਾ ਵਿਚਾਰ ਲਾਂਗੇ।" ਸਰਪੰਚ ਦਾ ਏਲਚੀ ਕਈ ਦਿਨ ਗਾਮੇ ਦਾ ਮੂੰਹ ਸੁੰਘਦਾ ਰਿਹਾ ਪਰ ਗਾਮੇ ਨੇ ਇਸ ਪੇਸ਼ਕਸ਼ ਨੂੰ ਨਾ ਵਿਚਾਰਿਆ। ਗਾਮੇ ਨੂੰ ਸਰਪੰਚ ਜੁੰਡਲੀ ਦੀ ਨੀਅਤ ਬਾਰੇ ਕਿਸੇ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ। ਗਾਮੇ ਨੇ ਤਾਂ ਆਪਣਾ ਪ੍ਰਚਾਰ ਸਗੋਂ ਤਿੱਖਾ ਕਰ ਦਿੱਤਾ ਸੀ।

"ਪਾਰਕ ਬਣਾਉਣ - ਜੰਮ-ਜੰਮ ਬਣਾਉਣ, ਪਰ ਨੀਤ ਨੀ ਸਾਫ਼ ਇਨ੍ਹਾਂ ਦੀ। ਪੰਚਾਇਤੀ ਥਾਂ ਵਿਹਲੀ ਪਈ ਐਨ ਪਿੰਡ ਦੇ ਵਿਚਕਾਰ - ਉਥੇ ਗੰਦ ਪਿਆ ਰਹਿੰਦਾ। ਉਥੇ ਬਣਾਉਣ ਪਾਰਕ। ਗਿੱਬੂ ਬੋਲਾ ਬਿਨਾਂ ਠੇਕਾ ਦਿੱਤਿਆਂ ਪੰਚਾਇਤੀ ਜ਼ਮੀਨ ਵਾਹੀ ਜਾਂਦਾ ਕਿੰਨੇ ਚਿਰ ਦਾ- ਧੱਕੇ ਨਾਲ ਈ ਨੱਪੀ ਬੈਠਾ। ਉਹਦੇ ਹੇਠੋਂ ਕਿਉਂ ਨਹੀਂ ਕਢਾਉਂਦੇ - ਆਹ ਵਿਹੜੇ ਆਲਿਆਂ ਦੀਆਂ ਰੂੜੀਆਂ ਦੀ ਥਾਂ ਈ ਕਿਉਂ ਉਨ੍ਹਾਂ ਦੀਆਂ ਅੱਖਾਂ 'ਚ ਰੜਕਦੀ।" ਗਾਮੇ ਦੀਆਂ ਗੱਲਾਂ ਅਸਰ ਕਰਦੀਆਂ ਨੇ, ਪਰ ਸਿਰਫ਼ ਉਨ੍ਹਾਂ ਵਿਹੜੇ ਵਾਲਿਆਂ 'ਤੇ ਜਿੰਨਾਂ ਦੇ ਮੁੰਡੇ ਪੜ੍ਹ-ਲਿਖ ਕੇ ਨੌਕਰੀ ਪੇਸ਼ਾ ਹੋ ਗਏ ਨੇ ਜਾਂ ਉਹ ਹੂ-ਹਾਂ ਕਰਦੇ ਨੇ ਜਿਹੜੇ ਸੀਰ-ਸੱਪੇ ਦਾ ਕੰਮ ਛੱਡ ਸ਼ਹਿਰ ਦਿਹਾੜੀਆਂ ਕਰਨ ਜਾ ਲੱਗੇ ਨੇ। ਸ਼ਹਿਰ ਮਿਸਤਰੀਆਂ ਨਾਲ ਦਿਹਾੜੀ ਕਰਨ ਜਾਂਦਾ ਬਿੰਦਾ ਆਖਦਾ, "ਆਪਣੀਆਂ ਰੂੜੀਆਂ ਤੋਂ ਮੁਸ਼ਕ ਆਉਂਦਾ? ਭਾਈ ਸੈਬ ਸ਼ਹਿਰ ਦੇ ਪਾਰਕ ਦੀ ਹਾਤਲ ਦੇਖੋ ਜਾ ਕੇ। ਸਾਰੇ ਸ਼ਹਿਰ ਦਾ ਗੰਦ ਉਥੇ ਸੁੱਟਿਆ ਜਾਂਦਾ। ਗੰਦ ਵਿਚ ਸੂਰ ਪਲਸੇਟੇ ਮਾਰਦੇ ਸਾਰੀ ਦਿਹਾੜੀ। ਲੰਘਿਆ ਨੀਂ ਜਾਂਦਾ ਲਾਗਿਓਂ। ਖਾਧਾ-ਪੀਤਾ ਬਾਹਰ ਆਉਂਦਾ। ਇਹਦੇ ਮੁਕਾਬਲੇ ਤਾਂ ਆਪਣੀਆਂ ਰੂੜੀਆਂ 'ਤੇ ਸਮਝੋ ਅਤਰ ਫਲੇਲ ਛਿੜਕਿਆ ਵਿਐ।" ਬਿੰਦੇ ਦੀ ਗੱਲ 'ਤੇ ਲੋਕ ਹੱਸਦੇ।

"ਪਿੰਡ ਨੂੰ ਸੋਹਣਾ ਬਣਾਉਣ ਦਾ ਇੰਨਾ ਹੀ ਸ਼ੌਕ ਜਾਗਿਆ ਤਾਂ ਪਹਿਲਾਂ ਇਹ ਕੰਮ ਪਿੰਡ ਦੇ ਦੂਜੇ ਪਾਸਿਓਂ ਸ਼ੁਰੂ ਕਰਨ। ਗਿੱਲਾਂ ਦਾ ਸਾਰਾ ਅਗਵਾੜ ਸੜਕ ਕਿਨਾਰੇ ਰੂੜੀਆਂ ਲਾਈ ਬੈਠਾ। ਅੱਧੀ ਸੜਕ ਮੱਲੀ ਪਈ ਆ। ਉਥੋਂ ਕਿਹੜਾ ਲੰਘ ਹੁੰਦਾ... ਉਹ ਨੀਂ ਦੀਂਹਦਾ ਕਿਸੇ ਨੂੰ...।" ਗਾਮੇ ਨੇ ਸਰਪੰਚ ਜੁੰਡਲੀ ਦੀ ਕੋਈ ਦਲੀਲ ਚੱਲਣ ਨਾ ਦਿੱਤੀ। ਆਪਣੀਆਂ ਸਾਰੀਆਂ ਚਾਲਾਂ ਪੁੱਠੀਆਂ-ਪੈਂਦੀਆਂ ਵੇਖ ਜੁੰਡਲੀ ਘਬਰਾਹਟ ਵਿਚ ਆ ਗਈ। ਸਫ਼ੈਦ ਪੋਸ਼ ਦੀਆਂ ਅੱਖਾਂ ਅੱਗੇ ਸਰੋਂ ਫੁੱਲੀ ਰਹਿੰਦੀ। ਗਾਮਾ ਖੁਸ਼ ਸੀ ਕਿ ਇਸ ਮੁੱਦੇ ਕਰਕੇ ਵਿਹੜੇ 'ਚੋਂ ਕਈ ਬੰਦਿਆਂ ਨੂੰ ਉਹ ਹੌਲੀ-ਹੌਲੀ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੋਵੇਗਾ। ਗਾਮੇ ਦਾ ਸੁਹਬਤ ਦਾ ਈ ਅਸਰ ਸੀ ਕਿ ਮਾਸਟਰ ਅਮਰੀਕ ਸਿੰਘ ਦਾ ਪਿਉ 'ਗਿੰਦੂ ਮਜ੍ਹਬੀ' ਵਿਹੜੇ ਵਾਲੇ ਮੈਂਬਰਾਂ ਨੂੰ ਸਿੱਧਾ ਹੋਣ ਲੱਗ ਪਿਆ, "ਮਿੰਬਰਾ ਸਰਪੰਚ ਅਰਗਿਆਂ ਦੀਆਂ ਪਿਆਲੀਆਂ ਚੱਟਣੀਆਂ ਛੱਡ ਦਿਉ।"

ਵਿਹੜੇ ਵਾਲੇ ਮੈਂਬਰਾਂ ਸਰਪੰਚ ਵਲੋਂ ਤਿਆਰ ਕੀਤੀ ਨਵੀਂ ਚਾਲ ਚੱਲੀ। ਉਨ੍ਹਾਂ ਇਹ ਪ੍ਰਚਾਰ ਜ਼ੋਰ-ਸ਼ੋਰ ਨਾਲ ਕੀਤਾ, "ਸਰਪੰਚ ਦੀ ਵਿਹੜੇ ਵਾਲਿਆਂ ਨੂੰ ਪਲਾਟ ਦੇਣ ਦੀ ਸਕੀਮ ਆ... ਇਹ ਗਾਮਾ ਨੀਂ ਪੱਟੀ ਬੱਝਣ ਦਿੰਦਾ। ਏਹ ਗੱਲ ਈ ਨੀਂ ਕਿਸੇ ਸਿਰੇ ਲੱਗਣ ਦਿੰਦਾ। ਸਰਪੈਂਚ ਦੇ ਵਿਰੋਧੀਆਂ ਦੀਆਂ ਉਂਗਲਾਂ 'ਤੇ ਚੜ੍ਹਿਆ ਵਿਐ।" ਮਿੰਬਰਾਂ ਨੇ ਤਾਂ ਇਹ ਵੀ ਆਖਣਾ ਸ਼ੁਰੂ ਕਰ ਦਿੱਤਾ, "ਗਾਮਾ ਰਾਤ ਬਰਾਤੇ ਕਰਦਾ... ਬਥੇਰੇ ਨੋਟ ਕਮਾ ਲਏ ਏਹਨੇ... ਏਹਨੂੰ ਤਾਂ ਹੁਣ ਪਿੰਡ ਆਲਿਆਂ ਦੀ ਲੋੜ ਨੀਂ... ਸਾਡੇ 'ਚੋਂ ਪਾਟਕ ਪਾਉਂਦਾ। ਆਪਣਾ ਭਲਾ ਪਿੰਡ ਆਲਿਆਂ ਬਿਨਾਂ ਕਿਮੇਂ ਸਰਜੂ? ਆਖ਼ਰ ਕਿਸੇ ਹਬੀ-ਨਬੀ ਵਿਚ ਕੰਮ ਪਿੰਡ ਆਲਿਆਂ ਨੇ ਈ ਆਉਣਾ।" ਮੈਂਬਰਾਂ ਦਾ ਇਹ ਪ੍ਰਚਾਰ ਕਾਟ ਕਰਦਾ ਹੈ। ਕਈ ਬੰਦੇ ਆਖਦੇ, "ਹਾਐ ਯਾਰ! ਜਲਸਿਆਂ ਜਲੂਸਾਂ ਵਿਚ ਤੁਰਿਆ ਫਿਰਦਾ ਰਹਿੰਦਾ। ਏਹਦਾ ਸਰਦਾ ਕਿਮੇਂ ਐਂ। ਆਪਾਂ ਇਕ ਦਿਨ ਦਿਹਾੜੀ ਨਾ ਜਾਈਏ, ਚੁੱਲ੍ਹੇ ਅੱਗ ਨੀਂ ਬਲਦੀ... ਇਹ ਕਿਮੈਂ ਟੈਮ ਸਾਰਦਾ। ਗੱਲ ਸੋਚਣ ਆਲੀ ਆ.... ਕੋਈ ਨਾ ਕੋਈ ਤਾਂ ਭੰਨਘੜ ਕਰਦਾ ਈ ਹੋਊ?"

ਮੈਂਬਰਾਂ ਨੇ ਵਿਹੜੇ ਵਾਲੇ ਕਈ ਵਿਹਲੜ ਜਿਹੇ ਬੰਦਿਆਂ ਨੂੰ ਦਾਰੂ ਵੀ ਵਰਤਾਉਣੀ ਸ਼ੁਰੂ ਕੀਤੀ। ਲੋਕ ਰਾਏ ਦਿਨੋ-ਦਿਨ ਗਾਮੇ ਦੇ ਉਲਟ ਹੋਣੀ ਸ਼ੁਰੂ ਹੋਈ। ਇਹ ਚਵਾ-ਚਵੀ, ਖਿੱਚਾ-ਧੂਹੀ ਦੇ ਚਲਦਿਆਂ ਹੀ ਇਕ ਦਿਨ ਪੁਲੀਸ ਦੀ ਧਾੜ ਨੇ ਛਾਪਾ ਮਾਰਿਆ। ਪੁਲੀਸ ਪਿੰਡ ਦੇ ਵਿਚਾਲਿਓਂ ਦੀ ਧੂਹ ਕੇ ਗਾਮੇ ਨੂੰ ਥਾਣੇ ਲੈ ਗਈ। "ਮੇਰਾ ਕਸੂਰ ਤਾਂ ਦੱਸੋ... ਮੇਰਾ ਕਸੂਰ ਤਾਂ ਦੱਸੋ।" ਕਰਦਾ ਗਾਮਾ ਰੌਲਾ ਪਾਉਂਦਾ ਰਿਹਾ।

"ਦਿਨ ਦਿਹਾੜੇ ਪੋਸਤ ਵੇਚਦਾਂ... ਅਜੇ ਕਸੂਰ ਪੁੱਛਦੈਂ। ਆਹ ਪੋਸਤ ਦਾ ਥੈਲਾ ਘਰੇ ਕਿਵੇਂ ਆ ਗਿਆ ਤੇਰੇ...।" ਦੋ ਸਟਾਰਾਂ ਆਲੇ ਥਾਣੇਦਾਰ ਨੇ ਲੋਕਾਂ ਨੂੰ ਪੋਸਤ ਦਾ ਥੈਲਾ ਵਿਖਾਉਂਦਿਆਂ ਆਖਿਆ ਸੀ। ਗਾਮਾ ਰੌਲਾ ਪਾਉਂਦਾ ਰਿਹਾ ਕਿ ਉਸ ਨੂੰ ਨਾਜਾਇਜ਼ ਫਸਾਇਆ ਜਾ ਰਿਹਾ ਪਰ ਉਸ ਦੀ ਗੱਲ ਕਿਸੇ ਨੇ ਸੁਣੀ ਹੀ ਨਹੀਂ ਸੀ। ਗਾਮੇ ਦਾ ਪਿਉ ਖ਼ੁਦ ਸਰਪੰਚ ਕੋਲ ਗਿਆ ਕਿ ਉਹ ਥਾਣੇਦਾਰ ਨੂੰ ਜਾ ਕੇ ਮਿਲੇ। ਪਿੰਡ ਦੇ ਕਈ ਬੰਦਿਆਂ ਦੀ ਹਾਜ਼ਰੀ ਵਿਚ ਸਰਪੰਚ, ਥਾਣੇਦਾਰ ਨੂੰ ਮਿਲਿਆ। ਮੌਕੇ 'ਤੇ ਜਿਹੜੇ ਨਾਲ ਸਨ, ਉਨ੍ਹਾਂ ਪਿੰਡ ਆ ਕੇ ਦੱਸਿਆ, "ਸਰਪੈਂਚ ਨੇ ਆਵਦੀ ਗਰੰਟੀ ਦਿੱਤੀ ਵਈ ਮੁੰਡਾ ਇਹ ਕੰਮ ਨੀਂ ਕਰ ਸਕਦਾ। ਮੁੰਡਾ ਜਮ੍ਹਾਂ ਬੇਦੋਸ਼ਾ। ਸਰਪੈਂਚ ਨੇ ਬੜਾ ਜ਼ੋਰ ਲਾਇਆ ਵਈ ਮੁੰਡੇ ਨੂੰ ਛੱਡੋ। ਥਾਣੇਦਾਰ ਨੇ ਪੈਰਾਂ 'ਤੇ ਪਾਣੀ ਈ ਨੀਂ ਪੈਣ ਦਿੱਤਾ। ਉਹ ਕਹਿੰਦਾ - ਮੁੰਡਾ ਪੱਕਾ ਬਲੈਕੀਆ-ਦੋ ਟਰੱਕ ਮੰਨਿਆ ਪੋਸਤ ਦੇ। ਉਹਦੀ ਗ੍ਰਿਫ਼ਤਾਰੀ ਪਾ ਦਿੱਤੀ ਆ.... ਐਂ ਕਿਵੇਂ ਛੱਡ ਦੇਈਏ। ਸਰਪੈਂਚ ਕੀ ਕਰਦਾ? ਉਹਦੀ ਤਾਂ ਸਗਮਾ ਥਾਣੇਦਾਰ ਨੇ ਬੇਜ਼ਤੀ ਕਰਤੀ ਅਖੇ ਤੁਸੀਂ ਸਮਾਜ ਵਿਰੋਧੀ ਤੱਤਾਂ ਦੀ ਸਪੋਰਟ ਕਰਾਉਨੇ ਓਇ।"

ਵਿਹੜੇ ਵਾਲੇ ਸਰਪੰਚ ਦੇ ਗੁਣ ਗਾਉਂਦੇ, "ਗਾਮਾ ਕਿੰਨਾ ਮਾੜਾ-ਚੰਗਾ ਬੋਲਦਾ ਸੀ... ਸਰਪੈਂਚ ਫੇਰ ਵੀ ਥਾਣੇ ਗਿਆ ਉਹਦੇ ਮਗਰ। ਏਹ ਹੁੰਦੀ ਆ ਖਾਨਦਾਨੀ ਦੀ ਨਿਸ਼ਾਨੀ.... ਐਂ ਭਲਾ ਸਰਕਾਰਾਂ ਦੀ ਬਰੋਬਰੀ ਹੁੰਦੀ...?"

"ਸਾਂਊ... ਬਰੋਬਰੀ ਕਰਨ ਦਾਂ ਲੈਂ ਲਿਆਂ ਕਨੀ ਸੁਆਂਧ। ਹੁਣ ਛੀਂ ਮੀਨ੍ਹੀਂ ਜਮਾਂਨਤ ਹੋਊ।" ਨੰਜਣ ਨੰਗ ਦਾ ਕਾਨੂੰਨੀ ਨੁਕਤਾ ਸੀ।

ਵਿਹੜੇ ਵਾਲੇ ਦੋ-ਚਾਰ 'ਗਿੰਦੂ' ਵਰਗੇ ਬੰਦਿਆਂ ਨੂੰ ਹੀ ਪਤਾ ਸੀ ਕਿ ਸਰਪੰਚ ਥਾਣੇਦਾਰ ਦੀਆਂ ਇਕੱਠੀਆਂ ਚਰਦੀਆਂ। ਉਨ੍ਹਾਂ ਨੂੰ ਇਨਸਾਫ਼ ਦੀ ਆਸ ਤਾਂ ਕੋਈ ਨਹੀਂ ਸੀ ਪਰ ਫੇਰ ਵੀ ਭਾਈਚਾਰੇ ਦੇ ਚਾਰ ਮੋਹਤਬਰ ਬੰਦਿਆਂ ਇਕੱਠੇ ਹੋ ਕੇ ਥਾਣੇਦਾਰ ਨੂੰ ਮਿਲਣਾ ਵਾਜਬ ਸਮਝਿਆ ਸੀ। ਥਾਣੇਦਾਰ ਉਨ੍ਹਾਂ ਨੂੰ ਅੱਗਿਉਂ ਚਾਰੇ ਖੁਰ ਚੱਕ ਕੇ ਪੈ ਗਿਆ ਸੀ, "ਹੱਛਾ! ਇਕ ਤਾਂ ਪੰਚੈਤੀ ਜ਼ਮੀਨ 'ਚ ਲਾਉਂ ਜੈਜ਼ ਰੂੜੀਆਂ... ਉਤੋਂ ਕਰੋਂ ਸੀਨਾ ਜ਼ੋਰੀ। ਨਾਲੇ ਵੇਚੋ ਅਫ਼ੀਮ... ਡੋਡੇ... ਥੋਨੂੰ ਤਾਂ ਮੈਂ ਕੱਲੇ-ਕੱਲੇ ਨੂੰ ਅੰਦਰ ਦੇਊਂ... ਆਗੇ ਵੱਡੇ ਪੰਚੈਤੀ ਬਣ ਕੇ।" ਤੇ ਇਹ 'ਮੋਹਤਬਰ' ਆਪਣਾ ਮੂੰਹ ਲੈ ਕੇ ਵਾਪਸ ਆ ਗਏ। ਇਨ੍ਹਾਂ ਮੋਹਤਬਰਾਂ ਫਿਰਨੀ ਤੋਂ ਲੰਘਦਿਆਂ ਅਜਬ ਈ ਕੌਤਕ ਵੇਖਿਆ ਸੀ। ਵੱਡੀ ਕਰੇਨ ਨੇ ਰੂੜੀਆਂ ਛੱਪੜ ਵਿਚ ਸੁੱਟ ਕੇ ਬਿਲਕੁਲ ਪੱਧਰਾ ਕਰਦਾ ਦਿੱਤਾ। ਲੱਗਦਾ ਦੇ ਕਈ ਬੰਦੇ ਕਹੀਆਂ ਨਾਲ ਅਜੇ ਵੀ ਥਾਂ ਸੁਆਰ ਰਹੇ ਸਨ। ਨੰਜਣ ਨੰਗ ਦਾਰੂ ਵਾਲੀ ਕੈਨੀ ਨਾਲ ਕਾਮਿਆਂ ਨੂੰ ਦਾਰੂ ਵਰਤਾਉਂਦਾ ਫਿਰਦਾ ਸੀ। ਗਿੰਦੂ ਨੂੰ ਵੇਖਦਿਆਂ ਨੰਜਣ ਨੰਗ ਨੇ ਸੁਣਾ ਕੇ ਆਖਿਆ, "ਚੰਕਤੀਆਂ ਸਰਪੈਂਚ ਸਾਂਬ ਨੇ ਬਾਂਰ੍ਹਾਂ 'ਚੋਂ ਰੂੰੜੀਆਂ" ਗਿੰਦੂ ਅਤੇ ਨਾਲ ਦੇ ਭਰੇ ਪੀਤੇ ਕੋਲ ਦੀ ਲੰਘ ਗਏ ਸਨ।

ਅੱਧੀ ਰਾਤ ਗਏ ਪਿੰਡ 'ਚ ਲਲਕਾਰੇ ਵੱਜਦੇ ਰਹੇ, "ਸਾਡੇ ਬਾਂਰ੍ਹਾਂ ਮੂਹਰਿਓਂ ਤਾਂ ਰੂੜੀਆਂ ਚੱਕਤੀਆਂ ਸਰਪੈਂਚਾਂ... ਸੋਡੇ ਡਮਾਕਾਂ 'ਚ ਲੱਗੀਆਂ ਰੂੜੀਆਂ ਹਉਣ ਅਸੀਂ ਚੱਕਾਂਗੇ।" ਪਰ ਇਹ ਲਲਕਾਰੇ ਸਰਪੰਚਾਂ ਦੇ ਘਰਾਂ ਵੱਲੀਂ ਈ ਸੁਣੇ ਗਏ, ਵਿਹੜੇ ਵਾਲੇ ਤਾਂ ਘੂਕ ਸੁੱਤੇ ਪਏ ਸਨ। ਉਨ੍ਹਾਂ ਨੂੰ ਸਾਝਰੇ ਉਠਦਿਆਂ ਹੀ ਪਤਾ ਲੱਗਾ,

"ਗਿੰਦੂ ਨੂੰ ਪੁਲੀਸ ਫੜ ਕੇ ਲੈ ਗਈ ਐ... ਗਾਮੇ ਨੇ ਨਾਂ ਲਿਆ ਵਈ ਮੈਂ ਤੇ ਗਿੰਦੂ ਰਲ ਕੇ ਬਲੈਕ ਕਰਦੇ ਸੀ।"

ਹਿੰਦੀ ਕਹਾਣੀ

# ਚੂਹਾ ਅਤੇ ਮੈਂ



ਹਰੀਸ਼ੰਕਰ ਪਰਸਾਈ

ਇਹ ਕਹਾਣੀ ਸਟੀਨ ਬੇਕ ਦੇ ਛੋਟੇ ਜਿਹੇ ਨਾਵਲ 'ਆਫ਼ ਮੈਨ ਐਂਡ ਮਾਊਸ' ਤੋਂ ਵਖਰੀ ਹੈ। ਚਾਹੁੰਦਾ ਤਾਂ ਇਸ ਲੇਖ ਦਾ ਸਿਰਲੇਖ 'ਮੈਂ ਅਤੇ ਚੂਹਾ' ਰੱਖ ਸਕਦਾ ਸੀ ਪਰ ਮੇਰੇ ਅਹੰਕਾਰ ਨੂੰ ਇਸ ਚੂਹੇ ਨੇ ਨੀਵਾਂ ਕਰ ਦਿੱਤਾ ਹੈ। ਜਿਹੜਾ ਮੈਂ ਨਹੀਂ ਕਰ ਸਕਦਾ, ਉਹ ਮੇਰੇ ਘਰ ਦਾ ਚੂਹਾ ਕਰ ਲੈਂਦਾ ਹੈ। ਜਿਹੜਾ ਇਸ ਦੇਸ਼ ਦਾ ਸਾਧਾਰਣ ਆਦਮੀ ਨਹੀਂ ਕਰ ਸਕਦਾ, ਉਹ ਇਸ ਚੂਹੇ ਨੇ ਮੇਰੇ ਨਾਲ ਕਰ ਕੇ ਵਿਖਾ ਦਿੱਤਾ।

ਇਸ ਘਰ ਵਿਚ ਇਕ ਮੋਟਾ ਚੂਹਾ ਹੈ। ਜਦ ਛੋਟੇ ਭਰਾ ਦੀ ਪਤਨੀ ਘਰ ਸੀ, ਤਦ ਉਹ ਰੋਟੀ ਬਣਾਉਂਦੀ ਹੁੰਦੀ ਸੀ। ਇਸੇ ਦੌਰਾਨ ਪਰਿਵਾਰਕ ਉਥਲ-ਪੁਥਲ-ਭਣੋਈਏ ਦੀ ਮੌਤ ਆਦਿ ਦੇ ਕਾਰਨ ਸਾਨੂੰ ਘਰੋਂ ਬਾਹਰ ਰਹਿਣਾ ਪਿਆ। ਇਸ ਚੂਹੇ ਨੇ ਆਪਣਾ ਇਹ ਅਧਿਕਾਰ ਮੰਨ ਲਿਆ ਕਿ ਮੈਨੂੰ ਖਾਣ ਲਈ ਇਸੇ ਘਰ ਵਿਚੋਂ ਮਿਲੇਗਾ। ਇਹੋ ਜਿਹਾ ਅਧਿਕਾਰ ਤਾਂ ਆਦਮੀ ਵੀ ਅੱਜ ਤਕ ਨਹੀਂ ਮੰਨ ਸਕਿਆ। ਚੂਹੇ ਨੇ ਮੰਨ ਲਿਆ।

ਘਰ ਲਗਭਗ ਪੰਝਤਾਲੀ ਦਿਨ ਬੰਦ ਪਿਆ ਰਿਹਾ। ਮੈਂ, ਜਦੋਂ 'ਕੱਲਾ ਵਾਪਸ ਆਇਆ, ਘਰ ਖੋਲ੍ਹਿਆ ਤਾਂ ਵੇਖਿਆ ਚੂਹੇ ਨੇ ਕਾਫ਼ੀ 'ਕਰਾਕਰੀ' ਫਰਸ਼ 'ਤੇ ਸੁੱਟ ਕੇ ਤੋੜ ਦਿੱਤੀ ਸੀ। ਉਸ ਨੇ ਕੁਝ ਖਾਣ ਦੀ ਤਲਾਸ਼ ਵਿਚ ਭੱਜ-ਨੱਠ ਕੀਤੀ ਹੋਵੇਗੀ, ਕਰਾਕਰੀ ਅਤੇ ਡੱਬਿਆਂ 'ਚੋਂ ਖਾਣ ਲਈ ਲੱਭਿਆ ਹੋਵੇਗਾ। ਉਸ ਨੂੰ ਖਾਣ ਲਈ ਨਹੀਂ ਮਿਲਦਾ ਹੋਵੇਗਾ, ਤਾਂ ਪੜੋਸ ਵਿਚ ਜਾ ਕੇ ਕੁਝ ਖਾ ਲੈਂਦਾ ਹੋਵੇਗਾ। ਅਤੇ ਜਿਉਂਦਾ ਰਹਿੰਦਾ ਹੋਵੇਗਾ। ਪਰ ਉਸ ਨੇ ਘਰ ਨਹੀਂ ਛੱਡਿਆ। ਉਸ ਨੇ ਇਸੇ ਘਰ ਨੂੰ ਆਪਣਾ ਘਰ ਮੰਨ ਲਿਆ ਸੀ। ਜਦ ਮੈਂ ਘਰ ਵੜਿਆ, ਬਿਜਲੀ ਜਗਾਈ ਤਾਂ ਮੈਂ ਵੇਖਿਆ ਕਿ ਉਹ ਖੁਸ਼ੀ ਨਾਲ ਚਹਿਕਦਾ ਹੋਇਆ ਏਧਰੋਂ-ਉਧਰ ਨੂੰ ਦੌੜ ਰਿਹਾ ਹੈ। ਉਹ, ਸ਼ਾਇਦ ਸਮਝ ਗਿਆ ਸੀ ਕਿ ਹੁਣ ਇਸ ਘਰ ਵਿਚ ਖਾਣਾ ਪੱਕੇਗਾ, ਡੱਬੇ ਖੁਲ੍ਹਣਗੇ ਅਤੇ ਉਹਦੀ ਖੁਰਾਕ ਉਹਨੂੰ ਮਿਲੇਗੀ।

ਦਿਨ ਭਰ ਉਹ ਖੁਸ਼ੀ ਨਾਲ ਸਾਰੇ ਘਰ ਵਿਚ ਘੁੰਮਦਾ ਰਿਹਾ। ਉਹਦੀ ਖੁਸ਼ੀ ਮੈਨੂੰ ਅੱਛੀ-ਅੱਛੀ ਲੱਗੀ। ਪਰ ਘਰ ਵਿਚ ਖਾਹਣਾ ਬਣਨਾ ਸ਼ੁਰੂ ਨਾ ਹੋਇਆ। ਮੈਂ 'ਕੱਲਾ ਸੀ। ਭੈਣ, ਜਿਹੜੀ ਨੇੜੇ ਹੀ ਰਹਿੰਦੀ ਸੀ, ਦੇ ਘਰ ਦੁਪਹਿਰ ਦੀ ਰੋਟੀ ਖਾ ਲੈਂਦਾ ਸਾਂ। ਰਾਤ ਨੂੰ ਦੇਰ ਨਾਲ ਖਾਂਦਾ, ਇਸ ਲਈ ਉਹ ਰੋਟੀ ਦਾ ਡੱਬਾ ਭੇਜ ਦੇਂਦੀ। ਰੋਟੀ ਖਾ ਕੇ ਡੱਬਾ ਬੰਦ ਕਰ ਕੇ ਰੱਖ ਦਿੰਦਾ। ਚੂਹਾ ਰਾਮ ਨਿਰਾਸ਼ ਹੋ ਰਹੇ ਸਨ। ਸੋਚਦੇ ਹੋਣਗੇ ਇਹ ਕਿਹੋ ਜਿਹਾ ਘਰ ਹੈ। ਆਦਮੀ ਆ ਗਿਆ ਹੈ। ਰੋਸ਼ਨੀ ਵੀ ਹੈ। ਪਰ ਰੋਟੀ ਨਹੀਂ ਬਣਦੀ। ਖਾਣਾ ਬਣਦਾ ਤਾਂ ਕੁਝ ਖਿਲਰੇ ਦਾਣੇ ਜਾਂ ਰੋਟੀ ਦੇ ਨੁਕੜੇ ਉਹਨੂੰ ਵੀ ਮਿਲ ਜਾਂਦੇ।

ਮੈਨੂੰ ਇਕ ਨਵਾਂ ਅਨੁਭਵ ਹੋਇਆ। ਰਾਤ ਨੂੰ ਚੂਹਾ ਵਾਰ-ਵਾਰ ਆਉਂਦਾ ਅਤੇ ਸਿਰ ਵਾਲੇ ਪਾਸੇ ਦੀ ਮੱਛਰਦਾਨੀ 'ਤੇ ਚੜ੍ਹ ਕੇ ਕੁਲਬਲਾਂਦਾ। ਰਾਤ ਨੂੰ ਕਈ ਵਾਰ ਮੇਰੀ ਨੀਦੀ ਟੁਟਦੀ। ਮੈਂ ਉਸ ਨੂੰ ਨਠਾਉਂਦਾ। ਪਰ ਥੋੜ੍ਹੀ ਦੇਰ ਬਾਅਦ ਉਹ ਫਿਰ ਆ ਜਾਂਦਾ ਅਤੇ ਮੇਰੇ ਸਿਰ ਦੇ ਕੋਲ ਆ ਕੇ ਹਲਚਲ ਮਚਾਉਂਦਾ।

ਉਹ ਭੁੱਖਾ ਸੀ। ਪਰ ਉਸ ਨੂੰ ਸਿਰ ਅਤੇ ਪੈਰ ਦੀ ਸਮਝ ਕਿਵੇਂ ਆਈ? ਉਹ ਮੇਰੇ ਪੈਰਾਂ ਵਾਲੇ ਪਾਸੇ ਗੜਬੜ ਨਹੀਂ ਕਰਦਾ ਸੀ। ਸਿੱਧਾ ਸਿਰ ਵੱਲ ਆਉਂਦਾ ਅਤੇ ਗੜਬੜ ਸ਼ੁਰੂ ਕਰ ਦੇਂਦਾ। ਇਕ ਦਿਨ ਉਹ ਮੱਛਰਦਾਨੀ ਵਿਚ ਵੜ ਗਿਆ। ਮੈਂ ਬਹੁਤ ਪ੍ਰੇਸ਼ਾਨ ਸਾਂ। ਕੀ ਕਰਾਂ? ਇਹਨੂੰ ਮਾਰਾਂ ਅਤੇ ਇਹ ਕਿਸੇ ਅਲਮਾਰੀ ਦੇ ਥੱਲ੍ਹੇ ਜਾ ਕੇ ਮਰ ਜਾਵੇਗਾ, ਤਾਂ ਸੜੇਗਾ ਅਤੇ ਸਾਰਾ ਘਰ ਬਦਬੂ ਨਾਲ ਭਰ ਜਾਵੇਗਾ। ਫੇਰ ਅਲਮਾਰੀ ਨੂੰ ਹਟਾ ਕੇ ਉਹਨੂੰ ਕੱਢਣਾ ਪਵੇਗਾ।

ਚੂਹਾ ਦਿਨ ਭਰ ਬੇਚੈਨ ਰਹਿੰਦਾ ਅਤੇ ਰਾਤ ਨੂੰ ਮੈਨੂੰ ਤੰਗ ਕਰਦਾ। ਮੈਨੂੰ ਨੀਂਦ ਆਉਂਦੀ ਪਰ ਚੂਹਾ ਮੇਰੇ ਸਿਰ ਕੋਲ ਆ ਕੇ ਫੁਸ-ਫੁਸ ਕਰਨ ਲਗਦਾ। ਆਖ਼ਰ ਇਕ ਦਿਨ ਮੈਨੂੰ ਸਮਝ ਆਈ ਕਿ ਚੂਹੇ ਨੂੰ ਤਾਂ ਖਾਣਾ ਚਾਹੀਦਾ ਹੈ। ਉਸ ਨੇ ਇਸ ਘਰ ਨੂੰ ਆਪਣਾ ਘਰ ਮੰਨ ਲਿਆ ਹੈ। ਉਹ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੈ। ਉਹ ਰਾਤ ਨੂੰ ਮੇਰੇ ਸਰਹਾਣੇ ਆ ਕੇ ਸ਼ਾਇਦ ਮੈਨੂੰ ਕਹਿੰਦਾ ਹੈ - ਓਏ , ਆ ਗਿਆ ਏਂ। ਤੂੰ ਆਪ ਰੱਜ ਕੇ ਖਾ ਰਿਹਾ ਏਂ ਮੈਂ ਭੁੱਖਾਂ ਮਰ ਰਿਹਾ ਹਾਂ। ਮੈਂ ਇਸ ਘਰ ਦਾ ਮੈਂਬਰ ਹਾਂ। ਮੇਰਾ ਵੀ ਹੱਕ ਹੈ। ਮੈਂ ਤੇਰੀ ਨੀਂਦ ਹਰਾਮ ਕਰ ਦੇਵਾਂਗਾ। ਤਦ ਮੈਂ ਉਸ ਦੀ ਮੰਗ ਪੂਰੀ ਕਰਨ ਦੀ ਤਰਕੀਬ ਕੱਢੀ।

ਰਾਤ ਨੂੰ ਮੈਂ ਰੋਟੀ ਦਾ ਡੱਬਾ ਖੋਲ੍ਹਿਆ ਤਾਂ ਪਾਪੜ ਦੇ ਟੁਕੜੇ ਏਧਰ-ਓਧਰ ਖਿਲਾਰ ਦਿੱਤੇ। ਚੂਹਾ ਕਿਤੋਂ ਨਿਕਲ ਆਇਆ ਅਤੇ ਇਕ ਟੁਕੜਾ ਚੁਕ ਕੇ ਅਲਮਾਰੀ ਥੱਲੇ ਬੈਠ ਕੇ ਖਾਣ ਲੱਗਾ। ਰੋਟੀ ਖਾ ਲੈਣ ਬਾਅਦ ਮੈਂ ਰੋਟੀ ਦੇ ਕੁਝ ਟੁਕੜੇ ਫਰਸ਼ 'ਤੇ ਸੁੱਟ ਦਿੱਤੇ। ਸਵੇਰੇ ਵੇਖਿਆ ਉਹ ਸਭ ਖਾ ਗਿਆ ਸੀ।

ਇਕ ਦਿਨ ਭੈਣ ਨੇ ਚੌਲਾਂ ਦੇ ਪਾਪੜ ਭੇਜੇ। ਮੈਂ ਤਿੰਨ-ਚਾਰ ਟੁਕੜੇ ਫਰਸ਼ 'ਤੇ ਰੱਖ ਦਿੱਤੇ। ਚੂਹਾ ਆਇਆ, ਸੁੰਘਿਆ ਅਤੇ ਮੁੜ ਗਿਆ। ਉਸ ਨੂੰ ਚੌਲਾਂ ਦੇ ਪਾਪੜ ਪਸੰਦ ਨਹੀਂ। ਮੈਂ ਚੂਹੇ ਦੀ ਪਸੰਦ 'ਤੇ ਹੈਰਾਨ ਰਹਿ ਗਿਆ। ਮੈਂ ਰੋਟੀ ਦੇ ਕੁਝ ਟੁਕੜੇ ਪਾ ਦਿੱਤੇ। ਉਹ ਇਕ ਇਕ ਕਰ ਕੇ ਟੁਕੜੇ ਲੈ ਜਾਣ ਲੱਗਾ।

ਹੁਣ, ਇਹ ਰੋਜ਼ ਦਾ ਕੰਮ ਹੋ ਗਿਆ। ਮੈਂ ਡੱਬਾ ਖੋਲ੍ਹਦਾ ਤਾਂ ਚੂਹਾ ਨਿਕਲ ਕੇ ਵੇਖਣ ਲਗਦਾ। ਮੈਂ ਇਕ -ਦੋ ਟੁਕੜੇ ਪਾ ਦੇਂਦਾ। ਉਹ ਅਰਾਮ ਨਾਲ ਚੁੱਕ ਕੇ ਲੈ ਜਾਂਦਾ। ਪਰ, ਇਹਦੇ ਨਾਲ ਉਹਦੀ ਭੁੱਖ ਸ਼ਾਂਤ ਨਹੀਂ ਸੀ ਹੁੰਦੀ। ਮੈਂ ਖਾਣਾ ਖਾ ਲੈਣ ਬਾਅਦ ਰੋਟੀ ਦੇ ਟੁਕੜੇ ਫਰਸ਼ 'ਤੇ ਰੱਖ ਦੇਂਦਾ। ਉਹ ਰਾਤ ਨੂੰ ਉਨ੍ਹਾਂ ਨੂੰ ਖਾ ਲੈਂਦਾ ਅਤੇ ਸੌਂ ਜਾਂਦਾ। ਏਧਰ ਮੈਂ ਵੀ ਚੈਨ ਦੀ ਨੀਂਦ ਸੌਣ ਲੱਗਾ। ਚੂਹਾ ਮੇਰੇ ਸਿਰ ਦੇ ਕਰੀਬ ਆ ਗੜਬੜ ਨਹੀਂ ਸੀ ਕਰਦਾ।

ਫੇਰ ਉਹ ਕਿਧਰੋਂ ਆਪਣੇ ਇਕ ਭਰਾ ਨੂੰ ਲੈ ਆਇਆ। ਕਿਹਾ ਹੋਵੇਗਾ - "ਚਲ ਓਏ, ਮੇਰੇ ਨਾਲ ਉਸ ਘਰ ਵਿਚ। ਮੈਂ ਉਸ ਰੋਟੀ ਵਾਲੇ ਨੂੰ ਤੰਗ ਕਰ ਕੇ, ਡਰਾ ਕੇ ਖਾਣਾ ਕਢਵਾ ਲਿਆ ਹੈ। ਚਲ, ਦੋਵੇਂ ਖਾਵਾਂਗੇ। ਉਸ ਦਾ ਪਿਓ ਵੀ ਖਾਣ ਨੂੰ ਦੇਵੇਗਾ, ਸਾਨੂੰ। ਨਹੀਂ ਤਾਂ ਅਸੀਂ ਨੀਂਦ ਹਰਾਮ ਕਰ ਦੇਵਾਂਗੇ। ਸਾਡਾ ਹੱਕ ਹੈ।"

ਹੁਣ, ਦੋਵੇਂ ਚੂਹੇ ਰਾਮ ਮਜ਼ੇ ਨਾਲ ਖਾ ਰਹੇ ਹਨ।

ਪਰ ਮੈਂ ਸੋਚਦਾ ਹਾਂ - ਆਦਮੀ ਕੀ ਚੂਹੇ ਤੋਂ ਬਦਤਰ ਹੋ ਗਿਆ ਹੈ? ਚੂਹਾ ਤਾਂ ਆਪਣੀ ਰੋਟੀ ਦੇ ਹੱਕ ਲਈ ਮੇਰੇ ਸਿਰ 'ਤੇ ਚੜ੍ਹ ਜਾਂਦਾ ਹੈ, ਮੇਰੀ ਨੀਂਦ ਹਰਾਮ ਕਰ ਦੇਂਦਾ ਹੈ? ਇਸ ਦੇਸ਼ ਦਾ ਆਦਮੀ ਕਦ ਚੂਹੇ ਦੀ ਤਰ੍ਹਾਂ ਵਿਹਾਰ ਕਰੇਗਾ?

**ਅਨੁਵਾਦ : ਜਗਤਾਰਜੀਤ**

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

## ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

# Classified Plus

*Looking IMMEDIATELY for a mature and responsible person to take care of our twin 1 year old boys at our home in Winnipeg. Must have experience providing care for young children. CPR and First aid certification preferred. Will pay minimum wage minus room & board and adhere to all regulations. Please send resume and details by email to rooms2go@gmail.com.*

## ਨੈਨੀ ਦੀ ਲੋੜ

ਬਜੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)



## City Estates

**All Types of Property, Plots & Kothis available for Sale & Purchase in Chandigarh/Mohali/ Panchkula.**

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ
ਖਰੀਦਣ ਤੇ ਵੇਚਣ ਲਈ ਇਕ ਭਰੋਸੇਮੰਦ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।
*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

**780-478-1811**

# Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL
REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





**Cell: 780-909-5154**

**9222-51 Avenue, Edmonton, AB T6E 5L8**

**Phone: 780-439-9818, Fax: 780-439-1257**


25th Annual Memorial BANQUET
hosted by the
Mahatma Gandhi Canadian Foundation for World Peace
Keynote speaker
Rajagopal P.V.
Gandhian activist
& visiting scholar
Commemorating the birth of Mahatma Gandhi; raising funds for flood stricken areas in Alberta and Northern India; and celebrating our 25th year as a foundation.
Wednesday, October 2nd, 2013
Maharaja Banquet Hall
9257 34A Ave N.W.
Edmonton, Alberta
Tickets: $50.00 per person
Students: $25.00
Additional donations for flood relief are welcome.
For tickets or more information visit:
www.gandhifoundation.ca



# ਪ੍ਰਕਾਸ਼ ਝਾ ਦਾ ਵਪਾਰਕ

# ਸਤਿਆਗ੍ਰਹਿ

ਰਵੀ ਬੁਲੇ

ਅਜਿਹੇ ਆੜੇ ਸਮੇਂ ਜਦੋਂ ਜੇਬ ਵਿਚ ਰੱਖ ਰੁਪਏ ਦੀ ਕੀਮਤ ਘੱਟ ਰਹੀ ਹੈ, ਪ੍ਰਕਾਸ਼ ਝਾ ਦੇ 'ਸਤਿਆਗ੍ਰਹਿ' ਤੋਂ ਤੁਸੀਂ ਥੋੜ੍ਹਾ ਦੂਰ ਰਹੋਗੇ ਤਾਂ ਕੁਝ ਗੁਆਓਂਗੇ ਨਹੀਂ। ਇਹ ਅੰਨਾ ਹਜ਼ਾਰੇ ਦਾ ਸਤਿਆਗ੍ਰਹਿ ਨਹੀਂ ਹੈ, ਜਿਸ ਨੂੰ ਸਾਡੇ ਗਣਤੰਤਰ ਦੇ ਜਨ ਨੇ ਤਨ-ਮਨ-ਧਨ ਨਾਲ ਸਿੰਜਿਆ ਸੀ। ਇਹ ਪ੍ਰਕਾਸ਼ ਝਾ ਦਾ ਵਪਾਰਕ ਸਤਿਆਗ੍ਰਹਿ ਹੈ, ਜਿਸ ਦੀ ਪੋਲ ਪਹਿਲਾਂ ਦਸ ਮਿੰਟ ਵਿਚ ਹੀ ਖੁਲ੍ਹ ਜਾਂਦੀ ਹੈ। ਵਿਚਾਰ ਦੀ ਆੜ ਵਿਚ ਤੁਹਾਡੇ ਸਾਹਮਣੇ ਬਾਜ਼ਾਰ ਪਰੋਸਿਆ ਜਾਂਦਾ ਹੈ। ਪੂਰੀ ਫ਼ਿਲਮ ਵਿਚ ਪ੍ਰਕਾਸ਼ ਝਾ ਚਾਵਲ, ਕੱਛਾ-ਬਨਿਆਣ, ਨਿਊਜ਼ ਚੈਨਲ, ਸੀਮਿੰਟ ਅਤੇ ਸਾਈਕਲ ਵੇਚਦੇ ਨਜ਼ਰ ਆਉਂਦੇ ਹਨ। ਉਤਪਾਦਾਂ ਦੇ 'ਇਨ-ਫ਼ਿਲਮ-ਪ੍ਰਮੋਸ਼ਨ' ਦਾ ਫੂਹੜ ਰੂਪ ਇਥੇ ਮੌਜੂਦ ਹੈ। ਇਹ ਪ੍ਰਯੋਜਿਤ ਸੱਤਿਆਗ੍ਰਹਿ ਹੈ। ਪ੍ਰਕਾਸ਼ ਝਾ ਦਾ ਤਰਕ ਹੈ ਕਿ ਲਾਲਚ ਨਹੀਂ ਕਰਾਂਗੇ ਤਾਂ ਤਰੱਕੀ ਕਿਸ ਤਰ੍ਹਾਂ ਕਰਾਂਗੇ। ਬਰਾਂਡ ਨਹੀਂ ਦਿਖਾਵਾਂਗੇ ਤਾਂ ਫ਼ਿਲਮਾਂ ਕਿਸ ਤਰ੍ਹਾਂ ਬਣਨਗੀਆਂ ? ਜੇਕਰ ਇਹੀ ਸੱਚ ਹੈ ਤਾਂ ਫ਼ਿਰ ਡੇਵਿਡ ਧਵਨ, ਅਨੁਭਵ ਕਸ਼ਯਪ ਅਤੇ ਰੋਹਿਤ ਸ਼ੇਟੀ ਦਾ ਸਿਨੇਮਾ ਕੀ ਬੁਰਾ ਹੈ।

ਗੋਬਿੰਦ ਨਿਹਲਾਨੀ, ਸ਼ਿਆਮ ਬੇਨੇਗਲ ਅਤੇ ਪ੍ਰਕਾਸ਼ ਝਾ ਦੀ ਜ਼ਰੂਰਤ ਕੀ ਹੈ ? ਦਿੱਲੀ ਤੋਂ ਪ੍ਰੇਰਿਤ ਹੋ ਕੇ ਪ੍ਰਕਾਸ਼ ਝਾ ਅੰਬਿਕਾਪੁਰ ਵਿਚ ਆਪਣੀ ਫ਼ਿਲਮ ਦਾ ਕੈਨਵਸ ਰਚਦੇ ਹਨ। ਸੱਚ ਵੀ ਹੈ। ਜ਼ਰੂਰੀ ਨਹੀਂ ਕਿ ਦਿੱਲੀ ਵਿਚ ਕ੍ਰਾਂਤੀ ਹੋਵੇ ਤਾਂ ਹੀ ਖ਼ਬਰ ਬਣੇ। ਜਦ ਇਕ ਸਕੂਲ ਦੇ ਸਾਬਕਾ ਪ੍ਰਿੰਸੀਪਲ ਦਾਦੂ (ਅਮਿਤਾਭ ਬੱਚਨ) ਜ਼ਿਲ੍ਹੇ ਦੇ ਕਲੈਕਟਰ ਨੂੰ ਥੱਪੜ ਮਾਰ ਕੇ ਯਾਦ ਕਰਵਾਉਂਦੇ ਹਨ ਕਿ ਉਹ ਜਨਤਾ ਦਾ ਨੌਕਰ ਹੈ ਤਾਂ ਕ੍ਰਾਂਤੀ ਦਾ ਬੀਜ ਪੈਂਦਾ ਹੈ।

ਦਾਦੂ ਕਲੈਕਟਰ ਕੋਲ ਇੰਜੀਨੀਅਰ ਬੇਟੇ ਦੀ ਇਕ ਦੁਰਘਟਨਾ ਵਿਚ ਮੌਤ ਦੇ ਬਦਲੇ ਵਿਚ ਸਰਕਾਰ ਵਲੋਂ ਐਲਾਨੀ 25 ਲੱਖ ਰੁਪਏ ਦੀ ਮੁਆਵਜ਼ੇ ਦੀ ਰਕਮ ਦਾ ਚੈਕ ਲੈਣ ਲਈ ਦੋ ਮਹੀਨੇ ਤਕ ਚੱਕਰ ਕੱਟ ਰਹੀ ਵਿਧਵਾ ਨੂੰਹ (ਅਮ੍ਰਿਤਾ ਰਾਵ) ਦੀ ਬੇਬਸੀ ਤੋਂ ਉਬਲਦੇ ਹਨ। ਇਸ ਚੈਕ ਨਾਲ ਉਹ ਸਕੂਲ ਖੋਲ੍ਹਣਗੇ ਤੇ ਬੇਟੇ ਦਾ ਸੁਪਨਾ ਪੂਰਾ ਕਰਨਗੇ। ਪਰ ਥੱਪੜ ਦੀ ਸਜ਼ਾ ਦੇ ਰੂਪ ਵਿਚ ਉਨ੍ਹਾਂ ਨੂੰ ਮਿਲਦੀ ਹੈ ਜੇਲ੍ਹ। ਇਸ ਮੂਲ ਕਥਾ ਵਿਚ ਦਾਦੂ ਦੇ ਬੇਟੇ ਦਾ ਇੰਡਸਟ੍ਰੀਅਲਿਸਟ ਦੋਸਤ (ਅਜੇ ਦੇਵਗਨ), ਸਥਾਨਕ ਨੌਜਵਾਨ ਨੇਤਾ (ਅਰਜੁਨ ਰਾਮਪਾਲ) ਅਤੇ ਇਕ ਟੀ.ਵੀ. ਪੱਤਰਕਾਰ (ਕਰੀਨਾ ਕਪੂਰ) ਆ ਕੇ ਜੁੜਦੀਆਂ ਹਨ। ਇਹ ਮਿਲ ਕੇ ਦਾਦੂ ਨੂੰ ਜੇਲ੍ਹ ਤੋਂ ਛੁਡਾਉਣ ਲਈ ਜਨਤਾ ਨੂੰ ਅਪੀਲ ਕਰਦੇ ਹਨ। ਇਥੇ ਸਥਾਨਕ ਮੰਤਰੀ (ਮਨੋਜ ਵਾਜਪੇਈ) ਕਾਈਆਂ ਵਿਲੇਨ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ਅਤੇ ਕਹਾਣੀ ਅੱਗੇ ਵੱਧ ਜਾਂਦੀ ਹੈ। ਜਿਸ ਦਾ ਕੋਰਸ ਹੈ.... ਤੰਗ ਆ ਚੁੱਕੇ ਹਾਂ ਇਸ ਸਰਕਾਰ ਤੋਂ।

ਪ੍ਰਕਾਸ਼ ਝਾਅ ਨੂੰ ਕਹਾਣੀ ਨੂੰ ਕਈ ਤਰ੍ਹਾਂ ਨਾਲ ਛੌਂਕਦੇ ਹਨ। ਰਾਜਨੀਤਕ ਟਿੱਪਣੀਆਂ ਨਾਲ। ਗੁਸਾਈ ਜਨਤਾ ਦੇ ਨਾਅਰਿਆਂ ਨਾਲ। ਇੰਜੀਨੀਅਰ ਦੀ ਮੌਤ ਦੀ ਸਾਜ਼ਸ਼ ਨਾਲ। ਸਰਕਾਰੀ ਕੰਮ ਕਾਰ ਦੀ ਢਿੱਲ-ਪੋਲ ਨਾਲ। ਗਾਂਧੀ ਚੌਕ ਦੀ ਪ੍ਰਤੀਕਾਤਮਕਤਾ ਨਾਲ। ਕਬੀਰ ਦੇ ਦੋਹਿਆਂ ਦੇ ਨਾਲ ਨਾਲ ਉਹ ਇਕ ਚੁੰਮਣ ਦਾ ਤੜਕਾ ਵੀ ਦਿੰਦੇ ਹਨ। ਇਮੋਸ਼ਨ-ਐਕਸ਼ਨ ਅਤੇ ਡਰਾਮਾ ਨਾਲ ਉਹ ਪੂਰੇ ਅੰਬੀਕਾਪੁਰ ਨੂੰ ਸਰਾਬੋਰ ਕਰ ਦਿੰਦੇ ਹਨ। ਪਰ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਦਿੱਤੀ ਪ੍ਰਕਾਸ਼ ਝਾ ਤੋਂ ਦੂਰ ਰਹਿ ਜਾਂਦੀ ਹੈ। ਦਰਅਸਲ ਸਤਿਆਗ੍ਰਹਿ ਅੰਨਾ ਹਜ਼ਾਰ ਦੇ ਅੰਦੋਲਨ ਦੇ ਟੀ.ਵੀ. 'ਤੇ ਦਿਖਾਏ ਗਏ ਦ੍ਰਿਸ਼ਾਂ ਅਤੇ ਅੰਦੋਲਨ ਵਿਚ ਪਰਦੇ ਦੇ ਪਿਛੇ ਹੋਈਆਂ ਰਾਜਨੀਤਕ ਘਟਨਾਵਾਂ ਦਾ ਇਕ ਸੋਧਿਆ ਹੋਇਆ ਕੋਲਾਜ਼ ਬਣ ਕੇ ਰਹਿ ਗਈ ਹੈ। ਅਜਿਹਾ ਲਗਦਾ ਹੈ ਕਿ ਨਿਰਦੇਸ਼ਕ ਕੋਈ ਕਹਾਣੀ ਨਹੀਂ ਕਹਿ ਰਿਹਾ, ਬਲਕਿ ਉਸ 'ਤੇ ਸੱਚ ਦਿਖਾਉਣ ਦਾ ਕੋਈ ਦਬਾਅ ਕੰਮ ਕਰ ਰਿਹਾ ਹੈ। ਇਹ ਕੋਈ ਹੋਰ ਨਹੀਂ ਬਾਜ਼ਾਰ ਦਾ ਦਬਾਅ ਹੈ। ਜਿਸ ਵਿਚ ਉਹ ਇਕ ਜਨ ਅੰਦੋਲਨ ਨੂੰ ਛੇਤੀ ਤੋਂ ਛੇਤੀ ਪਰਦੇ 'ਤੇ ਉਤਾਰ ਕੇ ਬਾਕਸ ਆਫ਼ਿਸ 'ਤੇ ਛਾਉਣਾ ਚਾਹੁੰਦੇ ਹਨ। ਜਿਸ ਵਿਚ ਅਮਿਤਾਭ ਹਮੇਸ਼ਾ ਦੀ ਤਰ੍ਹਾਂ ਸ਼ਾਨਦਾਰ ਹਨ। ਮਨੋਜ ਵਾਜਪੇਈ ਆਪਣੇ ਕਿਰਦਾਰ ਵਿਚ ਅਸਰਕਾਰੀ ਹਨ। ਅਜੇ ਦੇਵਗਨ ਅੱਖਾਂ ਨਾਲ ਗੱਲਾਂ ਕਰਦੇ ਹਨ। ਅਰਜੁਨ ਰਾਮਪਾਲ ਦੀ ਭੂਮਿਕਾ ਅਜਿਹੀ ਨਹੀਂ ਕਿ ਉਨ੍ਹਾਂ ਦੇ ਕਰੀਅਰ ਵਿਚ ਕੁਝ ਜੋੜੇ। ਕਰੀਨਾ ਕਪੂਰ ਨੇ ਇਸ ਫ਼ਿਲਮ ਦੇ ਨਾਲ ਆਪਣੇ ਨਾਮ ਵਿਚ ਖਾਨ ਜੋੜ ਲਿਆ ਹੈ। ਯਾਨੀ ਟ੍ਰਿਪਲ ਕੇ। ਬਾਕੀ ਸਭ ਠੀਕ-ਠਾਕ ਹੈ। ਪ੍ਰਸੂਨ ਜੋਸ਼ੀ ਦੇ ਗਾਣੇ ਕਹਾਣੀ ਦੀ ਕੁਝ ਲਾਜ ਬਚਾਉਂਦੇ ਹਨ ਅਤੇ ਉਸ ਦੀਆਂ ਭਾਵਨਾਵਾਂ ਨੂੰ ਸਟੀਕ ਬਿਆਨ ਕਰਦੇ ਹਨ।




Royal
Royal
Executive Homes
Executive Homes
TOWN HOUSES IN WILDWOOD
HURRY ONLY 3 LEFT
Available from 1232 sq ft. to 1589 sq ft. with attached
Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

# SOHAIL QUADRI, MLA

## EDMONTON - MILL WOODS

**Sohail Quadri, MLA for Edmonton - Mill Woods and Naresh Bhardwaj, MLA for Edmonton - Ellerslie invited His Excellency Mian Gul Akbar Zeb, High Commissioner for Pakistan & Mrs. Sobia Khan Member of Provincial Assembly of Kyber Paktunkhwa to the Legislative Assembly of Alberta. They discussed the relations between Alberta and Pakistan & the possibilities of improvements in the Education, Health & Energy sectors in Pakistan.**
**The dignitaries also interacted with the members of the community.**






Committees and Councils the MLA is a member of:

- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca

BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718